ਕੈਨੇਡਾ ਦਰਪਣ

ਜਨਵਰੀ 10, 1986

January 10, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Weekending January 10, 1986 Vol. 5 No. 01 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

ਭਾਰਤ ਦੇਸਮ ਨਵੀਂ ਪਾਰਟੀ ਬਣੇਗੀ

ਵਿਜੈਵਾੜਾ — ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਅਤੇ ਤੈਲਗੂ ਦੇਸਮ ਦੇ ਆਗੂ ਸ੍ਰੀ ਰਾਮਾ ਰਾਓ ਨੇ ਦੱਸਿਆ ਹੈ ਕਿ ਉਹ ਭਾਰਤ ਦੇਸਮ ਨਾਂ ਦੀ ਨਵੀਂ ਪਾਰਟੀ ਬਣਾਉਣਾ ਚਾਹੁੰਦੇ ਹਨ ! ਉਨ੍ਹਾਂ ਇਸ ਸਬੰਧ ਵਿਚ ਇਕ ਮੀਟਿੰਗ ਕਰਨ ਲਈ ਯੋਜਨਾ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪੰਜਾਬ ਦੇ ਅਕਾਲੀ ਦਲ, ਜੰਮੂ-ਕਸ਼ਮੀਰ ਦੇ ਨੈਸ਼ਨਲ ਕਾਨਫਰੰਸ ਆਸਾਮ ਰਾਣਾ ਪ੍ਰੀਸ਼ਦ, ਤਾਮਲਨਾਡੂ, ਕਰਨਾਟਕ ਦੇ ਜਨਤਾ ਪਾਰਟੀ ਦੇ ਲੀਡਰਾਂ ਨੂੰ ਉਸ ਵਿਚ ਸ਼ਾਂਮਲ ਹੋਣ ਦਾ ਸੱਦਾ ਦਿਤਾ ਹੈ।

ਕਿਹਾ ਜਾਂਦਾ ਹੈ ਕਿ ਨਵੀਂ ਪਾਰਟੀ ਰਾਜਾਂ ਨੂੰ ਵਧੇਰੇ ਖੁਦਮੁਖਤਾਰੀ ਉਪਰ ਜ਼ੋਰ ਦੇਵੇਗੀ। ਉਨ੍ਹਾਂ ਦੇ ਵਿਚਾਰ ਵਿਚ ਦੇਸ਼ ਦਾ ਭਵਿਖ ਏਸੇ ਵਿਚ ਹੀ ਉਜਲਾ ਹੋਵੇਗਾ।

ਸਮਝੌਤਾ ਲਾਗੂ ਹੋਵੇਗਾ — ਅਰਜਨ ਸਿੰਘ

ਨਵੀਂ ਦਿੱਲੀ — ਕੇਂਦਰੀ ਵਣਜ ਮੰਤਰੀ ਅਰਜਨ ਸਿੰਘ ਨੇ ਕਿਹਾ ਕਿ ਪੰਜਾਬ ਸਮਝੌਤਾ ਖਟਾਈ ਵਿਚ ਨਹੀਂ ਪਿਆ। ਉਨ੍ਹਾਂ ਸਪਸ਼ਟ ਕੀਤਾ ਕਿ ਇਸ ਸਬੰਧੀ ਉਡਾਈਆਂ ਜਾ ਰਹੀਆਂ ਅਫਵਾਹਾਂ ਬਿਲਕੁਲ ਨਿਰਮੂਲ ਹਨ। ਇਸ ਨਾਮਾਨਿਗਾਰ ਨਾਲ ਇਕ ਗੈਰ-ਰਸਮੀ ਗੱਲਬਾਤ ਦੌਰਾਨ ਸ੍ਰੀ ਅਰਜਨ ਸਿੰਘ ਨੇ ਕਿਹਾ ਕਿ ਗੱਲ ਇਸ ਹੱਦ ਤੱਕ ਨਹੀਂ ਵਿਗੜੀ ਕਿ ਪੰਜਾਬ ਸਮਝੌਤੇ ਅਨੁਸਾਰ ਚੰਡੀਗੜ੍ਹ ਦੇ ਪੰਜਾਬ ਨਾਲ ਰਲੇਵੇਂ ਅਤੇ ਇਸ ਬਦਲੇ ਪੰਜਾਬ ਦੇ ਕੁਝ ਖੇਤਰਾਂ ਦੇ ਹਰਿਆਣਾ ਨੂੰ ਤਬਾਦਲੇ ਦੀ ਤਾਰੀਖ 26 ਜਨਵਰੀ 1986 ਅੱਗੇ ਪਾਉਣੀ ਪਵੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ "ਮੇਰੇ ਖਿਆਲ ਅਨੁਸਾਰ ਸਮਝੌਤੇ ਨੂੰ ਨਿਰਧਾਰਤ ਅਰਸੇ ਵਿਚ ਲਾਗੂ ਕਰਨ ਵਾਸਤੇ ਅਜੇ ਕਾਫੀ ਸਮਾਂ ਪਿਆ ਹੈ।" ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਸਮਝੌਤੇ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਨੇ ਹਰਿਆਣਾ ਤੇ ਪੰਜਾਬ ਦੇ ਨੇਤਾਵਾਂ ਨਾਲ ਰਾਬਤਾ ਬਣਾਇਆ ਹੋਇਆ ਹੈ।

ਸ੍ਰੀ ਅਰਜਨ ਸਿੰਘ ਜੋ ਕਿ ਪੰਜਾਬ ਦੇ ਰਾਜਪਾਲ ਵਜੋਂ ਪੰਜਾਬ ਸਮਝੌਤੇ ਦੇ ਉਸਰਈਏ ਰਹੇ, ਨੇ ਭਰੋਸਾ ਦਿਤਾ ਕਿ ਉਹ ਲੋਕਾਂ ਦੀ ਸੇਵਾ ਕਰਦੇ ਰਹਿਣਗੇ। ਉਨ੍ਹਾਂ ਕਿਹਾ, "ਮੈਂ ਆਪਣੇ ਵਲੋਂ ਕੀਤੇ ਵਾਅਦਿਆਂ ਨੂੰ ਭੁੱਲਣ ਵਾਲਾ ਨਹੀਂ। ਇਹ ਕੁਝ ਮੈਂ ਯਕੀਨ ਨਾਲ ਕਹਿ ਸਕਦਾ ਹਾਂ।" ਦੱਖਣੀ ਦਿੱਲੀ ਲੋਕ ਸਭਾ ਹਲਕੇ ਤੋਂ ਆਪਣੀ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸ੍ਰੀ ਰਾਜੀਵ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਦੀ ਜਿੱਤ ਹੈ।

ਫੈਡਰੇਸ਼ਨ ਬਾਬਾ ਤੋਂ ਬਾਗੀ

ਅੰਮ੍ਰਿਤਸਰ — ਯੂਨਾਈਟਡ ਅਕਾਲੀ ਦਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਿਚ ਪਿਛਲੇ ਕੁਝ ਅਰਸੇ ਤੋਂ ਅੰਦਰਖਾਤੇ ਚਲੇ ਆ ਰਹੇ ਤਿੱਖੇ ਮਤਭੇਦ ਉਸ ਸਮੇਂ ਉਭਰ ਕੇ ਸਾਹਮਣੇ ਆ ਗਏ ਜਦੋਂ ਫੈਡਰੇਸ਼ਨ ਨੇ ਬਾਬਾ ਜੋਗਿੰਦਰ ਸਿੰਘ ਉਤੇ ਦੋਸ਼ ਲਾਇਆ ਕਿ ਉਹ ਪੰਥਕ ਸੰਕਟ ਦੇ ਹੱਲ ਲਈ ਢੁਕਵੀਂ ਲੀਡਰਸ਼ਿਪ ਦੇਣ ਵਿਚ ਅਸਫਲ ਰਹੇ ਹਨ। ਫੈਡਰੇਸ਼ਨ ਨੇ ਬਾਬਾ ਜੋਗਿੰਦਰ ਸਿੰਘ ਉਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਸਿੱਖ ਯੁਵਕਾਂ ਦੀ ਰਿਹਾਈ, ਸਿਖ ਫੌਜੀਆਂ ਦੇ ਮੁੜ ਵਸੇਬੇ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਲਈ ਨਿੱਗਰ ਕਦਮ ਨਹੀਂ ਚੁੱਕੇ।

ਬਾਬਾ ਜੋਗਿੰਦਰ ਸਿੰਘ ਦੀ ਆਲੋਚਨਾ ਬਾਰੇ ਲਿਖਤੀ ਬਿਆਨ ਫੈਡਰੇਸ਼ਨ ਦੇ ਦਫਤਰ ਸਕੱਤਰ ਸ. ਸੰਧੂ ਵਲੋਂ ਜਾਰੀ ਕੀਤਾ ਗਿਆ

ਭਜਨ ਲਾਲ ਦੇ ਬਿਆਨਾਂ ਦੀ ਕੋਈ ਅਹਿਮੀਅਤ ਨਹੀਂ — ਬਰਨਾਲਾ

ਚੰਡੀਗੜ੍ਹ — ਪੰਜਾਬ ਸਰਕਾਰ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਦੇ ਇਸ ਬਿਆਨ ਨੂੰ ਕੋਈ ਖਾਸ ਅਹਿਮੀਅਤ ਨਹੀਂ ਦਿੰਦੀ ਕਿ ਜਿੰਨੀਂ ਦੇਰ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਲਈ ਢੁਕਵੇਂ ਕਦਮ ਨਹੀਂ ਚੁੱਕੇ ਜਾਂਦੇ ਹਰਿਆਣਾ ਪੰਜਾਬ ਸਮਝੌਤੇ ਅਧੀਨ ਕੋਈ ਵੀ ਫੈਸਲਾ ਪ੍ਰਵਾਨ ਨਹੀਂ ਕਰੇਗਾ। ਪੰਜਾਬ ਦੇ ਮੁਖ ਮੰਤਰੀ ਸ. ਬਰਨਾਲਾ ਨੇ ਇਥੇ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤਾ ਹਰਿਆਣਾ ਦੇ ਮੁਖ ਮੰਤਰੀ ਨੇ ਨਹੀਂ ਸਗੋਂ ਪ੍ਰਧਾਨ ਮੰਤਰੀ ਨੇ ਲਾਗੂ ਕਰਨਾ ਹੈ। ਇਹ ਪ੍ਰਧਾਨ ਮੰਤਰੀ ਨੇ ਵੇਖਣਾ ਹੈ ਕਿ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਪਹਿਲਾਂ ਮੁਕੰਮਲ ਕੀਤੀ ਜਾਣੀ ਹੈ ਜਾਂ ਚੰਡੀਗੜ੍ਹ ਪਹਿਲਾਂ ਪੰਜਾਬ ਦੇ ਹਵਾਲੇ ਕਰਨਾ ਹੈ। ਉਨ੍ਹਾਂ ਕਿਹਾ ਕਿ ਸਮਝੌਤੇ ਵਿਚ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਤੇ ਲਿੰਕ ਨਹਿਰ ਦੀ ਉਸਾਰੀ ਨੂੰ ਇਕ ਦੂਜੇ ਨਾਲ ਨਹੀਂ ਜੋੜਿਆ ਗਿਆ ਸਗੋਂ ਸਮਝੌਤੇ ਵਿਚ ਇਹ ਸਪਸ਼ਟ ਕੀਤਾ ਗਿਆ ਕਿ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਨੂੰ ਦੇ ਦਿਤਾ ਜਾਵੇਗਾ ਤੇ ਲਿੰਕ ਨਹਿਰ ਦੀ ਉਸਾਰੀ 15 ਅਗਸਤ 1986 ਤਕ ਮੁਕੰਮਲ ਕੀਤੀ ਜਾਵੇਗੀ।

ਮੁਖ ਮੰਤਰੀ ਨੇ ਖੇਦ ਪ੍ਰਗਟ ਕੀਤਾ ਕਿ ਇਸ ਵੇਲੇ ਜਦੋਂ ਮੈਥਿਊ ਕਮਿਸ਼ਨ ਦੀ ਕਾਰਵਾਈ ਚਲ ਰਹੀ ਹੈ ਤੇ ਕੇਂਦਰ ਸਰਕਾਰ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰਨ ਲਈ ਗੰਭੀਰਤਾ ਨਾਲ ਵਿਚਾਰ ਰਹੀ ਹੈ ਹਰਿਆਣਾ ਦਾ ਮੁਖ ਮੰਤਰੀ ਅਜਿਹੇ ਗੁੰਮਰਾਹਕੁਨ ਬਿਆਨ ਦੇ ਰਿਹਾ ਹੈ। ਸ. ਬਰਨਾਲਾ ਨੇ ਅਗੋਂ ਕਿਹਾ ਕਿ ਸ੍ਰੀ ਭਜਨ ਲਾਲ ਆਪਣੀਆਂ ਰਾਜਸੀ ਮਜ਼ਬੂਰੀਆਂ ਵਸ ਆਪਣੇ ਹੀ ਰਾਜ ਦੇ ਲੋਕਾਂ ਨੂੰ "ਭੁਲੇਖੇ" ਵਿਚ ਰਖ ਰਹੇ ਹਨ। ਇਸ ਦੇ ਨਾਲ ਹੀ ਉਹ ਸਮਝੌਤੇ ਦਾ ਵਿਰੋਧ ਕਰਨ ਵਾਲੀਆਂ ਸ਼ਕਤੀਆਂ ਨੂੰ ਸ਼ਹਿ ਦੇ ਰਹੇ ਹਨ। ਮੁਖ ਮੰਤਰੀ ਨੇ ਸਪਸ਼ਟ ਕੀਤਾ ਕਿ ਪੰਜਾਬ ਸਰਕਾਰ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਸਮੇਂ ਸਿਰ ਮੁਕੰਮਲ ਕਰਨ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ ਤੇ ਇਹ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਸਹੀ ਭਾਵਨਾ ਨਾਲ ਲਾਗੂ ਕਰਨ ਲਈ ਵਚਨਬਧ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਕੇਂਦਰ ਇਸ ਸਮਝੌਤੇ ਨੂੰ ਸਹੀ ਮਾਅਨਿਆਂ ਵਿਚ ਲਾਗੂ ਕਰਨ ਲਈ ਓਨੀ ਹੀ ਸੁਹਿਰਦਤਾ ਦਿਖਾਏ ਜਿੰਨੀ ਸੁਹਿਰਦਤਾ ਨਾਲ ਦੋਵਾਂ ਧਿਰਾਂ ਨੇ ਇਸ ਉਤੇ ਦਸਤਖਤ ਕੀਤੇ ਸਨ।

ਜ਼ਿਆ ਵਲੋਂ ਮਾਰਸ਼ਲ ਲਾਅ ਦਾ ਖਾਤਮਾ

ਰਾਸ਼ਟਰਪਤੀ ਜ਼ਿਆ-ਉਲ-ਹੱਕ ਨੇ ਸਾਢੇ ਅੱਠ ਸਾਲਾਂ ਦਾ ਮਾਰਸ਼ਲ ਲਾਅ ਖਤਮ ਕਰ ਦਿਤਾ ਹੈ। ਭਾਵੇਂ ਉਸਨੇ ਬਣਨ ਵਾਲੀ ਸਰਕਾਰੀ ਤੋਂ ਵੱਧ ਆਪਣੇ ਹੱਥ ਵਿਚ ਪ੍ਰਧਾਨਗੀ ਅਧਿਕਾਰੀ ਕਾਇਮ ਰੱਖੇ ਹਨ। ਜ਼ਿਆ ਨੇ ਆਪਣੇ ਟੀ. ਵੀ. ਤੇ ਦਿਤੇ ਭਾਸ਼ਨ ਨਾਲ ਪਾਰਲੀਮੈਂਟ ਦੇ ਸਾਂਝੇ ਸੈਸ਼ਨ ਅ ਸਮੇਂ ਪਾਕਿਸਤਾਨ ਦੇ ਵਿਧਾਨ ਨੂੰ ਮੁੜ ਬਹਾਲ ਕਰਨ ਦਾ ਐਲਾਨ ਕੀਤਾ ਹੈ। ਜ਼ਿਆ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਇਸਲਾਮ ਦੇ ਅਧੀਨ ਸ਼ੌਤੀ ਦੇ ਮਾਹੌਲ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ 5 ਜੁਲਾਈ 1977 ਨੂੰ ਮਿਲਟਰੀ ਨੇ ਮੁਲਕ ਨੂੰ ਅੰਦਰੂਨੀ ਗੜਬੜ ਤੋਂ ਬਚਾ ਲਿਆ ਸੀ। ਭੁਟੋ ਨੂੰ ਉਲਟਾਉਣ ਤੇ ਫਾਂਸੀ ਦੇਣ ਤੋਂ ਬਾਅਦ ਪਾਕਿਸਤਾਨ ਵਿਚ ਫਿਰ ਲੋਕ ਪਾਰਲੀਮੈਂਟਰੀ ਸਰਕਾਰ ਬਣੇਗੀ।

ਗਿਆਰਾਂ ਵਿਰੋਧੀ ਪਾਰਟੀਆਂ ਦੇ ਜਮਹੂਰੀ ਫਰੰਟ ਨੇ ਕੌਮੀ ਚੋਣਾਂ ਦੀ ਮੰਗ ਕੀਤੀ ਹੈ। ਜ਼ਿਆ ਅਤੇ ਉਸਦੇ ਪ੍ਰਧਾਨ ਮੰਤਰੀ ਨੇ ਇਹ ਮੰਗ ਠੁਕਰਾ ਦਿਤੀ ਹੈ। ਇਨ੍ਹਾਂ ਸਭ ਵਿਰੋਧੀ ਪਾਰਟੀਆਂ ਨੇ ਫਰਵਰੀ ਦੀਆਂ ਚੋਣਾਂ ਦਾ ਕਾਈਕਾਟ ਕੀਤਾ ਸੀ ਅਤੇ ਜ਼ਿਆ ਦੀ ਪਾਰਲੀਮੈਂਟ ਅਤੇ ਜੁਨੇਜੋ ਨੂੰ ਪ੍ਰਧਾਨਮੰਤਰੀ ਮੰਨਣ ਤੋਂ ਇਲਕਾਰ ਕਰ ਦਿਤਾ ਸੀ। ਵਿਰੋਧੀ ਪਾਰਟੀਆਂ ਨੇ ਪਾਬੰਦੀ ਦੇ ਬਾਵਜੂਦ ਆਪਣਾ ਕੰਮ ਕਾਰ ਚਾਲੂ ਰੱਖਿਆ। ਪਾਕਿਸਤਾਨ ਬਨਣ ਤੋਂ ਬਾਅਦ ਤੀਜੇ ਦੌਰ ਵਿਚ ਜ਼ਿਆ ਸਰਕਾਰ ਦਾ ਮਾਰਸ਼ਲ ਲਾਅ ਆਉਂਦਾ ਹੈ। ਮਿਲਟਰੀ ਨੇ 1958 ਅਤੇ 1969 ਵਿਚ ਪੂਰੀ ਤਾਕਤ ਪ੍ਰਾਪਤ ਕਰਕੇ ਮਾਰਸ਼ਲ ਲਾਅ ਪਹਿਲਾਂ ਵੀ ਲਾਇਆ ਸੀ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ 5 ਜਨਵਰੀ ਨੂੰ ਭੁੱਟੋ ਦੇ ਜਨਮ ਦਿਨ ਉਤੇ ਸੰਭਵ ਮੁਜਾਹਰਿਆਂ ਬਾਰੇ ਸਰਕਾਰ ਫਿਕਰਮੰਦ ਹੈ। ਅਖਬਾਰਾਂ ਦੀ ਮੱਤ ਸੀ ਕਿ ਜ਼ਿਆ ਮਾਰਸ਼ਲ ਲਾਅ ਖਤਮ ਕਰਨ ਤੋਂ ਬਾਅਦ ਐਮਰਜੈਂਸੀ ਦਾ ਐਲਾਨ ਕਰ ਦੇਵੇਗਾ। ਪਰ ਅਜਿਹੀ ਕੋਈ ਗੱਲ ਜਾਂ ਐਲਾਨ ਨਹੀਂ ਹੋਇਆ।

ਅਤਿਵਾਦ ਦੀਆਂ ਸ਼ਿਕਾਰ ਔਰਤਾਂ ਨੂੰ ਸਹਾਇਤਾ

ਅੰਮ੍ਰਿਤਸਰ — ਸਾਬਕਾ ਕਮਿਊਨਿਸਟ ਵਿਧਾਇਕ ਕਾਮਰੇਡ ਸਤਪਾਲ ਡਾਂਗ ਨੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਤੋਂ ਮੰਗ ਕੀਤੀ ਹੈ ਕਿ ਫਸਾਦਾਂ ਦੇ ਸ਼ਿਕਾਰ ਹੋਈਆਂ ਵਿਧਵਾਵਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਰਕਾਰੀ ਸਕੀਮ ਵਿਚ ਉਨ੍ਹਾਂ ਔਰਤਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਜਿਹੜੀਆਂ ਪਿਛਲੇ ਚਾਰ ਸਾਲਾਂ ਦੌਰਾਨ ਹੋਈਆਂ ਹਿੰਸਕ ਘਟਨਾਵਾਂ ਦੌਰਾਨ ਵਿਧਵਾ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿਰਫ ਉਨ੍ਹਾਂ ਨੂੰ ਹੀ 250 ਰੁਪਏ ਮਹੀਨੇ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਜਿਹੜੀਆਂ ਸ੍ਰੀਮਤੀ ਗਾਂਧੀ ਦੀ ਹੱਤਿਆ ਮਗਰੋਂ ਹੋਏ ਦੰਗਿਆਂ ਦੌਰਾਨ ਵਿਧਵਾ ਹੋਈਆਂ ਸਨ।

ਭਾਰਤ ਜਾਣ ਵਾਲੇ ਮੁਸਾਫਰ ਸੋਚਦੇ ਹਨ:

ਵੈਨਕੂਵਰ — ਕੈਨੇਡਾ ਦਰਪਣ ਦੇ ਪ੍ਰਤੀਨਿਧ ਨੇ ਵੈਨਕੂਵਰ ਏਅਰ ਪੋਰਟ ਉਪਰ ਜਾ ਕੇ ਵੇਖਿਆ ਕਿ ਪਿਛਲੇ ਦਿਨਾਂ ਦਿਨਾਂ ਵਿਚ ਧੁੰਦ ਕਾਰਨ ਕਈ ਫਲਾਈਟਾਂ ਕੈਂਸਲ ਹੋਈਆਂ, ਜਿਨ੍ਹਾਂ ਦੇ ਮੁ ਮੁਸਾਫਰਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਇਕ ਮੁਸ਼ਕਲ ਪੈਸਿਫਿਕ ਵੈਸਟਰਨ ਦੇ ਹੜਤਾਲੀ ਮੁਲਾਜ਼ਮਾਂ ਦੀ ਹੜਤਾਲ ਕਾਰਨ ਹੋ ਰਹੀ ਹੈ। ਹੜਤਾਲੀ ਪਿਕਟ ਵਾਲੇ ਪੀ. ਡਬਲਯੂ. ਏ. ਦੇ ਮ ਮੁਲਾਜ਼ਮਾਂ ਦੱਸਿਆ ਕਿ ਜਹਾਜ਼ ਵਿਚ ਸਫਰ ਕਰਨ ਖਤਰੇ ਤੋਂ ਖਾਲੀ ਨਹੀਂ ਹੈ।

ਕਈ ਮੁਸਾਫਰਾਂ ਆਪਣੀਆਂ ਟਿਕਟਾਂ ਬਦ ਬਦਲਵਾ ਲਈਆਂ ਹਨ ਤੇ ਯੂਨਾਈਟਿਡ ਏਅਰ ਤੇ ਵਰਕਾ ਲਈਆਂ ਹਨ ਕਿਉਂਕਿ ਉਹ ਪਿਕਟ ਦੀ ਉਲੰਘਣਾ ਨਹੀਂ ਕਰਨੀ ਚਾਹੁੰਦੇ ਸਨ।

ਕਿਹਾ ਜਾਂਦਾ ਹੈ ਕਿ ਪਹਿਲਾਂ ਹੀ ਏਅਰ ਇੰਡੀਆ ਦੇ ਹਾਦਸੇ ਕਾਰਨ ਸੈਂਕੜੇ ਪਰਵਾਰਾਂ ਉਤੇ ਆਫਤ ਆਣ ਡਿਗੀ, ਸੋ ਖਤਰੇ ਵਾਲੀ ਫਲਾਈਟ ਨਹੀਂ ਫੜਨੀ ਚਾਹੀਦੀ। ਕਈ ਰੱਬ ਦੇ ਹੱਥ ਡੋਰੀ ਦੀਆਂ ਗੱਲਾਂ ਕਰਦੇ ਹਨ।

ਪਾਕਿਸਤਾਨ ਦਾ ਕਾਮਨਵੈਲਥ ’ਚ ਮੁੜ ਦਾਖਲੇ ਦਾ ਸਵਾਗਤ

ਇਸਲਾਮਾਬਾਦ — ਰਾਸ਼ਟਰਪਤੀ ਜ਼ਿਆ ਉਲ-ਹੱਕ ਨੇ 1987 ’ਚ ਵੈਨਕੂਵਰ ਵਿਚ ਕਾਮਨਵੈਲਥ ਦੇਸ਼ਾਂ ਦੇ ਇਕੱਠ ਵਿਚ ਪਾਕਿਸਤਾਨ ਦੇ ਦੁਬਾਰਾ ਸ਼ਾਮਲ ਹੋਣ ਲਈ ਕਨੇਡੀਅਨ ਸਰਕਾਰ ਦੇ ਉਦਾਮਾਂ ਦੀ ਸ਼ਲਾਘਾ ਕੀਤੀ ਹੈ। ਵਿਦੇਸ਼ ਮੰਤਰੀ ਜੋਅ ਕਲਾਰਕ ਨੇ ਅੱਠ ਦਿਲਾਂ ਏਸ਼ਿਆਈ ਦੌਰੇ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਅਤੇ ਪਾਕਿਸਤਾਨੀ ਨੇਤਾ ਨਾਲ ਮਸਲੇ ਤੇ ਵਿਚਾਰ ਕੀਤੀ। ਪਾਕਿਸਤਾਨ ਨੇ 1972 ਵਿਚ ਬੰਗਲਾ ਦੇਸ਼ ਦੇ ਸ਼ਾਮਲ ਹੋਣ ਤੋਂ ਬਾਅਦ ਕਾਮਨਵੈਲਰਥ ਛੱਡ ਦਿਤੀ ਸੀ। ਭਾਰਤ ਨੇ ਪਾਕਿ ਦੇ ਦੁਬਾਰਾ ਸ਼ਾਮਲ ਹੋਣ ਬਾਰੇ ਹਮੇਸ਼ਾਂ ਦਿਲਚਸਪੀ ਦਿਖਾਈ ਸੀ।

ਜ਼ੀਆ ਨੇ 1977 ਵਿਚ ਭੁਟੋ ਨੂੰ ਮਿਲਟਰੀ ਰਾਜ ਪਲਟੇ ਵਿਚ ਲਾਹੁਣ ਤੇ ਬਾਅਦ ਵਿਚ ਫਾਂਸੀ ਲਾਉਣ ਸਮੇਂ ਤੋਂ ਲੈ ਕੇ ਹੀ, ਬ੍ਰਿਟਿਸ਼ ਅਧੀਨ ਬਸਤੀਆਂ ਦੀ ਜਥੇਬੰਦੀ ਵਿਚ ਮੁੜ ਸ਼ਾਮਲ ਹੋਣ ਦੀ ਭਾਵਨਾ ਦਾ ਲਗਾਤਾਰ ਪ੍ਰਗਟਾਅ ਕੀਤਾ ਸੀ। ਸਨਿਚਰਵਾਰ ਨੂੰ ਜ਼ਿਆ ਨਾਲ ਖਾਣੇ ਸਮੇਂ ਤੋਂ ਪਹਿਲਾਂ ਪੱਤਰਕਾਰਾਂ ਦੀ ਕਾਨਫਰੰਸ ਨੂੰ ਦੱਸਿਆ ਕਿ ਕਨੇਡਾ ਅਧਿਕਾਰੀ ਪਾਕਿਸਤਾਨ ਦੇ ਮੁੜ ਦਾਖਲੇ ਦਾ ਸੁਆਗਤ ਕਰਨਗੇ ਅਤੇ ਅੰਦਰੋਗਤੀ ਇਸ ਬਾਰੇ ਹਰ ਸੰਭਵ ਕੋਸ਼ਿਸ਼ ਕਰਨਗੇ। ਕੈਨੇਡਾ ਸਰਕਾਰ ਦੇ ਉਚ ਪੱਧਰੀ ਬੁਲਾਰੇ ਨੇ ਕਿਹਾ ਜੋਅ ਕਲਾਰਕ ਦੀਆਂ ਕੋਸ਼ਿਸ਼ਾਂ ਨੂੰ ਜ਼ਿਆ ਨੇ ਤਾਈਦ ਕੀਤਾ ਹੈ।

ਸੰਘਣੀ ਧੁੰਦ ਕਾਰਨ ਆਵਾਜਾਈ ’ਚ ਵਿਘਨ

ਧੁੰਦ ਕੈਨੇਡਾ — ਧੁੰਦ ਪੰਜਾਬੇ

ਵੈਨਕੂਵਰ — ਜਿਵੇਂ ਕਿ ਏਥੇ ਵੈਨਕੂਵਰ ਏਰੀਏ ਵਿਚ ਅਤੇ ਧੁਰ ਦੱਖਣ ਵਿਚ ਕੈਲੇਫੋਰਨੀਆ ਤੱਕ ਲੋਕ ਧੁੰਦ ਵਿਚ ਫਸੇ ਹੋਏ ਹਨ ਫਲਾਈਟਾਂ ਕੈਂਸਲ ਹੋ ਰਹੀਆਂ ਹਨ। ਓਧਰ ਭਾਰਤ ਵਿਚ ਵੀ ਧੁੰਦ ਪੈ ਰਹੀ ਹੈ। ਕੈਨੇਡਾ ਤੋਂ ਭਾਰਤ ਜਾਣ ਵਾਲੇ ਕੁਦਰਤ ਦੀ ਇਸ ਖੇਡ ਨੂੰ ਦੇਖ ਕੇ ਹੈਰਾਨ ਹੋ ਰਹੇ ਹਨ।

ਚੰਡੀਗੜ੍ਹ — ਹਿਮਾਚਲ ਪ੍ਰਦੇਸ਼ ਦੇ ਉਚੇ ਖੇਤਰਾਂ ਵਿਚ ਕਾਫੀ ਬਰਫਬਾਰੀ ਹੋਈ ਜਦ ਕਿ ਪੰਜਾਬ ਤੇ ਹਰਿਆਣਾ ਦੇ ਬਹੁਤੇ ਭਾਗਾਂ ਵਿਚ ਸੰਘਣੀ ਧੁੰਦ ਪਈ। ਨਤੀਜੇ ਵਜੋਂ ਸਵੇਰ ਸਮੇਂ ਸੜਕ ’ਤੇ ਰੇਲ ਆਵਾਜਾਈ ’ਚ ਵਿਘਨ ਪਿਆ।

ਅੰਮ੍ਰਿਤਸਰ — ਇਥੋਂ ਸੱਤ ਕਿਲੋਮੀਟਰ ਦੂਰ ਜੀ. ਟੀ. ਰੋਡ ਉਪਰ ਦਬੁਰਜੀ ਨੇੜੇ ਧੁੰਦ ਕਾਰਨ ਦੋ ਬੱਸਾਂ ਦੀ ਟੱਕਰ ਹੋਣੋਂ ਮਸੀਂ ਬਚੀ। ਇਕ ਮੁਸਾਫਰ ਵੀ ਜ਼ਖਮੀ ਹੋਇਆ। ਉਸ ਸਮੇਂ ਏਨੀ ਗਾੜ੍ਹੀ ਧੁੰਦ ਸੀ ਕਿ ਸੜਕ ਉਪਰਥ ਕੁਝ ਹੀ ਮੀਟਰ ਦੂਰੀ ਤੱਕ ਦਿਖਾਈ ਦਿੰਦਾ ਸੀ।

ਜੰਮੂ — ਧੁੰਦ ਕਾਰਨ ਦਿੱਲੀ ਤੋਂ ਸ੍ਰੀ ਨਗਰ (ਵਾਇਆ ਚੰਡੀਗੜ੍ਹ ਤੇ ਜੰਮੂ) ਨੂੰ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਉਡਾਣ ਨਾ ਭਰ ਸਕਿਆ। ਤੇ ਨਤੀਜੇ ਵਜੋਂ ਅਖਬਾਰ ਨਾ ਪੁੱਜ ਸਕੀ।

ਅਫਗਾਨਾਂ ਵਲੋਂ ਮੁਲਕ ਉਪਰ ਹਮਲੇ ਦੀ ਬਰਸੀ

ਟਰਾਂਟੋ — ਪਿਛਲੇ ਸ਼ੁਕਰਵਾਰ ਨੂੰ 100 ਅਫਗਾਨ ਰਿਫਿਊਜ਼ੀਆਂ ਨੇ ਆਪਣੇ ਮੁਲਕ ਵਿਚ ਸੋਵੀਅਤ ਦਖਲ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਸੋਵੀਅਤ ਝੰਡਾ ਸਾੜ ਦਿਤਾ। ਉਨ੍ਹਾਂ ਨੇ ਕੈਨੇਡਾ ਤੋਂ ਰਿਫਿਊਜ਼ੀਆਂ ਪ੍ਰਤੀ ਨਰਮ ਦਿਲ ਰਵੱਈਆ ਧਾਰਨ ਦੀ ਮੰਗ ਕੀਤੀ। ਸੋਵੀਅਤ ਹਮਲੇ ਦੀ ਛੇਵੇਂ ਵਰ੍ਹੇ ਦੇ ਮੌਕੇ ਤੇ ਅਫਗਾਨਾਂ ਦੇ ਹਿਮਾਇਤੀਆਂ ਨੇ ਠੰਢੀਆਂ ਹਵਾਵਾਂ ਤੇ ਬਰਫ ਤੇ ਬਾਵਜੂਦ ਸੋਵੀਅਤ ਹਮਲੇ ਅਤੇ ਕਨੇਡੀਆਂ ਇਮੀਗਰੇਸ਼ਨ ਨੀਤੀਆਂ ਵਿਰੁਧ ਰੋਸ ਪ੍ਰਗਟ ਲਈ ਵਿਖਾਵੇ ਕੀਤੇ।

ਵੈਨਕੂਵਰ ਵਿਚ ਵੀ ਰਿਫਿਊਜ਼ੀ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਰੋਬਨਸਨ-ਸੁਕੇਅਰ ਉਤੇ ਰੋਗ ਵਜੋਂ ਸੋਵੀਅਤ ਝੰਡਾ ਸਾੜ ਦਿਤਾ ਗਿਆ। ਓਨਟੇਰੀਓ ਦੀ ਅਫਗਾਨ ਐਸੋਸੀਏਸ਼ਨ ਦੇ ਪ੍ਰਧਾਨ ਨਾਜਿਬ ਤਹਿਰੀ ਨੇ ਕਿਹਾ ਕਿ ਕੈਨੇਡਾ ਦੇ ਲੋਕਾਂ ਨੂੰ ਅਫਗਾਨਿਸਤਾਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਬਹੁਤਾ ਨਹੀਂ ਪਤਾ ਲਗਦਾ ਜਦੋਂ ਕਿ ਜੰਗ ਵਿਚ ਲੱਖਾਂ ਹੀ ਮੌਤਾਂ ਹੋ ਚੁੱਕੀਆਂ ਹਨ ਅਤੇ ਲੱਖਾਂ ਲੋਕ ਬੇਘਰ ਹੋ ਗਏ ਹਨ। ਉਨ੍ਹਾਂ ਨੇ ਕਿਹਾ ਕਿ ਰੂਸੀਆਂ ਨੇ ਹਿੰਸਾ ਦੇ ਇਲਾਕਿਆਂ ’ਚ ਪੱਤਰਕਾਰਾਂ ਉਪਰ ਪਾਬੰਦੀ ਲਾ ਕੇ ਉਥੇ ਦੀਆਂ ਘਟਨਾਵਾਂ ਨੂੰ ਦੁਨੀਆਂ ਤੋਂ ਲਕਾਉਣ ’ਚ ਸਫਲਤਾ ਹਾਸਲ ਕਰ ਲਈ ਹੈ। ਪਰ ਅਟਵਾ ਵਿਚ ਰੂਸੀ ਬੁਲਾਰੇ ਨੇ ਕਿਹਾ ਅਫਗਾਨਿਸਤਾਨ ਵਿਚ ਸੋਵੀਅਤ ਫੌਜਾਂ ਨੂੰ ਸੱਦਿਆ ਗਿਆ ਸੀ ਅਤੇ ਵਿਦੇਸ਼ੀ ਤਾਕਤਾਂ ਦੇ ਨਿਕਲ ਜਾਣ ਤਕ ਉਥੋਂ ਵਾਪਸੀ ਨਹੀਂ ਕੀਤੀ ਜਾਵੇਗੀ।

ਅਫਗਾਨਿਸਤਾਨ ਵਿਚ ਇਸ ਵੇਲੇ 80,000 ਫੌਜੀ ਹਨ। ਫੈਡਰਲ ਇਮੀਗਰੇਸ਼ਨ ਮਹਿਕਮੇ ਦੀਆਂ ਲਿਸਟਾਂ ਵਿਚ ਹੁਣ ਤੱਕ 250 ਰਿਫਿਊਜ਼ੀਆਂ ਨੂੰ ਪ੍ਰਵਾਨ ਕੀਤਾ ਗਿਆ ਹੈ ਜਿਨ੍ਹਾਂ ਵਿਚ 1981 ਤੋਂ ਹੁਣ ਤੱਕ ਦੇ ਸਾਰੇ ਅਫਗਾਨ ਸ਼ਾਮਲ ਹਨ। ਤਹਿਰੀ ਨੇ ਕਿਹਾ ਕਿ ਰਿਫਿਊਜ਼ੀਆਂ ਨਾਲ ਕੈਨੇਡਾ ਵਿਚ ਚੰਗਾ ਵਰਤਾਉ ਹੁੰਦਾ ਹੈ ਪਰ ਉਨ੍ਹਾਂ ਦਾ ਇਥੇ ਦਾਖਲਾ ਮੁਸ਼ਕਲ ਹੁੰਦਾ ਹੈ। ਬੇਸ਼ੱਕ ਉਹ ਆਪ ਇਕ ‘ਆਜ਼ਾਦੀ ਘੁਲਾਟੀਆ’ ਸੀ ਪਰ ਇਸਲਾਮਾਬਾਦ ਵਿਚ ਕੈਨੇਡਾ ਦੂਤਾਵਾਸ ਨੇ ਉਸ ਨੂੰ ਅਰਜ਼ੀ ਨਹੀਂ ਦੇਣ ਦਿਤੀ। ਉਸਨੂੰ ਝੂਠੇ ਕਾਗਜ਼ਾਂ ਉਪਰ ਕੈਨੇਡਾ ਆ ਕੇ ਹੀ ਲੈਂਡਿਡ ਇਮੀਗਰੈਂਟ ਦਾ ਅਧਿਕਾਰ ਮਿਲਿਆ। ਬਹੁਤ ਸਾਰੇ ਮੌਕਿਆਂ ਉਪਰ ਕੈਨੇਡੀਅਨ ਅਧਿਕਾਰੀ ਰਿਫਿਊਜ਼ੀਆਂ ਦੇ ਪਰਵਾਰਾਂ ਨੂੰ ਇਥੇ ਲਿਆਉਣ ਲਈ ਸਾਥ ਨਹੀਂ ਦਿੰਦੇ।

ਐਡਮਿੰਟਨ ਵਿਚ ਵੀ ਰੋਸ ਪ੍ਰਗਟਾਅ ਹੋਇਆ ਜਿਥੇ ਕਿ ਐਡਮਿੰਟਨ ਉਇਲਰਜ ਨਾਲ ਰੂਸੀ ਲਾਲ ਫੌਜ ਦੀ ਟੀਮ ਹਾਕੀ ਖੇਡਣ ਆਈ ਹੋਈ ਸੀ। ਜਦੋਂ ਸੋਵੀਅਤ ਪੱਖੀ ਅਫਗਾਨ ਸਰਕਾਰ ਨੇ ਇਸ਼ਾਰਾ ਕੀਤਾ ਹੈ ਕਿ ਅੰਤਰਰਾਸ਼ਟਰੀ ਗਲਬਾਤ ਰਾਹੀਂ ਸੋਵੀਅਤ ਫੌਜਾਂ ਮੁਲਕ ਵਿਚੋਂ ਕੱਢਣ ਲਈ ਮੌਕਾ ਮੁਹੱਈਆ ਕਰਨਗੀਆਂ ਤਾਂ ਉਸ ਸਮੇਂ ਹੀ ਰੋਸ ਪ੍ਰਗਟਾਅ ਤੇ ਮੁਜਾਹਰੇ ਕੀਤੇ ਗਏ ਹਨ।

ਸੁਰਜੀਤ ਸਿੰਘ ਬਰਨਾਲਾ ਦੇ ਪ੍ਰਧਾਨ ਚੁਣੇ ਜਾਣ ਦਾ ਭਰਵਾਂ ਸੁਆਗਤ

ਅੰਬਾਲਾ — ਹਰਿਆਣਾ ਅਕਾਲੀ ਦਲ (ਤਾਰਾ ਸਿੰਘ) ਨੇ ਸ. ਸੁਰਜੀਤ ਸਿੰਘ ਬਰਨਾਲਾ ਦੇ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣੇ ਜਾਣ ਦਾ ਸੁਆਗਤ ਕੀਤਾ ਹੈ। ਦਲ ਦੇ ਪ੍ਰਧਾਨ ਕਰਤਾਰ ਸਿੰਘ ਟੱਕਰ ਨੇ ਕਿਹਾ ਕਿ ਇਹ ਆਮ ਕਰਕੇ ਸਿੱਖਾਂ ਅਤੇ ਖਾਸ ਕਰ ਕੇ ਪੰਜਾਬ ਵਿਚ ਸਿੱਖਾਂ ਦੇ ਮੁੜ ਵਸੇਬੇ ਦੇ ਹਿਤਾਂ ਵਿਚ ਹੈ।

ਫਗਵਾੜਾ — ਅਕਾਲੀ ਦਲ ਦੇ ਸੱਤ ਵਿਧਾਇਕਾਂ ਨੇ ਸ. ਸੁਰਜੀਤ ਸਿੰਘ ਬਰਨਾਲਾ ਦੇ ਅਕਾਲੀ ਦਲ ਦੇ ਪ੍ਰਧਾਨ ਬਣਨ ਦਾ ਸੁਆਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੱਥ ਮਜ਼ਬੂਤ ਹੋਣਗੇ। ਉਨ੍ਹਾਂ ਦਲ ਦੇ ਡੈਲੀਗੇਟਾਂ ਦਾ ਪੰਥ ਤੇ ਪਾਰਟੀ ਵਿਚ ਏਕਤਾ ਦਿਖਾਉਣ ਦਾ ਧੰਨਵਾਦ ਕੀਤਾ।

ਪਟਿਆਲਾ — ਸ੍ਰੀ ਗੁਰਮੇਜ਼ ਸਿੰਘ ਖੇਰਕੀ ਅਤੇ ਸ੍ਰੀ ਸਤਬੀਰ ਸਿੰਘ ਕੌਰਜੀਵਾਲਾ ਨੇ ਸ੍ਰੀ ਬਰਨਾਲਾ ਦੇ ਚੋਣ ਦਾ ਸੁਆਗਤ ਕੀਤਾ ਹੈ। ਇਹ ਦੋਵੇਂ ਵਿਅਕਤੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ (ਖਾਲਸਾ ਗਰੁਪ) ਦੀ ਪਟਿਆਲਾ ਜ਼ਿਲਾ ਯੂਨਿਟ ਦੇ ਅਹੁਦੇਦਾਰ ਹਨ। ਸ਼ਹਿਰੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰਿੰਸੀਪਲ ਬਾਬੂ ਸਿੰਘ, ਸਿੱਖ ਬੁਧੀਜੀਵੀ ਕੌਂਸਲ ਦੇ ਮੈਂਬਰ ਪੀ. ਐਸ. ਭਿੰਡਰ ਅਤੇ ਸ੍ਰੀ ਪਰਵਿੰਦਰ ਸਿੰਘ ਭੋਲਾ ਨੇ ਸ੍ਰੀ ਬਰਨਾਲਾ ਦੇ ਦਲ ਦਾ ਪ੍ਰਧਾਨ ਬਣਨ ਦਾ ਦਾ ਸੁਆਗਤ ਕੀਤਾ ਹੈ।

ਦਹਿਸ਼ਤਪਸੰਦਾਂ ਨਾਲ ਨਿਪਟਣ ਲਈ ਕਾਰਵਾਈ ਜਾਰੀ ਹੈ — ਚਵਾਨ

ਨਵੀਂ ਦਿੱਲੀ — ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਨੇ ਆਪਣੇ ਮੰਤਰਾਲੇ ਨਾਲ ਸਬੰਧਤ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਦੱਸਿਆ ਕਿ ਨਵੰਬਰ ਅਤੇ ਅਕਤੂਬਰ ਦੇ ਮਹੀਨਿਆਂ ਵਿਚ ਪੰਜਾਬ ਵਿਚ ਕੁਲ ਮਿਲਾ ਕੇ 127 ਹਿੰਸਕ ਵਾਰਦਾਤਾਂ ਹੋਈਆਂ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਅਤੇ ਦਹਿਸ਼ਤਪਸੰਦਾਂ ਵਲੋਂ ਕੀਤੀਆਂ ਗਈਆਂ ਇਨ੍ਹਾਂ ਵਾਰਦਾਤਾਂ ਦੌਰਾਨ 33 ਵਿਅਕਤੀ ਮਾਰੇ ਗਏ ਜਦ ਕਿ 70 ਹੋਰ ਘਾਇਲ ਹੋ ਗਏ। ਗ੍ਰਹਿ ਮੰਤਰੀ ਨੇ ਦੱਸਿਆ ਕਿ ਮਨੀਪੁਰ ਤੇ ਤ੍ਰਿਪੁਰਾ ਵਿਚ ਵੀ ਕੁਝ ਹਿੰਸਕ ਵਾਰਦਾਤਾਂ ਹੋਣ ਦੀਆਂ ਖਬਰਾਂ ਮਿਲੀਆਂ ਹਨ। ਸ੍ਰੀ ਚਵਾਨ ਨੇ ਦੱਸਿਆ ਕਿ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਨਾਲ ਨਿਪਟਣ ਲਈ ਕਈ ਕਦਮ ਚੁਕੇ ਗਏ ਹਨ ਜਿਨ੍ਹਾਂ ਵਿਚ ਗਸ਼ਤ ਤੇਜ਼ ਕਰਨ, ਛਾਪੇ ਮਾਰਨ ਅਤੇ ਹਥਿਆਰਾਂ ਦੇ ਲਾਇਸੈਂਸ ਚੈਕ ਕਰਨੇ ਵੀ ਸ਼ਾਮਲ ਹਨ।

ਗ੍ਰਹਿ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਹਿੰਸਕ ਰਾਹ ਛੱਡ ਕੇ ਕੌਮੀ ਧਾਰਾ ਵਿਚ ਮੁੜ ਸ਼ਾਮਲ ਹੋਣ ਲਈ ਪਰੇਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰੀ ਏਜੰਸੀਆਂ ਨੂੰ ਸਰਹੱਦਾਂ ਉਤੇ ਕੁਝ ਖੇਤਰਾਂ ਵਿਚ ਪੁਲੀਸ ਵਾਲੇ ਅਧਿਕਾਰ ਦੇ ਦਿਤੇ ਜਾਣ ਤਾਂ ਦਹਿਸ਼ਤਪਸੰਦਾਂ ਦੀ ਘੁਸਪੈਂਠ ਉਤੇ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ ਪਰ ਇਹ ਸਭ ਕੁਝ ਰਾਜ ਸਰਕਾਰ ਦੀ ਸਲਾਹ ਨਾਲ ਹੀ ਕੀਤਾ ਜਾ ਸਕਦਾ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਯੂ. ਪੀ. ਸਰਕਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਸਰਹੱਦ ਪਾਰੋਂ ਆ ਰਹੇ ਇਤਰਾਜ਼ਯੋਗ ਸਾਹਿਤ ਨਾਲ ਨਜਿੱਠਣ ਲਈ ਅਸਰਦਾਰ ਤਰੀਕੇ ਨਾਲ ਕਾਰਵਾਈ ਕਰਨ।

ਭਾਰਤ ਨੂੰ ਫਰਾਂਸ ਤੇ ਯੂ. ਕੇ. ਵਲੋਂ ਹੈਲੀਕਾਪਟਰਾਂ ਦੀ ਖਰੀਦ ਲਈ ਤੋਹਫੇ

ਪੈਰਿਸ — ਫਰਾਂਸ ਨੇ ਭਾਰਤ ਨੂੰ 8 ਹੈਲੀਕਾਪਟਰ ਮੁਫਤ ਦੇਣ ਦੀ ਪੇਸ਼ਕਸ਼ ਕੀਤੀ ਹੈ ਜੋ ਏਅਰੋਸਪਾਟਲੇ ਕੰਪਨੀ ਵਲੋਂ ਤਿਆਰ ਕੀਤੇ 27 ਜਹਾਜ਼ ਖਰੀਦਣ ਦੇ ਸੌਦੇ ਦੀ ਪ੍ਰਾਪਤੀ ਲਈ ਹਨ। ਬਦੇਸ਼ ਵਪਾਰ ਮੰਤਰਾਲਾ ਦੇ ਅਧਿਕਾਰੀਆਂ ਨੇ ਪਿਛਲੇ ਹਫਤੇ ਭਾਰਤ ਵਿਚ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਸੀ। ਉਪਰੋਕਤ ਹਵਾਈ ਜਹਾਜ਼ਾਂ ਦੀ ਕੁਲ ਕੀਮਤ 9 ਕਰੋੜ ਡਾਲਰ ਬਣਦੀ ਹੈ। ਇਸ ਸੌਦੇ ਲਈ ਇਕ ਬਰਤਾਨਵੀ ਫਰਮ ਵੈਸਟਲੈਂਡ ਨਾਲ ਸਖਤ ਮੁਕਾਬਲਾ ਹੈ। ਇਸ ਦੇ ਮੁਕਾਬਲੇ ‘ਫਿਨਾਨਸ਼ੁਲ ਟਾਈਪਜ਼’ ਅਨੁਸਾਰ ਬਰਤਾਨੀਆ ਦੀ ਥੈਚਰ ਸਰਕਾਰ ਨੇ 21 ਹੈਲੀਕਾਪਟਰਾਂ ਦੀ ਖਰੀਦ ਲਈ ਪਬਲਿਕ ਫੰਡ ਬਿਨਾਂ ਕਿਸੇ ਖਰਚੇ ਦੇਣ ਦੀ ਪੇਸ਼ਕਸ਼ ਕੀਤੀ ਹੈ।

ਭੂਪਾਲ ਗੈਸ ਪੀੜਤਾਂ ਨੂੰ ਮੁਆਵਜ਼ਾ ਦੇਣ ਬਾਰੇ ਦੋਹਾਂ ਧਿਰਾਂ ਦੇ ਵਕੀਲਾਂ ’ਚ ਮਸ਼ਵਰੇ

ਨਵੀਂ ਦਿੱਲੀ — ਭਰੋਸੇਯੋਗ ਸੂਤਰਾਂ ਅਨੁਸਾਰ ਯੂਨੀਅਨ ਕਾਰਬਾਈਡ ਤੇ ਭੂਪਾਲ ਗੈਸ ਦੁਖਾਂਤ ਦੇ ਪੀੜਤਾਂ ਦੇ ਵਕੀਲਾਂ ਵਲੋਂ ਸਮਝੌਤੇ ਲਈ ਨਵੇਂ ਸਿਰਿਓਂ ਯਤਨ ਕੀਤੇ ਜਾ ਰਹੇ ਹਨ ਤੇ ਇਸ ਦੀ ਸੰਭਾਵਨਾ ਪਹਿਲਾਂ ਨਾਲੋਂ ਵਧੇਰੇ ਉਜਾਗਰ ਹੈ। ਦੋਹਾਂ ਧਿਰਾਂ ਦੇ ਵਕੀਲਾਂ ਦੀ ਅਦਾਲਤ ਦੇ ਆਦੇਸ਼ ਤੇ ਮੀਟਿੰਗ ਹੋਈ ਜਿਸ ਵਿਚ ਪੀੜਤਾਂ ਦੀਆਂ ਵੱਖ ਵੱਖ ਸ਼ਰੇਣੀਆਂ ਨੂੰ ਦਿਤੇ ਜਾਣ ਵਾਲੇ ਮੁਆਵਜ਼ੇ ਦੀ ਰੂਪ ਰੇਖਾ ਤਿਆਰ ਕੀਤੀ ਜਾਣੀ ਸੀ। ਹੁਣ ਜਾਪਦਾ ਹੈ ਕਿ ਦੋਵੇਂ ਧਿਰਾਂ ਇਹਦੇ ਲਈ ਗੰਭੀਰ ਹਨ ਜਦੋਂ ਕਿ ਪਿਛਲੀਆਂ ਮੀਟਿੰਗਾਂ ਦੇ ਦੋਵੇਂ ਧਿਰਾਂ ਇਕ ਦੂਜੇ ਤੇ ਦੋਸ਼ ਲਾਉਂਦੀਆਂ ਰਹੀਆਂ। ਪੀੜਤਾਂ ਨੇ ਅਮਰੀਕੀ ਅਦਾਲਤਾਂ ਦੇ ਮੁਆਵਜ਼ੇ ਲਈ ਅਰਬਾਂ ਡਾਲਰ ਦੇ ਹਰਜਾਨੇ ਦਾ ਦਾਅਵਾ ਕੀਤਾ ਹੈ। ਭਾਰਤੀ ਮੰਤਰੀ ਨੇ ਕੁਝ ਮਹੀਨੇ ਪਹਿਲਾਂ ਇਕ ਅਮਰੀਕੀ ਅਖਬਾਰ ਨੂੰ ਦੱਸਿਆ ਸੀ ਕਿ ਅਮਰੀਕੀ ਕੰਪਨੀ ਨੇ ਪਹਿਲਾਂ ਦਸ ਕਰੋੜ ਡਾਲਰ ਮੁਆਵਜ਼ੇ ਦੀ ਪੇਸ਼ਕਸ਼ ਕੀਤੀ ਸੀ ਜਦੋਂ ਕਿ ਭਾਰਤੀ ਅਧਿਕਾਰੀ ਪੰਜ ਕਰੋੜ ਡਾਲਰ ਪੀੜਤਾਂ ਨੂੰ ਮੁਆਵਜ਼ਾ ਦੇ ਚੁਕੇ ਹਨ ਤੇ 25 ਕਰੋੜ ਡਾਲਰ ਇਨ੍ਹਾਂ ਪੀੜਤਾਂ ਦੇ ਮੁੜ ਵਸੇਬੇ ਦੇ ਕੰਮਾਂ ਤੇ ਅਗਲੇ ਕੁਝ ਮਹੀਨਿਆਂ ’ਚ ਖਰਚ ਕੀਤੇ ਜਾਣ ਦੀ ਤਜਵੀਜ਼ ਹੈ।

ਕਾਂਗਰਸ ਵੱਖਵਾਦੀਆਂ ਨਾਲ ਲੋਹਾ ਲੈਣੋਂ ਅਸਮਰਥ — ਹਰਕਿਸ਼ਨ ਸਿੰਘ ਸੁਰਜੀਤ

ਜਲੰਧਰ — ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਆਗੂ ਕਾ. ਹਰਕਿਸ਼ਨ ਸਿੰਘ ਸੁਰਜੀਤ ਨੇ ਬਰਨਾਲਾ ਸਰਕਾਰ ਅਤੇ ਅਕਾਲੀ ਦਲ ਦੀ ਲੀਡਰਸ਼ਿਪ ਤੇ ਪੰਜਾਬ ਸਮਝੌਤੇ ਨੂੰ ਇਸ ਦੀ ਸਹੀ ਭਾਵਨਾ 'ਚ ਲਾਗੂ ਕਰਨ ਲਈ, ਹਿੰਦੂ-ਸਿਖ ਏਕਤਾ ਨੂੰ ਮਜ਼ਬੂਤ ਬਨਾਉਣ ਲਈ ਅਤੇ ਪੰਜਾਬ ਦੇ ਲੋਕਾਂ ਨੂੰ ਅਤਿਵਾਦੀਆਂ ਤੇ ਵੱਖਵਾਦੀਆਂ ਦੇ ਘਿਨਾਉਣੇ ਮਨਸੂਬਿਆਂ ਵਿਰੁਧ ਚੇਤੰਨ ਕਰਨ ਲਈ ਕੰਮ ਕਰਨ ਵਾਸਤੇ ਜ਼ੋਰ ਦਿਤਾ ਹੈ। ਉਹ ਇਥੋਂ ਥੋੜੀ ਦੂਰ ਬਾਬਾ ਕਰਮ ਸਿੰਘ ਚੀਮਾ ਨਗਰ (ਬੰਡਾਲਾ) ਵਿਖੇ ਪਾਰਟੀ ਦੀ 12ਵੀਂ ਸੂਬਾਈ ਕਾਨਫਰੰਸ ਦੇ ਅਵਸਰ 'ਤੇ ਪਾਰਟੀ ਵਰਕਰਾਂ ਅਤੇ ਹਮਾਇਤੀਆਂ ਦੀ ਇਕ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਨੇ ਸਖਤ ਸ਼ਬਦਾਂ ਵਿਚ ਦੋਸ਼ ਲਾਇਆ ਕਿ ਅਤਿਵਾਦੀ ਅਤੇ ਵੱਖਵਾਦੀ ਅਨਸਰ ਰਾਜ ਅੰਦਰ ਮੁੜ ਗੜਬੜ ਵਾਲੀ ਸਥਿਤੀ ਪੈਦਾ ਕਰਨ ਅਤੇ ਪੰਜਾਬ ਸਮਝੌਤੇ ਨੂੰ ਢਾਹ ਲਗਾਉਣ ਵਾਸਤੇ ਸਾਮਰਾਜੀਆਂ ਦੇ ਏਜੰਟਾਂ ਵਜੋਂ ਕੰਮ ਕਰ ਰਹੇ ਹਨ ਜਦੋਂ ਕਿ ਮੌਜੂਦਾ ਅਕਾਲੀ ਸਰਕਾਰ ਵਲੋਂ ਅਜਿਹੇ ਅਨਸਰਾਂ ਨਾਲ ਸਖਤੀ ਨਾਲ ਨਿਬੜਨ ਦੀ ਬਜਾਏ ਉਨ੍ਹਾਂ ਪ੍ਰਤੀ ਢਿੱਲ-ਮੱਠ ਦੀ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿਤੀ ਕਿ ਜੇਕਰ ਅਕਾਲੀਆਂ ਨੇ ਅਜੇ ਵੀ ਬੀਤੇ ਸਮੇਂ ਤੋਂ ਕੋਈ ਸਬਕ ਨਾ ਸਿਖਿਆ ਤਾਂ ਸਥਿਤੀ ਦੁਬਾਰਾ ਮੁੜ ਉਨ੍ਹਾਂ ਦੀ ਪਕੜ 'ਚੋਂ ਬਾਹਰ ਨਿਕਲ ਜਾਵੇਗੀ ਅਤੇ ਅਜਿਹਾ ਹੋਣਾ ਨਾ ਕੇਵਲ ਦੇਸ਼ ਲਈ ਹੀ ਬਲਕਿ ਸਿੱਖਾਂ ਦੇ ਕਾਜ ਲਈ ਵੀ ਬਹੁਤ ਹੀ ਘਾਤਕ ਅਤੇ ਖਤਰਨਾਕ ਸਾਬਤ ਹੋਵੇਗਾ।

ਪਾਰਟੀ ਬੋਲਿਟ ਬਿਊਰੋ ਦੇ ਇਕ ਹੋਰ ਆਗੂ ਸ੍ਰੀ ਬੀ. ਟੀ. ਰੰਧਾਵੇ ਨੇ ਵੀ ਅਮਰੀਕੀ ਸਾਮਰਾਜਵਾਦੀਆਂ ਦੀ ਸ਼ਹਿ 'ਤੇ ਪੰਜਾਬ ਅੰਦਰ ਵੱਖਵਾਦੀ ਸ਼ਕਤੀਆਂ ਦੇ ਮੁੜ ਸਰਗਰਮ ਹੋ ਜਾਣ ਦੀ ਸਥਿਤੀ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਕਾ. ਰੰਧਾਵੇ ਨੇ ਚਿਤਾਵਨੀ ਦਿ ਤੀ ਕਿ ਭਾਰਤ ਇਸ ਸਮੇਂ ਦੁਸ਼ਮਣ ਰਾਜਾਂ ਵਿਚਾਲੇ ਘਿਰਦਾ ਜਾ ਰਿਹਾ ਹੈ ਅਤੇ ਇਸ ਦੀ ਏਕਤਾ ਅਤੇ ਸੁੱਰਖਿਆ ਖਤਰੇ ਵਿਚ ਪੈਂਦੀ ਜਾ ਰਹੀ ਹੈ। ਉਨ੍ਹਾਂ ਅਗੇ ਆਖਿਆ ਕਿ ਕਾਂਗਰਸ (ਆਈ) ਫੁੱਟਪਾਊ ਅਤੇ ਵੱਖਵਾਦੀ ਸ਼ਕਤੀਆਂ ਨਾਲ ਲੋਹਾ ਲੈਣ ਦੇ ਸਮਰਥ ਨਹੀਂ ਹੈ। ਸੋ ਕੰਮ ਦੀ ਏਕਤਾ, ਅਖੰਡਤਾ ਤੇ ਸੁੱਰਖਿਆ ਕਰਨ ਲਈ ਅਤੇ ਇਸ ਦੇ ਨਾਲ ਹੀ ਦੇਸ਼ ਅੰਦਰ ਜਮਹੂਰੀਅਤ ਦੀ ਰੱਖਿਆ ਕਰਨ ਵਾਸਤੇ ਆਮ ਲੋਕਾਂ ਨੂੰ ਅਤੇ ਖਾਸ ਕਰਕੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਖੁਦ ਅੱਗੇ ਆਉਣਾ ਚਾਹੀਦਾ ਹੈ।

ਕੇਂਦਰੀ ਖੇਤੀ ਕਮਿਸ਼ਨ ਵਿਚ ਕਿਸਾਨਾਂ ਦੇ ਨੁਮਾਇੰਦੇ ਲੈਣ ਬਾਰੇ ਐਲਾਨ

ਨਵੀਂ ਦਿੱਲੀ — ਕੇਂਦਰੀ ਖੇਤੀ ਮੰਤਰੀ ਸ. ਬੂਟਾ ਸਿੰਘ ਨੇ ਰਾਜ ਸਭਾ ਵਿਚ ਐਲਾਨ ਕੀਤਾ ਕਿ ਇਕ ਮਹੀਨੇ ਦੇ ਵਿਚ ਵਿਚ "ਖੇਤੀ ਕੀਮਤ ਦੇ ਲਾਗਤ ਕਮਿਸ਼ਨ" ਦਾ ਆਧਾਰ ਹੋਰ ਵਿਆਪਕ ਕਰ ਦਿਤਾ ਜਾਵੇਗਾ ਅਤੇ ਇਸ ਵਿਚ ਕਿਸਾਨਾਂ ਦੇ ਤਿੰਨ ਪ੍ਰਤੀਨਿਧ ਸ਼ਾਮਲ ਕੀਤੇ ਜਾਣਗੇ।

ਲੋਕ ਦਲ ਦੇ ਵੀਰੇਂਦਰ ਵਰਮਾ ਵਲੋਂ ਪੇਸ਼ ਕੀਤੇ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਲੋਂ ਕਮਿਸ਼ਨ ਵਿਚ ਵੱਡੇ, ਦਰਮਿਆਨੇ ਤੇ ਛੋਟੇ ਕਿਸਾਨਾਂ ਦੇ ਪ੍ਰਤੀਨਿਧਾਂ ਨੂੰ ਸ਼ਾਮਲ ਕਰਨ ਦੀ ਹਦਾਇਤ ਪਿਛੋਂ ਹੀ ਇਹ ਫੈਸਲਾ ਕੀਤਾ ਗਿਆ ਹੈ। ਇਸ ਦਾ ਉਦੇਸ਼ ਕਿਸਾਨਾਂ ਦੇ ਹਿਤਾਂ ਦੀ ਰੱਖਿਆ ਕਰਨਾ ਹੈ। ਉਨ੍ਹਾਂ ਕਿਹਾ ਕਿ ਤਜਵੀਜ਼ ਅੰਤਮ ਪੜਾਅ 'ਤੇ ਪਹੁੰਚ ਗਈ ਹੈ ਅਤੇ ਇਕ ਮਹੀਨੇ ਵਿਚ ਇਸ ਦਾ ਵਿਸਥਾਰ ਕਰ ਦਿਤਾ ਜਾਏਗਾ। ਚੇਤੇ ਰਹੇ ਕਿ ਕਮਿਸ਼ਨ ਵਿਚ ਚਾਰ ਮੈਂਬਰ ਹੁੰਦੇ ਹਨ ਅਤੇ ਇਨ੍ਹਾਂ ਵਿਚੋਂ ਦੋ ਆਸਾਮੀਆਂ ਪਹਿਲਾਂ ਹੀ ਵਿਹਲੀਆਂ ਹਨ।

ਸ. ਬੂਟਾ ਸਿੰਘ ਕੁਝ ਮੈਂਬਰਾਂ ਦੇ ਇਸ ਸੁਝਾਅ ਨਾਲ ਸਹਿਮਤ ਨਹੀਂ ਸਨ ਕਿ ਕੁਝ ਜਿਣਸਾਂ ਦੀਆਂ ਕੀਮਤਾਂ ਪਿਛਲੇ ਕੁਝ ਵਰ੍ਹਿਆਂ ਵਿਚ ਡਿੱਗੀਆਂ ਹਨ। ਉਨ੍ਹਾਂ ਕਿਹਾ ਕਿ ਇਹ ਤਾਂ ਹੋ ਸਕਦਾ ਹੈ ਕਿ ਜਿਣਸਾਂ ਦੀਆਂ ਕੀਮਤਾਂ ਕਿਸਾਨਾਂ ਦੀਆਂ ਆਸਾਂ-ਉਮੀਦਾਂ ਉਤੇ ਪੂਰੀਆਂ ਨਾ ਉਤਰੀਆਂ ਹੋਣ ਪਰ ਇਨ੍ਹਾਂ ਵਿਚ ਵਾਧਾ ਜ਼ਰੂਰ ਹੋਇਆ ਹੈ। ਇਸ ਤੋਂ ਪਹਿਲਾਂ ਹੁਕਮਰਾਨ ਪਾਰਟੀ ਦੇ ਸ੍ਰੀ ਕਲਪਨਾਥ ਰਾਏ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਉਨ੍ਹਾਂ ਉਤੇ ਆਏ ਖਰਚਿਆਂ ਨਾਲ ਜੋੜਿਆ ਜਾਏ। ਉਨ੍ਹਾਂ ਕਿਹਾ ਕਿ ਫਸਲ ਬੀਮਾ ਸਕੀਮ ਵੀ ਕਾਗਜ਼ਾਂ ਉਤੇ ਹੀ ਹੈ ਅਤੇ ਇਸ ਨੂੰ ਲਾਗੂ ਨਹੀਂ ਕੀਤਾ ਗਿਆ।

ਪ੍ਰਮਾਣੂੰ ਯੋਜਨਾ ਦੇ ਖੇਤਰ ਵਿਚ ਭਾਰਤ ਦੀ ਨਵੀਂ ਪੁਲਾਂਘ

ਚੰਡੀਗੜ੍ਹ — ਕਲਪਾਕਮ ਦਾ ਫਾਸਟ ਬਰੀਡਰ ਰੀਐਕਟਰ ਪਰਮਾਣੂ ਯੋਜਨਾ ਦੇ ਖੇਤਰ ਵਿਚ ਸਚਮੁਚ ਇਕ ਨਵੀਂ ਪੁਲਾਂਘ ਹੈ। 68 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਇਹ ਰੀਐਕਟਰ ਇਕ "ਜਾਦੂ" ਵਰਗੀ ਚੀਜ਼ ਹੈ। ਇਸ ਵਿਚ ਜਿੰਨਾ ਪ੍ਰਮਾਣੂੰ ਬਾਲਣ ਰੱਖਿਆ ਜਾਂਦਾ ਹੈ ਉਸ ਤੋਂ ਡੇਢ ਗੁਣਾਂ ਜ਼ਿਆਦਾ ਹੋਰ ਨਵਾਂ ਪਰਮਾਣੂ ਬਾਲਣ ਮਿਲ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਜੇਕਰ ਪ੍ਰਮਾਣੂੰ ਭੱਠੀ ਵਿਚ 100 ਕਿਲੋ ਬਾਲਣ ਜਲਾਇਆ ਜਾਵੇ ਤਾਂ ਊਰਜਾ ਪ੍ਰਾਪਤ ਹੋਣ ਦੇ ਨਾਲ ਨਾਲ 120 ਕਿਲੋ ਨਵਾਂ ਬਾਲਣ ਵੀ ਮਿਲ ਸਕਦਾ ਹੈ।

ਟੈਸਟ ਰੀਐਕਟਰ ਨੂੰ "ਫਾਸਟ" ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਐਟਮੀ ਕਣਾਂ ਨੂੰ "ਅਲੱਗ" ਕਰਨ ਲਈ "ਫਾਸਟ" ਅਰਥਾਤ ਤੇਜ਼ ਗਤੀ ਵਾਲੇ ਟਿਊਟਰਾਨਾਂ ਦਾ ਉਪਯੋਗ ਹੁੰਦਾ ਹੈ। "ਬਰੀਡਰ" ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਪਰਕਿਰਿਆ ਵਿਚ 'ਨਿਊਟਰੋਨ' ਤੇਜ਼ੀ ਨਾਲ ਜਨਮ ਲੈਂਦੇ ਹਨ। ਜਿਥੇ 'ਫਾਸਟ ਬਰੀਡਰ ਰੀਐਕਟਰ' ਇਕ ਪਾਸੇ ਤਾਂ ਪ੍ਰਮਾਣੂੰ 'ਅਲੱਗ' ਹੋ ਕੇ ਊਰਜਾ ਪੈਦਾ ਕਰਦੇ ਹਨ ਉਥੇ ਦੂਜੇ ਪਾਸੇ ਨਾਲ ਹੀ ਪਲੂਟੋਨੀਅਮ ਦੇ ਨਵੇਂ ਪਰਮਾਣੂ ਵੀ ਜਨਮ ਲੈਂਦੇ ਹਨ।

ਦੇਸ਼ ਵਿਚ ਅੱਜ ਜੋ ਰੀਐਕਟਰ ਹਨ, ਉਹ ਪਰਮਾਣੂ ਊਰਜਾ ਦੀ ਸਾਡੀ ਫੌਰੀ ਪਰਮਾਣੂ ਯੋਜਨਾ ਦੇ ਅਨੁਸਾਰ ਪਹਿਲੇ ਪੜਾਅ ਦੇ ਰੀਐਕਟਰ ਹਨ। ਇਨ੍ਹਾਂ ਰੀਐਕਟਰਾਂ ਵਿਚੋਂ ਜੋ ਪਲੂਟੋਨੀਅਮ ਤਿਆਰ ਹੁੰਦਾ ਹੈ, ਉਸ ਦੀ ਵਰਤੋਂ ਦੂਜੇ ਪੜਾਂਅ ਦੇ ਰੀਐਕਟਰਾਂ ਵਿਚ ਹੋਵੇਗੀ। ਇਨ੍ਹਾਂ ਨੂੰ ਫਾਸਟ ਬਰੀਡਰ ਰੀਐਕਟਰ ਕਿਹਾ ਜਾਂਦਾ ਹੈ।

ਕਲਪਾਕਮ ਵਿਚ ਜੋ ਹੁਣ ਫਾਸਟ ਬਰੀਡਰ ਰੀਐਕਟਰ ਕੌਮ ਨੂੰ ਸਮਰਪਿਤ ਕੀਤਾ ਗਿਆ ਹੈ ਉਹ ਸਾਡੇ ਪਰਮਾਣੂ ਪਰੋਗਰਾਮ ਦੇ ਦੂਜੇ ਦੌਰ ਦਾ ਪਹਿਲਾ ਰੀਐਕਟਰ ਹੈ। ਇਸ ਨਾਲ ਅਸੀਂ 'ਪਰਮਾਣੂ ਊਰਜਾ ਯੋਜਨਾ ਦੇ ਦੂਜੇ ਪੜਾਅ ਵਿਚ ਦਾਖਲ ਹੋ ਰਹੇ ਹਾਂ। ਕਲਪਾਕਮ ਦਾ ਇਹ ਰੀਐਕਟਰ ਪੰਦਰਾਂ ਮੈਗਾਵਾਟ ਸ਼ਕਤੀ ਦਾ ਹੈ। ਦੇਸ਼ ਵਿਚ ਬਣ ਰਿਹਾ ਅਗਲਾ ਫਾਸਟ ਬਰੀਡਰ ਰੀਐਕਟਰ 500 ਮੈਗਾਵਾਟ ਸ਼ਕਤੀ ਦਾ ਹੋਵੇਗਾ।

ਸਾਡੇ ਗਵਾਂਢੀ ਮੁਲਕ ਪਾਕਿਸਤਾਨ ਵਿਚ ਕਹੂਟਾ ਵਿਖੇ ਬਣਿਆ ਰੀਐਕਟਰ ਜ਼ਮੀਨ ਦੇ ਹੇਠਾਂ ਸੀਮਿੰਟ ਕੰਕਰੀਟ ਦੇ ਵੱਡੇ ਵੱਡੇ ਬੰਕਰਾਂ ਵਿਚ ਛਿਪਿਆ ਹੋਇਆ ਹੈ ਜਦ ਕਿ ਕਲਪਾਕਮ ਦੇ ਸਾਰੇ ਉਪਕਰਣ ਜ਼ਮੀਨ ਉਤੇ ਹਨ ਕਹੂਟਾ ਦੀ ਪਰਮਾਣੂ ਊਰਜਾ ਐਟਮ ਬੰਬ ਦੇ ਰੂਪ ਵਿਚ ਵਿਸਫੋਟਕ ਹੋਵੇਗੀ ਜਦਕਿ ਕਲਪਾਕਮ ਤੋਂ ਪਰਮਾਣੂ ਊਰਜਾ ਤੋਂ ਬਿਜਲੀ ਪੈਦਾ ਹੋ ਰਹੀ ਹੈ।

ਪਾਕਿ ਵਿਚਲੇ ਭਾਰਤੀ ਕੈਦੀਆਂ ਦਾ ਰਾਜੀਵ ਗਾਂਧੀ ਨੂੰ ਪੱਤਰ

ਪੱਟੀ — ਪਾਕਿਸਤਾਨ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਉਨ੍ਹਾਂ 62 ਵਿਅਕਤੀਆਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਨਾਂ ਆਪਣੀ ਰਿਹਾਈ ਲਈ ਇਕ ਪੱਤਰ ਲਿਖਿਆ ਹੈ, ਜਿਨ੍ਹਾਂ ਨੂੰ ਭਾਰਤੀ ਗੁਪਤ ਏਜੰਸੀਆਂ ਨੇ ਪਾਕਿਸਤਾਨ ਵਿਚ ਭੇਜਿਆ ਸੀ, ਪਰ ਉਹ ਉਥੇ ਪਾਕਿਸਤਾਨੀ ਅਧਿਕਾਰੀਆਂ ਦੇ ਕਾਬੂ ਆਉਂਦੇ ਰਹੇ। ਉਨ੍ਹਾਂ ਵਿਚੋਂ ਚਾਰ ਕੈਦੀਆਂ ਕਸ਼ਮੀਰ ਸਿੰਘ, ਲਛਮਣ ਸਿੰਘ, ਮਦਨ ਲਾਲ ਜੋਗੀ ਅਤੇ ਰੂਪ ਲਾਲ ਨੂੰ ਸਜ਼ਾਏ-ਮੌਤ ਸੁਣਾ ਦਿਤੀ ਗਈ ਹੈ ਬਾਕੀ ਸਭ ਕੈਦੀਆਂ ਦੀ ਸਜ਼ਾ ਪੰਜ ਤੋਂ ਪੰਝੀ ਸਾਲ ਤੱਕ ਹੈ। ਬਹੁਤ ਸਾਰੇ ਐਸੇ ਕੈਦੀ ਹਨ, ਜੋ ਆਪਣੀ ਪੂਰੀ ਦੀ ਪੂਰੀ ਕੈਦ ਕੱਟ ਚੁਕੇ ਹਨ ਪਰ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

27 ਅਕਤੂਬਰ 1977 ਨੂੰ ਭਾਰਤ ਅਤੇ ਪਾਕਿਸਤਾਨ ਵਿਚਲੇ ਕੁਝ ਕੈਦੀਆਂ ਦਾ ਤਬਾਦਲਾ ਹੋਇਆ ਸੀ, ਲਿਸਟ ਵਿਚ ਸ਼ਾਮਲ ਕੈਦੀਆਂ ਵਿਚੋਂ ਕੁਝ ਕੈਦੀ ਭਾਰਤ ਨੇ ਦੇਣੋਂ ਨਾਂਹ ਕਰ ਦਿਤੀ ਸੀ, ਜਿਸ ਕਾਰਨ ਪਾਕਿਸਤਾਨ ਨੇ ਵੀ ਕੁਝ ਕੈਦੀ ਰੱਖ ਲਏ ਸਨ। ਕੈਦੀਆਂ ਨੇ ਦੋਸ਼ ਲਾਇਆ ਹੈ ਕਿ ਤਬਾਦਲੇ ਦੇ ਸਮਝੌਤੇ 'ਤੇ ਦਸਤਖਤ ਕਰਨ ਵਾਲੇ ਸਾਡੇ ਦੇਸ਼ ਦੇ ਅਧਿਕਾਰੀ ਸਿਫਾਰਸ਼ੀ ਅਤੇ ਅਮੀਰ ਲੋਕਾਂ ਦੇ ਨਾਵਾਂ ਦੀ ਲਿਸਟ ਹੀ ਤਿਆਰ ਕਰਦੇ ਹਨ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਬਹੁਤ ਸਾਰੇ ਕੈਦੀ ਟੀ. ਬੀ. ਦੇ ਸ਼ਿਕਾਰ ਹੋ ਗਏ ਹਨ ਅਤੇ ਕਈਆਂ ਦੀਆਂ ਅੱਖਾਂ ਦੀ ਜੋਤ ਤਾਂ ਬਿਲਕੁਲ ਖਤਮ ਹੋ ਗਈ ਹੈ। ਉਨ੍ਹਾਂ ਲਿਖਿਆ ਹੈ ਕਿ ਕੋਈ ਵੀ ਐਸਾ ਕੈਦੀ ਨਹੀਂ ਜਿਸ ਨੂੰ ਕੋਈ ਲੰਮੀ ਬਿਮਾਰੀ ਨਾ ਲੱਗੀ ਹੋਵੇ।

ਕੈਦੀਆਂ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਨਾਂ ਲਿਖੇ ਪੱਤਰ ਵਿਚ ਇਹ ਲਿਖਿਆ ਸੀ ਕਿ ਕਿਸੇ ਵੇਲੇ ਭਾਰਤ ਉਪਰ ਸਮਰਾਟ ਜਹਾਂਗੀਰ ਰਾਜ ਕਰਦਾ ਸੀ, ਜੋ ਛੋਟੇ-ਵੱਡੇ ਵਿਚ ਅੰਤਰ ਨਹੀਂ ਸੀ ਸਮਝਦਾ ਅਤੇ ਹਰ ਇਕ ਨੂੰ ਨਿਆਂ ਦਿੰਦਾ ਸੀ, ਅੱਜ ਉਹ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਵੀ ਸਮਾਰਟ ਜਹਾਂਗੀਰ ਵਾਂਗ ਵੇਖਣਾ ਚਾਹੁੰਦੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਰਿਹਾਈ ਦਾ ਤੁਰਤ ਪ੍ਰਬੰਧ ਕੀਤਾ ਜਾਵੇ।

ਅਫਸਰ ਨਰਮ ਵਤੀਰਾ ਧਾਰਨ — ਬਰਨਾਲਾ

ਅੰਮ੍ਰਿਤਸਰ — ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਜ਼ਿਲਾ ਅਧਿਕਾਰੀਆਂ ਨਾਲ ਸਰਕਾਰ ਦੇ ਤਿੰਨ-ਨੁਕਾਤੀ ਪਰੋਗਰਾਮ ਦਾ ਜਾਇਜ਼ਾ ਲਿਆ। ਉਨ੍ਹਾਂ ਹਦਾਇਤ ਕੀਤੀ ਕਿ ਸਕੀਮਾਂ ਨੂੰ ਲਾਗੂ ਕਰਨ ਦੇ ਸਬੰਧ ਵਿਚ ਅਫਸਰ ਨਰਮ ਤੇ ਹਮਦਰਦੀ ਵਾਲਾ ਰਵੱਈਆ ਅਖਤਿਆਰ ਕਰਨ। ਤਿੰਨ ਨੁਕਾਤੀ ਪਰੋਗਰਾਮ ਵਿਚ ਜੇਲ੍ਹਾਂ ਤੋਂ ਰਿਹਾਅ ਹੋਏ ਯੁਵਕਾਂ ਨੂੰ ਨੌਕਰੀਆਂ ਦੇਣ, ਪੀੜਤ ਸਿਖ ਪਰਿਵਾਰਾਂ ਨੂੰ ਮੁੜ ਵਸਾਉਣਾ ਅਤੇ ਭਗੌੜੇ ਸਿਖ ਫੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਕਰਨ ਦੇ ਮਸਲੇ ਸ਼ਾਮਲ ਹਨ। ਸ੍ਰੀ ਬਰਨਾਲਾ ਨੇ ਕਿਹਾ ਕਿ ਸਨਅਤੀ ਪਾਸਾਰ ਦੇ ਨਵੇਂ ਖੇਤਰ ਲੱਭੇ ਜਾਣ, ਨਵੇਂ ਬਸ ਰੂਟ ਲਾਗੂ ਕੀਤੇ ਜਾਣ ਅਤੇ ਵਿਧਵਾਵਾਂ ਲਈ ਲਾਹੇਵੰਦੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਾਰੀਆਂ ਖਾਲੀ ਅਸਾਮੀਆਂ ਤੁਰਤ ਭਰੀਆਂ ਜਾਣ ਤਾਂ ਕਿ ਯੁਵਕਾਂ ਦੀਆਂ ਸੇਵਾਵਾਂ ਨੂੰ ਰਾਜ ਦੀ ਸਨਅਤ ਅਤੇ ਖੇਤੀਬਾੜੀ ਦੇ ਮੁੜ ਨਿਰਮਾਣ ਲਈ ਵਰਤਿਆ ਜਾ ਸਕੇ।

ਡਿਪਟੀ ਕਮਿਸ਼ਨਰ ਰਾਮੇਸ਼ਇੰਦਰ ਸਿੰਘ ਨੂੰ ਪੀੜਤ ਪਰਿਵਾਰਾਂ ਲਈ ਹਾਊਸਿੰਗ ਕਾਲੋਨੀ ਉਸਾਰੇ ਜਾਣ ਵਾਸਤੇ ਕੋਈ ਖਾਲੀ ਜ਼ਮੀਨ ਦੇਖਣ ਲਈ ਕਿਹਾ ਗਿਆ। ਮੁਖ ਮੰਤਰੀ ਨੂੰ ਦੱਸਿਆ ਗਿਆ ਕਿ ਸਰਹ ਦੀ ਅਜਨਾਲਾ ਸਬ ਡਵੀਜ਼ਨ ਵਿਚ ਇਕ ਪਰਿਵਾਰ ਨੂੰ ਪੰਜ ਏਕੜ ਜ਼ਮੀਨ ਮੁਹੱਈਆ ਕੀਤੀ ਜਾ ਸਕਦੀ ਹੈ।

ਮੁਖ ਮੰਤਰੀ ਨੇ ਕਿਹਾ ਕਿ ਕੁਝ ਅਧਿਕਾਰੀ ਪੀੜਤਾਂ ਤੋਂ ਮੌਤ ਦੇ ਸਰਟੀਫਿਕੇਟ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਸ਼ਰਤਾਂ ਖਤਮ ਕਰ ਦਿਤੀਆਂ ਜਾਣ ਤਾਂ ਕਿ ਕਰਜ਼ੇ, ਪੈਨਸ਼ਨ ਅਤੇ ਦੂਜੇ ਵਿਤੀ ਲਾਭ ਤੁਰੰਤ ਦਿਤੇ ਜਾ ਸਕਣ।

ਜੇਲ੍ਹ ਅਧਿਕਾਰੀਆਂ ਨੂੰ ਕਿਹਾ ਗਿਆ ਕਿ ਸਜ਼ਾ-ਯਾਫਤਾ ਫੌਜੀਆਂ ਵਲ ਵਿਸ਼ੇਸ਼ ਧਿਆਨ ਦਿਤਾ ਜਾਵੇ। ਅਜਿਹਾ ਕੁਝ ਨਾ ਕਿਹਾ ਜਾਵੇ ਜਿਸ ਨਾਲ ਉਹ ਤੰਗ ਹੋਣ। ਡੀ. ਸੀ. ਨੇ ਦੱਸਿਆ ਕਿ ਜ਼ਿਲੇ ਵਿਚ 81 ਫੌਜੀਆਂ ਦੇ ਨਾਂ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚ ਸਜ਼ਾ-ਯਾਫਤਾ ਫੌਜੀ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰਾਂ ਦੀ ਠੀਕ ਦੇਖ-ਰੇਖ ਕੀਤੀ ਜਾਵੇਗੀ।

ਪੰਜਾਬ ਪੁਲੀਸ ਵਲੋਂ 600 ਯੁਵਕਾਂ ਦੀ ਰਿਹਾਈ ਨੂੰ ਪ੍ਰਵਾਨਗੀ

ਚੰਡੀਗੜ੍ਹ — ਪੰਜਾਬ ਸਰਕਾਰ ਵਲੋਂ ਅਕਾਲੀ ਅੰਦੋਲਨ ਦੌਰਾਨ ਗ੍ਰਿਫਤਾਰ ਕੀਤੇ ਯੁਵਕਾਂ ਦੇ ਕੇਸਾਂ ਦੀ ਪੜਤਾਲ ਲਈ ਬਣਾਈ ਬੈਂਸ ਕਮੇਟੀ ਦੀ ਰਿਪੋਰਟ ਨੂੰ ਆਧਾਰ ਮੰਨ ਕੇ ਪੁਲੀਸ ਨੇ 600 ਯੁਵਕਾਂ ਦੀ ਰਿਹਾਈ ਦੀ ਪ੍ਰਵਾਨਗੀ ਦੇ ਦਿਤੀ ਹੈ। ਰਾਜ ਸਰਕਾਰ ਇਕ ਅੱਧ ਦਿਨ ਵਿਚ ਰਿਹਾਈਆਂ ਦਾ ਆਦੇਸ਼ ਜਾਰੀ ਕਰ ਦੇਵੇਗੀ। ਸਰਕਾਰੀ ਸੂਤਰਾਂ ਅਨੁਸਾਰ ਮੁਖ ਮੰਤਰੀ ਸ. ਬਰਨਾਲਾ ਨੇ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਬੀ. ਐਸ. ਧਾਲੀਵਾਲ ਅਤੇ ਗ੍ਰਹਿ ਸਕੱਤਰ ਨਾਲ ਮੁਲਾਕਾਤ ਕੀਤੀ। ਸਮਝਿਆ ਜਾਂਦਾ ਹੈ ਕਿ ਮੁਖ ਮੰਤਰੀ ਨੇ ਪੁਲੀਸ ਵਿਭਾਗ ਨੂੰ ਬੈਂਸ ਕਮੇਟੀ ਦੀਆਂ ਸਿਫਾਰਿਸ਼ਾਂ ਬਾਰੇ ਨਰਮ ਰਵੱਈਆ ਅਪਨਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਬੈਂਸ ਕਮੇਟੀ ਦੇ ਕੰਮ ਵਿਚ ਪੁਲੀਸ ਦਾ ਰਵੱਈਆ ਸਹਿਯੋਗ ਵਾਲਾ ਹੋਣਾ ਚਾਹੀਦਾ ਹੈ।

ਕਮੇਟੀ ਨੇ 992 ਕੇਸਾਂ ਬਾਰੇ ਵੱਖ ਵੱਖ ਸਿਫਾਰਸ਼ਾਂ ਕਰ ਕੇ ਸਰਕਾਰ ਨੂੰ ਭੇਜੀਆਂ ਸਨ ਜਿਨ੍ਹਾਂ ਵਿਚੋਂ 400 ਕੇਸ ਮੁਕੰਮਲ ਤੌਰ ਉਤੇ ਵਾਪਸ ਲੈਣ ਦੀ ਸਿਫਾਰਸ਼ ਕੀਤੀ ਗਈ ਸੀ। ਇਨ੍ਹਾਂ ਸਾਰੇ ਕੇਸਾਂ ਵਿਚ 2000 ਤੋਂ ਉਪਰ ਯੁਵਕ ਸ਼ਾਮਲ ਹਨ।

ਕਲਕੱਤਾ 'ਚ 1000 ਦੁਕਾਨਾਂ ਸੁਆਹ

ਕਲਕੱਤਾ — ਕਲਕੱਤੇ ਦੇ ਹੇਠਲੇ ਪਾਸੇ ਇਕ ਨਵੀਂ ਫੈਸ਼ਨੇਬਲ ਮਾਰਕੀਟ ਵਿਚ ਜ਼ਬਰਦਸਤ ਅੱਗ ਲਗ ਗਈ। ਗੈਰ ਸਰਕਾਰੀ ਰਿਪੋਰਟਾਂ ਅਨੁਸਾਰ 1000 ਪਰ ਸਰਕਾਰੀ ਤੌਰ ਤੇ 700 ਦੁਕਾਨਾਂ ਸੜ ਕੇ ਸੁਆਹ ਹੋ ਗਈਆਂ। ਕੋਈ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਮਿਲੀ। ਅੱਗ ਬੁਝਾਉਣ ਲਈ 22 ਇੰਜਣ ਕੰਮ ਕਰਦੇ ਰਹੇ ਅਤੇ 150 ਫੌਜੀ ਜਵਾਨਾਂ ਅਤੇ ਫੌਜੀ ਸਾਜ਼ ਸਾਮਾਨ ਦੀ ਸਹਾਇਤਾ ਲਈ ਗਈ। ਪੱਛਮੀ ਬੰਗਾਲ ਦੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਪਰਸਾਂਤ ਸੁਰ ਨੇ ਦੱਸਿਆ ਕਿ ਗਾਲਬਨ ਅੱਗ ਪਲਾਸਟਿਕ ਦੀਆਂ ਵਸਤਾਂ ਵਾਲੀ ਦੁਕਾਨ ਤੋਂ ਅੱਧੀ ਰਾਤ ਵੇਲੇ ਸ਼ੁਰੂ ਹੋਈ ਜੋ ਸਾਰੇ ਖੇਤਰ ਵਿਚ ਫੈਲ ਗਈ। ਜਿਸ ਨਾਲ ਜਾਇਦਾਦ ਦਾ ਭਾਰੀ ਨੁਕਸਾਨ ਹੋਇਆ। ਸਾਰੇ ਖੇਤਰ ਦੀ ਨਾਕਾਬੰਦੀ ਕਰ ਦਿਤੀ ਗਈ ਹੈ। ਮੁਖ ਮੰਤਰੀ ਸ੍ਰੀ ਜਿਓਤੀ ਬਾਸੂ ਨੂੰ ਜੋ ਮੁਰਸ਼ਦਾਬਾਦ ਵਿਚ ਹਨ, ਇਸ ਘਟਨਾ ਦੀ ਸੂਚਨਾ ਦੇ ਦਿਤੀ ਗਈ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਵੀਜ਼ਾ ਖਤਮ ਕਰੋ

ਬਦੇਸ਼ੀ ਭਾਰਤੀਆਂ ਨੂੰ ਭਾਰਤ ਜਾਣ ਲਈ ਵੀਜ਼ਾ ਪਿਛਲੇ ਦੋ-ਤਿੰਨ ਸਾਲਾਂ ਤੋਂ ਲਾਗੂ ਹੈ। ਇਸੁ ਇਸਦੇ ਖਾਤਮੇ ਲਈ ਸਮੇਂ ਸਮੇਂ ਕਈ ਜਥੇਬੰਦੀਆਂ ਮੰਗ ਵੀ ਕਰਦੀਆਂ ਆ ਰਹੀਆਂ ਹਨ ਅਤੇ ਵਿਅਕਤੀਗਤ ਤੌਰ ਉਤੇ ਆਮ ਲੋਕ ਇਸ ਵੀਜ਼ੇ ਦੇ ਝੰਜਟ ਤੋਂ ਦੁਖ ਹਨ।

ਜਿਸ ਉਦੇਸ਼ ਨਾਲ ਭਾਰਤ ਸਰਕਾਰ ਨੇ ਇਹ ਵੀਜ਼ਾ ਲਾਗੂ ਕੀਤਾ ਅਤੇ ਪੰਜਾਬ ਨੂੰ "ਗੜਬੜ ਵਾਲਾ' ਏਰੀਲੇ ਕਰਾਰ ਦੇ ਕੇ ਉਸ ਲਈ ਵਿਸ਼ੇਸ਼ ਪਰਮਿਟ ਲੇ ਕੇ ਹੀ ਦਾਖਲੇ ਦਾ ਪਾਬੰਦੀ ਲਾਈ ਸੀ, ਸ਼ਾਇਦ ਹੀ ਇਸ ਵੀਜ਼ੇ ਅਤੇ ਪਰਮਿਟ ਨੇ ਉਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਕੋਈ ਸਹਾਇਤਾ ਕੀਤੀ ਹੋਵੇ।

ਪੰਜਾਂਬ ਦੇ 'ਗੜਬੜ ਵਾਲੇ' ਏਰੀਏ ਦੀ ਮਿਆਦ ਨਵੰਬਰ ਵਿਚ ਪੁੱਗ ਚੁੱਕੀ ਹੈ, ਹੁਣ ਉਸ ਦੀ ਮਹੀਨਾ, ਮਹੀਨਾ ਕਰਕੇ ਵਧਾਈ ਜਾ ਰਹੀ ਮਿਆਦ ਦੀ ਕੋਈ ਦਲੀਲ ਸਮਝ ਵਿਚ ਨਹੀਂ ਪੈਂਦੀ, ਜਦੋਂ ਪੰਜਾਬ ਵਿਚ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਨੇ ਰਾਜ ਸੱਤਾ ਸੰਭਾਲ ਲਈ ਹੈ।

ਜਿਥੇ ਇਹ ਵੀਜ਼ਾ ਪ ਅਤੇ ਪ੍ਰਮਿਟ ਹੁਣ ਅਣਉਚਿਤ ਹਨ, ਉਥੇ ਆਮ ਭਾਰਤੀ ਭਾਰਤ ਸਰਕਾਰ ਨੂੰ ਕੋਸ ਰਹੇ ਹਨ ਕਿ ਇਹ ਬੇਵਜਹ ਅੜਚਨ ਖੜੀ ਕਰ ਰੱਖੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵੀਜ਼ੇ ਦੀ ਅਤੇ ਕੈਨੇਡਾ ਆਉਣ ਲਈ ਵਿਜ਼ਟਰਾਂ ਲਈ ਕਨੇਡੀਅਨ ਵੀਜ਼ੇ ਦੇ ਤੋਹਫੇ ਸਾਨੂੰ ਖਾਲਿਸਤਾਨੀਆਂ ਦੀ ਮਿਹਰਬਾਨੀ ਨਾਲ ਹੀ ਪ੍ਰਾਪਤ ਹੋਏ ਹਨ। ਪ੍ਰੰਤੂ ਵੀਜ਼ਾ ਪ੍ਰਾਪਤ ਕਰਨ ਦੀ ਖੁਆਰੀ ਦਾ ਸਾਹਮਣਾ ਕਰਦੇ ਹੋਏ ਲੋਕ ਖਾਲਿਸਤਾਨੀਆਂ ਦੀ ਥਾਂ ਸਰਕਾਰ ਵਲੋਂ ਖੜੀ ਕੀਤੀ ਬੇਮਤਲਬ ਵਕਤ-ਖਾਊ ਸਜ਼ਾ ਵਜੋਂ ਹੀ ਇਸ ਨੂੰ ਲੈਂਦੇ ਹਨ।

ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਕੇਂਦਰ ਉਪਰ ਜ਼ੋਰਬ ਦੇਵੇ ਕਿ ਪੰਜਾਬ ਦੀ 'ਵਿਸ਼ੇਸ਼ ਅਵਸਥਾ' ਨੂੰ ਖਤਮ ਕਰਵਾਵੇ ਅਤੇ ਪੰਜਾਂਬ ਦੇ ਲੋਕਾਂ ਨੂੰ ਵੱਖਵਾਦੀਆਂ ਦੀਆਂ ਲੋਕ ਵਿਰੋਧੀ ਅਤੇ ਦੇਸ਼ ਵਿਰੋਧੀ ਸਾਜ਼ਸ਼ਾਂ ਤੋਂ ਜਾਣੂੰ ਕਰਵਾ ਕੇ ਟਾਕਰਾ ਕਰੇ ਤਾਂ ਜੋ ਵੀਜ਼ਾ ਅਤੇ ਪਰਮਿਟ ਦੀ ਲਾਅਨਤ ਖਤਮ ਹੋ ਸਕੇ।

ਪੰਜਾਬੋਂ ਖਬਰਾਂ

ਇਨ੍ਹਾਂ ਦਿਨਾਂ ਵਿਚ ਪੰਜਾਬ ਤੋਂ ਜੋ ਖਬਰਾਂ ਆ ਰਹੀਆਂ ਹਨ, ਉਨ੍ਹਾਂ ਵਿਚ ਇਕ ਗੱਲ ਇਹ ਸਪਸ਼ਟ ਹੈ ਕਿ ਪੰਜਾਬ ਦੀ ਨਵੀਂ ਚੁਣੀ ਗਈ ਬਰਨਾਲਾ ਸਰਕਾਰ ਨੂੰ ਪੰਜਾਬ ਦੇ ਆਮ ਲੋਕਾਂ ਦੀ ਭਰਪੂਰ ਹਮਾਇਤ ਪ੍ਰਾਪਤ ਹੈ। ਬਿਜਲੀ, ਪਾਣੀ, ਖਾਦ, ਕੀੜੇ ਮਾਰ ਦੁਆਈਆਂ ਆਦਿ ਆਮ ਮਿਲਣ ਕਾਰਨ ਪੰਜਾਬ ਦੇ ਕਿਸਾਨ ਬਹੁਤ ਖੁਸ਼ ਹਨ।

ਬਰਨਾਲਾ ਸਰਕਾਰ ਦੀ ਲੋਕਾਂ ਵਿਚ ਪਰਵਾਨਗੀ ਤੋਂ ਅਤਿਵਾਦੀ ਅਤਿ ਦੁਖੀ ਹਨ, ਇਸ ਲਈ ਉਨ੍ਹਾਂ ਮੁੜਕੇ ਨਿਰਦਈ ਹਿੰਸਕ ਵਾਰਦਾਤਾਂ ਆਰੰਭ ਦਿਤੀਆਂ ਹਨ। ਇਹ ਵੱਖਵਾਦੀਆਂ ਦੀ ਬੁਖਲਾਹਟ ਦੀ ਨਿਸ਼ਾਨੀ ਹੀ ਕਹੀ ਜਾ ਸਕਦੀ ਹੈ। ਜੋ ਚਾਹੁੰਦੇ ਹਨ ਕਿ ਬਰਨਾਲਾ ਸਰਕਾਰ ਲੋਕਾਂ ਲਈ ਚੰਗੇ ਕੰਮ ਨਾ ਕਰ ਸਕੇ। ਰਾਜੀਵ-ਲੌਂਗੋਵਾਲ ਸਮਝੌਤਾ ਕਿਵੇਂ ਨਾ ਕਿਵੇਂ ਸਿਰੇ ਨਾ ਚੜ੍ਹੇ, ਕੁਝ ਅਫਸਰਸ਼ਾਹੀ ਦੇ ਹਿੱਸੇ ਵੀ, ਸਰਕਾਰ ਤੋਂ ਪੁਠੇ ਕੰਮ ਕਰਵਾਉਣਾ ਚਾਹੁੰਦੇ ਹਨ, ਜੋ ਵੱਖਵਾਦੀਆਂ ਲਈ ਸਹਾਈ ਸਿੱਧ ਹੋ ਸਕਦੇ ਹਨ।

ਦੋ ਸ਼ਬਦਾਂ ਵਿਚ ਅੱਜ ਦੀਆਂ ਰਾਜਨੀਤਕ ਖਬਰਾਂ ਦਾ ਨਚੋੜ ਇਹ ਹੈ ਕਿ ਪੰਜਾਬ ਦੇ ਲੋਕਾਂ ਦੀ ਅਮਨ ਬਹਾਲ ਕਰਨ ਦੀ ਚਾਹ ਵਿਚੋਂ ਉਤਪੰਨ ਪੰਜਾਬ ਸਰਕਾਰ ਦਾ ਸਮਰਥਨ ਵੱਖਵਾਦੀਆਂ ਦੇ ਹੌਂਸਲਿਆਂ ਤੇ ਕਰੜੀ ਸੱਟ ਮਾਰ ਰਿਹਾ ਹੈ।

ਸਮਕਾਲੀ ਲਿਖਦੇ ਹਨ:

ਸਰਬ-ਸੰਮਤੀ ਨਾਲ ਹੋਈ ਚੋਣ

ਜਿਵੇਂ ਕਿ ਆਸ ਹੀ ਸੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਰਸਮੀ ਵੋਟ ਰਾਹੀਂ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਉਨ੍ਹਾਂ ਦੀ ਇਹ ਚੋਣ ਦੋ ਸਾਲਾਂ ਲਈ ਕੀਤੀ ਗਈ ਹੈ। ਅਕਾਲੀ ਦਲ ਦੀ ਜਨਰਲ ਹਾਊਸ ਦੀ ਮੀਟਿੰਗ ਵਿਚ ਉਂਜ ਇਹ ਮੰਗ ਵੀ ਉਭਰੀ ਸੀ ਕਿ ਉਨ੍ਹਾਂ ਨੂੰ ਪੰਜ ਸਾਲ ਲਈ ਇਸ ਜਥੇਬੰਦੀ ਦਾ ਪ੍ਰਧਾਨ ਚੁਣਿਆ ਜਾਏ ਪਰ ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਉਨ੍ਹਾਂ ਦੀ ਚੋਣ ਦੋ ਸਾਲ ਲਈ ਹੀ ਕੀਤੀ ਗਈ ਕਿ ਉਨ੍ਹਾਂ ਤੋਂ ਪਹਿਲੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਚੋਣ ਵੀ ਦੋ ਵਰ੍ਹਿਆਂ ਲਈ ਹੀ ਕੀਤੀ ਗਈ ਸੀ। ਨਾਲੇ ਉਂਜ ਵੀ ਪੰਜ ਸਾਲ ਦਾ ਸਮਾਂ ਬੜਾ ਲੰਬਾ ਹੁੰਦਾ ਹੈ, ਇਸ ਲਈ ਚੰਗੀ ਗੱਲ ਤਾਂ ਇਹ ਹੈ ਕਿ ਲੋਕਰਾਜੀ ਢੰਗ ਨਾਲ ਚੁਣੇ ਗਏ ਮੁਖੀ ਦੇ ਸਾਲੋ-ਸਾਲ ਦੇ ਕੰਮ ਤੇ ਨਜ਼ਰਸਾਨੀ ਰਹੇ। ਸ. ਸੁਰਜੀਤ ਸਿੰਘ ਬਰਨਾਲਾ ਦਾ ਇਉਂ ਸਰਬ-ਸੰਮਤੀ ਨਾਲ ਅਕਾਲੀ ਦਲ ਦਾ ਪ੍ਰਧਾਂਨ ਚੁਣੇ ਜਾਣਾ ਜਿਥੇ ਪੰਜਾਬ ਦੀ ਹੁਕਮਰਾਨ ਪਾਰਟੀ ਲਈ ਇਕ ਮਹੱਤਵਪੂਰਨ ਘਟਨਾ ਹੈ ਉਥੇ ਸਮੁੱਚੇ ਤੌਰ 'ਤੇ ਇਹ ਸਿੱਖ ਭਾਈਚਾਰੇ ਲਈ ਵੀ ਬੜੀ ਮਹੱਤਪਵੂਰਨ ਗੱਲ ਹੈ। ਭਾਵੇਂ ਇਸ ਚੋਣ ਵੇਲੇ ਮਾਮੂਲੀ ਜਿਹੀ ਵਿਰੋਧੀ ਆਵਾਜ਼ ਉਭਰੀ ਪਰ ਉਸ ਨੂੰ ਵੀ ਚੁੱਪ ਕਰਾ ਲਿਆ ਗਿਆ ਅਤੇ ਜਾਂ ਇਹ ਆਵਾਜ਼ ਏਨੀ ਮੱਧਮ ਸੀ ਕਿ ਇਸ ਵੱਲ ਕਿਸੇ ਦਾ ਧਿਆਨ ਹੀ ਨਹੀਂ ਗਿਆ। ਕੁਝ ਵੀ ਹੋਵੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਸ. ਬਰਨਾਲਾ ਦੀ ਇਸ ਤਰ੍ਹਾਂ ਹੋਈ ਚੋਣ ਨਾਲ ਜਿਥੇ ਅਕਾਲੀ ਦਲ ਵਧੇਰੇ ਮਜ਼ਬੂਤ ਹੋਇਆ ਹੈ ਉਥੇ ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਹੇਠਲੇ "ਸਾਂਝੇ" ਅਕਾਲੀ ਦਲ ਦੀ ਹਾਲਤ ਵਧੇਰੇ ਪਤਲੀ ਹੋ ਗਈ ਹੈ। ਇਸ ਲਈ ਇਸ ਵੇਲੇ "ਸਾਂਝੇ" ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਆਪਣੀ ਕਾਰਵਾਈ ਬੰਦ ਕਰ ਦੇਵੇ ਜਾਂ ਫਿਰ ਘੱਟੋ ਘੱਟ ਇਸ ਦਲ ਨੂੰ ਕੋਈ ਹੋਰ ਨਾਂ ਦੇ ਲਏ। ਇਸੇ ਦੌਰਾਨ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਦਲ ਨਾਲ ਬਰੈਕਟਾਂ ਵਿਚ ਲੱਗੇ (ਲੌਂਗੋਵਾਲ) ਸ਼ਬਦ ਨੂੰ ਹਟਾ ਲਏ। ਹਾਂ, ਜੇ ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਤਿਕਾਰ ਵਜੋਂ ਇਸ ਸ਼ਬਦ ਨੂੰ ਨਾਲ ਜੋੜੀ ਰੱਖਣਾ ਚਾਹੁੰਦਾ ਹੈ ਤਾਂ ਗੱਲ ਵੱਖਰੀ ਹੈ।

ਤੇ ਅਕਾਲੀ ਦਲ ਨੇ ਹੁਣ ਜਦੋਂ ਕਿ ਸਿਖ ਭਾਈਚਾਰੇ ਦੀ ਮੁਖ ਸਿਆਸੀ ਜਥੇਬੰਦੀ ਵਜੋਂ ਵਿਸ਼ਾਲ ਮਾਨਤਾ ਹਾਸਲ ਕਰ ਲਈ ਹੈ ਅਤੇ ਨਾਲ ਹੀ ਆਪਣੇ ਨੇਤਾ ਦੀ ਸਰਬ-ਸੰਮਤੀ ਨਾਲ ਚੋਣ ਕਰ ਲਈ ਹੈ ਤਾਂ ਇਸ ਨੂੰ ਚਾਹੀਦਾ ਹੈ ਕਿ ਇਹ ਬਰਨਾਲਾ ਸਰਕਾਰ ਨੂੰ ਠੀਕ ਤਰ੍ਹਾਂ ਨਾਲ ਚਲਣ ਵਿਚ ਉਸ ਦੀ ਸਹਾਇਤਾ ਲਈ ਅਗਲਾ ਲਾਜ਼ਮੀ ਕਦਮ ਚੁੱਕੇ। ਇਸਦੇ ਨਾਲ ਹੀ ਇਸ ਨੂੰ ਇਹ ਵੀ ਚਾਹੀਦਾ ਹੈ ਕਿ ਜਿਨ੍ਹਾ ਬੁਨਿਆਦੀ ਸ਼ਰਤਾਂ ਉਤੇ ਪੰਜਾਬ ਸਮਝੌਤੇ ਨੂੰ ਨੇਪਰੇ ਚਾੜ੍ਹਿਆ ਗਿਆ ਸੀ, ਉਨ੍ਹਾਂ ਨੂੰ ਬਿਨਾਂ ਤਿਆਗਿਆਂ ਇਹ ਜਿੰਨਾ ਵੀ ਸੰਭਵ ਹੋਵੇ ਆਪਣੇ ਵਿਰੋਧੀਆਂ ਨੂੰ ਆਪਣੇ ਨਾਲ ਮਿਲਾਉਣ ਦੀ ਕੋਸ਼ਿਸ਼ ਕਰੇ ਕਿਉਂਕਿ ਇਨ੍ਹਾਂ ਸ਼ਰਤਾਂ ਦਾ ਮੁਢਲਾ ਉਦੇਸ਼ ਪੰਜਾਬ ਵਿਚ ਮੁੜ ਅਮਨ ਅਤੇ ਸਦਭਾਵਨਾ ਲਿਆਉਣਾ ਵਾਜਬ ਤਰਕ ਤੇ ਸੋਚ-ਵਿਚਾਰ ਰਾਹੀਂ ਇਸ ਦੇ ਲੋਕਾਂ ਲਈ ਨਿਆਂ ਪ੍ਰਾਪਤ ਕਰਨਾ ਅਤੇ ਅਫਿਰਕੂ ਤੇ ਵੱਖਵਾਦੀ ਤਾਕਤਾਂ ਵਿਰੁੱਧ ਲੜਨਾ ਸੀ। ਹੁਣ ਇਨ੍ਹਾਂ ਉਦੇਸ਼ਾਂ ਨੂੰ ਨੇਪਰੇ ਚਾੜ੍ਹਨ ਲਈ ਅਕਾਲੀ ਦਲ ਨੇ ਉਸ ਧੜੇਬੰਦੀ ਨੂੰ ਘਟਾ ਕੇ ਆਪਣੀਆਂ ਕੋਸ਼ਿਸ਼ਾਂ ਪਹਿਲਾਂ ਹੀ ਆਰੰਭ ਦਿਤੀਆਂ ਹਨ, ਜਿਸ ਨੇ ਬੀਤੇ ਸਮੇਂ ਵਿਚ ਸਿੱਖ ਰਾਜਨੀਤੀ ਦਾ ਹੁਲੀਆ ਵਿਗਾੜ ਦਿਤਾ ਸੀ। ਕੁਝ ਵੀ ਹੋਵੇ ਅਕਾਲੀ ਦਲ ਨੂੰ ਇਸ ਵੇਲੇ ਇਹ ਨਿਸ਼ਚਾ ਕਰਨਾ ਪਏਗਾ ਕਿ ਇਹ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਨਜ਼ਰੀਏ ਨਾਲ ਕਿੱਥੋਂ ਕੁ ਤਕ ਮਿਲ ਕੇ ਚਲਣ ਲਈ ਤਿਆਰ ਹੈ ਕਿਉਂਕਿ ਫੈਡਰੇਸ਼ਨ ਨੇ ਸਿੱਖ ਭਾਈਚਾਰੇ ਦੇ ਮਾਮਲਿਆਂ ਵਿਚ ਆਪਣੇ ਲਈ ਵੱਖਰੀ ਥਾਂ ਬਨਾਉਣੀ ਕੀ ਕੋਸ਼ਿਸ਼ ਜੋ ਸ਼ੁਰੂ ਕਰ ਰੱਖੀ ਹੈ। ਇਥੇ ਇਹ ਵਰਨਣਯੋਗ ਹੈ ਕਿ ਸ. ਗੁਰਚਰਨ ਸਿੰਘ-ਟੌਹੜਾ ਜਿਹੜੇ ਹੁਣੇ ਜਿਹੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ, ਦੀ ਚੋਣ ਇਸੇ ਨਾਲ ਮਿਲ ਕੇ ਚਲਣ ਦੇ ਨਜ਼ਰੀਏ ਨਾਲ ਹੀ ਸੰਭਵ ਹੋਈ ਹਾਲਾਂ ਕਿ ਉਹ ਖੁਦ ਅਕਾਲੀ ਜਥੇਬੰਦੀ ਵਿਚ ਬਹੁਤੇ ਹਰਮਨ ਪਿਆਰੇ ਨਹੀਂ ਹਨ ਪਰ ਉਨ੍ਹਾਂ ਦੀ ਇਕ ਆਪਣੀ ਥਾਂ ਹੈ, ਆਪਣਾ ਰੁਤਬਾਂ ਹੈ, ਜਿਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਜੇ ਉਨ੍ਹਾਂ ਨੂੰ ਇਸ ਗੱਲ ਲਈ ਪ੍ਰੇਰ ਲਿਆ ਜਾਵੇ ਕਿ ਉਹ ਅਕਾਲੀ ਦਲ ਦੇ ਨਵੇਂ ਪ੍ਰਧਾਨ ਅਤੇ ਮੁਖ ਮੰਤਰੀ ਨੂੰ ਆਪਣਾ ਪੂਰਾ ਪੂਰਾ ਸਮਰਥਨ ਦੇਣ ਤਾਂ ਫਿਰ ਸ. ਸੁਰਜੀਤ ਸਿੰਘ ਬਰਨਾਲਾ ਸਿਰ ਜੋ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ, ਉਨ੍ਹਾਂ ਨੂੰ ਉਹ ਆਸਾਨੀ ਨਾਲ ਨੇਪਰੇ ਚੜ੍ਹਾ ਸਕਦੇ ਹਨ। ਇਸ ਦੇ ਨਾਲ ਪੰਜਾਬ ਦੇ ਖਜ਼ਾਨਾ ਮੰਤਰੀ ਸ. ਬਲਵੰਤ ਸਿੰਘ ਲਗਭਗ ਖਾਮੋਸ਼ ਹੀ ਰਹੇ ਹਨ ਪਰ ਅਕਾਲੀ ਦਲ ਦੇ ਪ੍ਰਧਾਨ ਦੀ ਸਰਬ-ਸੰਮਤੀ ਨਾਲ ਚੋਣ ਵਿਚ ਉਨ੍ਹਾਂ ਵਲੋਂ ਪਿਛੋਕੜ ਵਿਚ ਰਹਿ ਕੇ ਪਾਇਆ ਗਿਆ ਹਿੱਸਾ ਕਾਫੀ ਮਹੱਤਵਪੂਰਨ ਹੈ।

(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ ਵਿਚੋਂ)

ਪੰਜਾਬ ਦੀ ਅਜੋਕੀ ਰਾਜਸੀ ਸਥਿਤੀ

—ਗੁਰਚਰਨ ਸਿੰਘ ਰੰਧਾਵਾ—

ਹਰ ਦੇਸ਼ ਵਾਸੀ ਅਤੇ ਖਾਸ ਕਰ ਪੰਜਾਬ ਨੂੰ ਇਸ ਗੱਲ ਤੇ ਚਿੰਤਾ ਹੋਣ ਲੱਗੀ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤੇ ਪਿਛੋਂ ਰਾਜ ਦੇ ਹਾਲਾਤ ਜਿਹੜੇ ਸੁਖਾਵੇਂ ਹੋਣ ਲਗੇ ਸਨ। ਉਹ ਮੁੜ ਖਰਾਬ ਹੋਣ ਜਾ ਰਹੇ ਹਨ। ਅਮਰੀਕੀ ਸਾਮਰਾਜ ਅਤੇ ਪਾਕਿਸਤਾਨ ਦੀ ਫੌਜੀ ਜੁੰਡੀ ਨੂੰ ਇਹ ਗੱਲ ਭਾਉਂਦੀ ਨਹੀਂ ਸੀ। ਇਹਨਾਂ ਦੀ ਸ਼ਹਿ ਤੇ ਅਤਿਵਾਦੀ-ਵਖਵਾਦੀ ਦਹਿਸ਼ਤਪਸੰਦਾਂ ਅਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਸਰਗਰਮੀਆਂ ਮੁੜ ਵਧਣ ਲਗੀਆਂ ਹਨ। ਲਿੰਕ ਖੋਹਾਂ, ਡਾਕੇ ਅਤੇ ਕਤਲ ਬਹੁਤਾ ਕਰਕੇ ਇਕ ਫਿਰਕੇ ਦੇ ਹੋ ਰਹੇ ਹਨ ਜਿਸ ਕਾਰਨ ਘੱਟ ਗਿਣਤੀਆਂ ਵਿਚ ਮੁੜ ਡਰ ਸਹਿਮ ਅਤੇ ਅਸੁਰੱਖਿਆ ਦੀਆਂ ਭਾਵਨਾਵਾਂ ਮੁੜ ਜਾਗ ਰਹੀਆਂ ਹਨ। ਫਿਰਕੂ ਵੰਡ ਤਾਂ ਪਹਿਲਾਂ ਤੋਂ ਹੀ ਚਲੀ ਆ ਰਹੀ ਹੈ। ਕਤਲਾਂ ਵਿਰੁੱਧ ਰੋਸ ਹੜਤਾਲਾਂ ਕੀਤੀਆਂ ਜਾਣ ਲੱਗੀਆਂ ਹਨ।

● ਰਾਜੀਵ-ਲੌਂਗੋਵਾਲ ਸਮਝੌਤੇ ਤੇ ਅਮਲ ਵਿਚ ਵਿਘਨ ਪਾਇਆ ਜਾ ਰਿਹਾ ਹੈ। ਕੁਝ ਸ਼ਕਤੀਆਂ ਅਰੰਭ ਤੋਂ ਹੀ ਅਮਲ ਨੂੰ ਤਾਰਪੀਡੋ ਕਰਨ ਲਈ ਸਰਗਰਮ ਹਨ। ਜਿਸ ਕਾਰਨ ਇਸ ਤੇ ਅਮਲ ਦੀ ਰਫਤਾਰ ਮੱਧਮ ਪੈਣ ਲੱਗੀ ਹੈ।

● ਅਤਿਵਾਦੀ, ਵਖਵਾਦੀ ਖਾਲਿਸਤਾਨੀਆਂ ਤੇ ਦਹਿਸ਼ਤ-ਪਸੰਦਾਂ ਦੇ ਹੌਂਸਲੇ ਏਨੇ ਵੱਧ ਗਏ ਹਨ ਕਿ ਉਹ 'ਜਿਨ੍ਹਾਂ ਕੀਤੀ ਪੰਥ ਨਾਲ ਗਦਾਰੀ ਚੁਕ ਦਿਆਂਗੇ ਵਾਰੀ ਵਾਰੀ' ਦੇ ਨਾਹਰੇ ਖੁਲਮ ਖੁਲ੍ਹਾ ਮਾਰਦੇ ਫਿਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਾਲੇ ਦਿਨ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿਚ ਉਹ ਹਰਿਮੰਦਰ ਸਾਹਿਬ, ਦੇ ਹੈਡ ਗਰੰਥੀ ਗਿਆਨੀ ਸਾਹਿਬ ਸਿੰਘ ਉਪਰ ਹਮਲਾ ਕਰਕੇ ਉਹਨਾਂ ਨੂੰ ਜ਼ਖਮੀ ਕਰ ਦਿਤਾ ਅਤੇ ਉਸ ਦੇ ਅੰਗ ਰਖਿਅਕ ਦੀ ਹੱਤਿਆ ਕਰ ਦਿਤੀ। ਕੁਲ ਹਿੰਦ ਸਿੱਖ ਸਟੂਡੈਂਟਸ ਫੈਡਰੇਸ਼ਨ ਨਿਤ ਕਾਲਜਾਂ ਵਿਚ ਹੜਤਾਲਾਂ ਕਰਵਾ ਅਤੇ ਟਰੈਫਿਕ ਜਾਮ ਕਰ ਰਹੇ ਹਨ। ਇਸ ਤਰ੍ਹਾਂ ਬਰਨਾਲਾ ਸਰਕਾਰ ਤੇ ਜ਼ੋਰ ਪਾ ਰਹੇ ਹਨ ਕਿ ਉਹ ਸਾਰੇ ਸਿੱਖ ਨੌਜਵਾਨ ਨਜ਼ਰਬੰਦਾਂ ਤੇ ਕੈਦੀਆਂ ਨੂੰ ਤੁਰੰਤ ਰਿਹਾ ਕਰੇ; ਤੇ ਸਾਰੇ ਕੱਢੇ ਫੌਜੀਆਂ ਨੂੰ ਬਹਾਲ ਕੀਤਾ ਜਾਵੇ।

ਇਹ ਹਾਲਾਤ ਮੁੜ ਪੈਦਾ ਕਰਨ ਦੀ ਜਿੰਮੇਵਾਰੀ ਤੋਂ ਅਕਾਲੀ ਦਲ ਅਤੇ ਬਰਨਾਲਾ ਸਰਕਾਰ ਬਚ ਨਹੀਂ ਸਕਦੀ।

ਚਲੀ ਆ ਰਹੀ ਸਥਿਤੀ ਮੰਗ ਤਾਂ ਇਹ ਕਰਦੀ ਸੀ ਕਿ ਸੰਤ ਲੌਂਗੋਵਾਲ ਦੀ ਇਹਨਾਂ ਹੱਥੋਂ ਹਤਿਆ ਪਿਛੋਂ ਅਤੇ ਚੋਣਾਂ ਵਿਚ ਲੋਕਾਂ ਵਲੋਂ ਮਿਲੀ ਭਾਰੀ ਹਮਾਇਤ ਨੂੰ ਵਰਤਕੇ ਅਕਾਲੀ ਦਲ ਅਤਿਵਾਦੀਆਂ ਤੇ ਖਾਲਿਸਤਾਨੀਆਂ ਨੂੰ ਲੋਕਾਂ ਵਿਚੋਂ ਨਿਖੇੜ ਦੇਣ। ਲੋਕਾਂ ਵਿਚ ਇਹਨਾ ਦੀਆਂ ਦੇਸ਼ ਧਰੋਹੀ ਸਰਗਰਮੀਆਂ ਅਤੇ ਇਹਨਾਂ ਪਿਛੇ ਸਾਮਰਾਜੀ ਹੱਥ ਨੂੰ ਨੰਗਾ ਕਰਦੇ ਅਤੇ ਲੋਕਾਂ ਨੂੰ ਇਹਨਾਂ ਵਿਰੁੱਧ ਉਭਾਰਦੇ। ਇਹ ਹੋਰ ਦਲੇਰ ਹੋ ਗਏ। ਸ਼ੇਰਪੁਰ ਦੇ ਗੁਰਦੁਆਰੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ ਅਤੇ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿਚ ਗਿਆਨੀ ਸਾਹਿਬ ਸਿੰਘ ਤੇ ਹੋਏ ਹਮਲੇ ਨੇ ਲੋਕਾਂ ਤੇ ਖਾਸ ਕਰ ਸਿੱਖਾਂ ਨੂੰ ਝੰਜੋੜਿਆ ਇਹਨਾਂ ਐਕਸ਼ਨਾਂ ਨੇ ਇਹ ਗੱਲ ਨੰਗੀ ਚਿੱਟੀ ਸਾਹਮਣੇ ਲੈ ਆਂਦੀ ਹੈ ਕਿ ਇਹਨਾਂ ਅਤਿਵਾਦੀ ਦਹਿਸ਼ਤ ਪਸੰਦਾਂ ਹੱਥੋਂ ਅਕਾਲੀ ਲੀਡਰਸ਼ਿਪ ਤੇ ਸਿਖ ਧਾਰਮਕ ਨੇਤਾ ਵੀ ਸੁਰੱਖਿਅਤ ਨਹੀਂ ਹਨ ਅਤੇ ਨਾ ਹੀ ਇਹਨਾਂ ਦੇ ਮਨਾਂ ਵਿਚ ਧਾਰਮਕ ਸਥਾਨਾਂ ਦਾ ਕੋਈ ਸਤਿਕਾਰ ਨਹੀਂ ਹੈ। ਇਹਨਾਂ ਹਰਿਮੰਦਰ ਕੰਪਲੈਕਸ ਨੂੰ ਮੁੜ ਆਪਣੀਆਂ ਸਰਗਰਮੀਆਂ ਲਈ ਵਰਤਣਾ ਸ਼ੁਰੂ ਕਰ ਦਿਤਾ ਹੈ।

ਇਹਨਾਂ ਹਾਲਾਤ ਵਿਚ ਅਕਾਲੀ ਲੀਡਰਾਂ ਨੂੰ ਇਹਨਾਂ ਵਿਰੁੱਧ ਮੂੰਹ ਖੋਹਲ ਅਤੇ ਬਿਆਨ ਦੇਣ ਲਈ ਮਜ਼ਬੂਰ ਹੋਣਾ ਪਿਆ। ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਵਲੋਂ ਲੋਕਾਂ ਨੂੰ ਭਰੋਸਾ ਦੇਣਾ ਪਿਆ ਕਿ ਉਹ ਹਰਿਮੰਦਰ ਕੰਪਲੈਕਸ ਅੰਦਰ ਅਮਨ ਕਾਇਮ ਰਖਣ ਲਈ ਕਦਮ ਚੁਕਣਗੇ। ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਬਿਆਨ ਦਿਤਾ 'ਸਰਕਾਰ ਪਾਸ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਅਤਿਵਾਦੀ ਪਾਕਿਸਤਾਨ ਵਿਚੋਂ ਸਿਖਲਾਈ ਪ੍ਰਾਪਤ ਕਰਦੇ ਹਨ ਅਤੇ ਉਹਨਾਂ ਨੂੰ ਖਾਸ ਯੋਜਨਾਵਾਂ ਉਤੇ ਅਮੱਲ ਦੀਆਂ ਹਦਾਇਤਾ ਦਿਤੀਆਂ ਜਾਂਦੀਆਂ ਹਨ। ਸਰਕਾਰ ਆਪਣੀ ਜਿੰਮੇਵਾਰੀ ਨਿਭਾਉਣ ਤੋਂ ਪਿਛੇਂ ਨਹੀਂ ਰਹੇਗੀ।'

ਇਹਨਾਂ ਅਤਿਵਾਦੀਆਂ ਬਾਰੇ ਜਿਹੜੇ ਸੁਝਾਅ ਪਾਰਟੀ ਅਕਾਲੀ ਲੀਡਰਸ਼ਿਪ ਤੇ ਸਰਕਾਰ ਨੂੰ ਦਿੰਦੀ ਆ ਰਹੀ ਹੈ। ਆਖਿਰ ਅਕਾਲੀ ਲੀਡਰਸ਼ਿਪ ਨੂੰ ਹਾਲਾਤ ਨੇ ਉਸੇ ਸੇਧ ਵਿਚ ਤੁਰਨ ਲਈ ਮਜ਼ਬੂਰ ਕਰ ਦਿਤਾ ਹੈ। ਪਾਰਟੀ ਦੀ ਅੱਜ ਵੀ ਇਹ ਪੱਕੀ ਰਾਇ ਹੈ ਕਿ ਅਤਿਵਾਦੀਆਂ ਵਿਰੁੱਧ ਬਿਆਨ ਦੇਣਾ ਹੀ ਕਾਫੀ ਨਹੀਂ ਅਕਾਲੀ ਲੀਡਰਸ਼ਿਪ ਤੋਂ ਬਰਨਾਲ ਸਰਕਾਰ ਨੂੰ ਆਪਣੀਆਂ ਪਿਛਲੀਆਂ ਗਲਤੀਆਂ ਤੋਂ ਸਿਖਿਆ ਲੈਂਦੇ ਹੋਏ ਇਹਨਾਂ ਅਤਿਵਾਦੀ ਖਾਲਿਸਤਾਨੀ ਦਹਿਸ਼ਤ ਪਸੰਦਾਂ ਵਿਰੁੱਧ ਲੋਕਾਂ ਨੂੰ ਉਭਾਰਨ ਲਈ ਲਗਾਤਾਰ ਮੁਹਿੰਮ ਚਲਾਉਣੀ ਹੋਵੇਗੀ। ਇਹਨਾਂ ਪਿਛੇ ਅਮਰੀਕਨ ਸਾਮਰਾਜ ਤੇ ਪਾਕਿਸਤਾਨ ਦੀ ਜੁੰਡਲੀ ਦੇ ਹੱਥ ਨੂੰ ਦਰਸਾਉਣਾ ਹੋਵੇਗਾ। ਜਿਹੜਾ ਕਿ ਇਨਾਂ ਰਾਹੀਂ ਦੇਸ਼ ਵਿਚ ਅਸਥਿਰਤਾ ਤੇ ਗੜਬੜ ਪੈਦਾ ਕਰਨ ਲਈ ਸਰਗਰਮ ਹਨ।

● ਅਕਾਲੀ ਦਲ ਦੀ ਇਸ ਮੁਹਿੰਮ ਦੇ ਨਾਲ ਨਾਲ ਬਰਨਾਲਾ ਸਰਕਾਰ ਨੂੰ ਗੁੰਮਰਾਹ ਹੋਏ ਨੌਜਵਾਨਾਂ ਅਤੇ ਸਾਮਰਾਜ ਹੱਥ ਵਿਕ ਚੁਕੇ ਲੋਕਾਂ ਵਿਚਕਾਰ ਫਰਕ ਕਰਨਾ ਹੋਵੇਗਾ। ਦੇਸ਼ ਧਰੋਹੀਆਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁਧ ਸਖਤ ਕਦਮ ਚੁਕਣੇ ਹੋਣਗੇ। ਸ਼੍ਰੋਮਣੀ ਗੁ: ਪ੍ਰੰ: ਕਮੇਟੀ ਵਲੋਂ ਹਰਿਮੰਦਰ ਕੰਪਲੈਕਸ ਅਤੇ ਹੋਰ ਇਤਿਹਾਸਕ ਧਰਮ ਸਥਾਨਾਂ ਦੀ ਇਨਾਂ ਅਨਸਰਾਂ ਨੂੰ ਆਪਣੀਆਂ ਸਰਗਰਮੀਆਂ ਲਈ ਦੁਰਵਰਤੋਂ ਕਰਨ ਦੀ ਵਰਤੋਂ ਨੂੰ ਕਰੜੇ ਹੱਥੀਂ ਰੋਕਣਾ ਹੋਵੇਗਾ। ਅਕਾਲੀ ਲੀਡਰਸ਼ਿਪ ਵਿਚ ਵੀ ਧੜੇਬੰਦੀ ਹੈ ਉਹਨਾਂ ਸਾਰਿਆਂ ਦੀ ਹਾਲੇ ਵੀ ਇਹਨਾਂ ਅਤਿਵਾਦੀਆਂ ਵਲੋਂ ਪਹੁੰਚ ਇਕ ਨਹੀਂ ਏਸੇ ਕਾਰਨ ਉਹ ਇਹਨਾਂ ਵਿਰੁੱਧ ਮੂੰਹ ਨਹੀਂ ਖੋਲਦੇ ਰਹੇ।

● ਰਾਜੀਵ-ਲੌਂਗੋਵਾਲ ਸਮਝੌਤਾ ਪੰਜਾਬ ਦੀ ਸਥਿਤੀ ਵਿਚ ਕੁਝ ਸੁਖਾਵਾਂਪਨ ਲਿਆਉਣ ਅਤੇ ਸਾਮਰਾਜੀਆਂ ਦੇ ਘਿਨੌਣੇ ਮਨਸੂਬਿਆਂ ਨੂੰ ਅਸਫਲ ਬਣਾਉਣ ਵਿਚ ਸਹਾਈ ਹੁੰਦਾ ਹੈ। ਤੇ ਅਮਲ ਨੂੰ ਤਾਰਪੀਡੋ ਕਰਨ ਲਈ ਇਕ ਪਾਸੇ ਅਤਿਵਾਦੀ, ਵਖਵਾਦੀ ਖਾਲਿਸਤਾਨੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿਤੀਆਂ ਹਨ। ਉਹ ਇਸ ਸਮਝੌਤੇ ਨੂੰ ਪੰਥ ਨਾਲ ਗਦਾਰੀ ਦਸ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਬਰਨਾਲਾ ਸਰਕਾਰ ਨੂੰ ਕੇਂਦਰ ਕਾਂਗਰਸ ਸਰਕਾਰ ਦੀ ਕਠਪੁਤਲੀ ਦਸ ਰਹੇ ਹਨ। ਉਥੇ ਬਰਨਾਲਾ ਸਰਕਾਰ ਤੇ ਦਬਾਅ ਪਾਉਣ ਲਈ ਕਾਲਜਾਂ ਵਿਚ ਹੜਤਾਲਾਂ ਤੇ ਹੜਤਾਲਾਂ ਕਰਵਾ ਰਹੇ ਹਨ। ਟਰੈਫਿਕ ਜਾਮ ਕਰ ਰਹੇ ਹਨ। ਸਤਲੁਜ, ਜਮਨਾਂ ਲਿੰਕ ਨਹਿਰ ਦੀ ਖੁਦਾਈ ਰੋਕਣ ਲਈ ਅੰਦੋਲਨ ਕਰ ਰਹੇ ਹਨ। ਇਹ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਉਚੇਚੇ ਤੌਰ ਤੇ ਭੜਕਾ ਰਹੇ ਹਨ।

ਜਦ ਕਿ ਦੂਜੇ ਪਾਸੇ ਹਰਿਆਣੇ ਵਿਚ ਹਰਿਆਣਾ ਲੋਕ ਦਲ ਅਤੇ ਭਾਰਤੀ ਜਨਤਾ ਪਾਰਟੀ ਸਮਝੌਤੇ ਵਿਰੁੱਧ ਹਰਿਆਣੇ ਦੇ ਲੋਕਾਂ ਦੇ ਛਾਵਨਵਾਦੀ ਜਜ਼ਬਾਤ ਭੜਕਾ ਰਹੇ ਹਨ। ਪਾਰਲੀਮੈਂਟ ਦਾ ਘਿਰਾਉ ਕਰਨ ਜਾ ਰਹੇ ਹਨ।

● ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ ਬਿਆਨ ਦੇ ਰਿਹਾ ਹੈ ਕਿ "ਫਾਜ਼ਿਲਕਾ, ਅਬੋਹਰ ਲਏ ਬਿਨਾਂ ਚੰਡੀਗੜ੍ਹ ਪੰਜਾਬ ਹਵਾਲੇ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।" ਅਤੇ ਪੰਜਾਬ ਦਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਬਿਆਨ ਦੇ ਰਿਹਾ ਹੈ ਕਿ "ਚੰਡੀਗੜ੍ਹ ਬਦਲੇ ਫਾਜ਼ਿਲਕਾ, ਅਬੋਹਰ ਦੇਣ ਬਾਰੇ ਉਹ ਗੱਲਬਾਤ ਕਰਨ ਨੂੰ ਹੀ ਤਿਆਰ ਨਹੀਂ।" ਪੰਜਾਬ ਤੇ ਹਰਿਆਣਾ ਦੋਹਾਂ ਪ੍ਰਾਤਾਂ ਵਿਚ ਇਸ ਸਵਾਲ ਤੇ ਲੋਕਾਂ ਨੂੰ ਭੜਕਾਇਆ ਜਾ ਰਿਹਾ ਹੈ ਜਿਹੜਾ ਕੇਵਲ ਫਿਰਕੂ ਤੇ ਅਤਿਵਾਦੀਆਂ ਨੂੰ ਹੀ ਸਮੱਗਰੀ ਮੁਹੱਈਆ ਕਰਦਾ ਹੈ।

ਮੈਥਿਊ ਕਮਿਸ਼ਨ ਨੂੰ ਚੰਡੀਗੜ੍ਹ ਬਦਲੇ ਦਿਤੇ ਜਾਣ ਵਾਲੇ ਪਿੰਡਾਂ ਦੀ ਨਿਸ਼ਾਨਦੇਹੀ ਕਰਨ ਲਈ ਸਮਝੌਤੇ ਮੁਤਾਬਿਕ ਦੋਹਾਂ ਧਿਰਾਂ ਵਲੋਂ ਪ੍ਰਵਾਨਤ ਅਸੂਲ ਪਿੰਡ ਨੂੰ ਇਕਾਈ ਮੰਨ ਕੇ, ਭਾਸ਼ਾ ਦੇ ਅਧਾਰ ਤੇ ਨਾਲ ਲਗਦੇ ਪਿੰਡ ਨਾਲ ਕੇਂਦਰੀ ਸਰਕਾਰੀ ਨੇ ਆਪਣੇ ਆਪ ਹੋਰ ਮੱਦਾਂ ਜੋੜ ਦਿਤੀਆਂ। ਇਹ ਕੇਂਦਰ ਸਰਕਾਰ ਵਲੋਂ ਉਲੰਘਣਾ ਹੈ। ਜਿਸ ਨੂੰ ਅਧਾਰ ਬਣਾ ਕੇ ਹਰਿਆਣਾ ਸਰਕਾਰ ਨੂੰ ਫਾਜ਼ਿਲਕਾ, ਅਬੋਹਰ ਤੇ ਇਸ ਇਲਾਕੇ ਦੇ ਸੈਂਕੜੇ ਪਿੰਡ ਮੰਗਣਾ ਸ਼ੁਰੂ ਕਰ ਦਿਤਾ ਹੈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵੀ ਇਸ ਹੋਰ ਗੱਲਾਂ ਵਾਲੀ ਮਦ ਦੇ ਜੋੜੇ ਜਾਣ ਨੂੰ ਗਲਤ ਕਹਿਣਾ ਪਿਆ ਅਤੇ ਭਰੋਸਾ ਦਿਤਾ ਸੀ ਕਿ ਕੋਈ ਕਾਂਗਰਸ ਸਰਕਾਰ ਇਸ ਤੇ ਨਜਾਇਜ਼ ਲਾਭ ਨਹੀਂ ਉਠਾਏਗੀ। ਪਰ ਜਾਪਦਾ ਇਹ ਹੈ ਕਿ ਮੈਥਿਊ ਕਮਿਸ਼ਨ ਨੂੰ ਹਾਲੇ ਤਾਈਂ ਇਸ ਹੋਈ ਗਲਤੀ ਬਾਰੇ ਸੂਚਿਤ ਨਹੀਂ ਕੀਤਾ ਗਿਆ।

ਇਸੇ ਕਾਰਨ ਮੈਥਿਊ ਕਮਿਸ਼ਨ ਨੇ ਦੋਹਾਂ ਧਿਰਾਂ ਨੂੰ ਸੁਣ ਕੇ ਮਸਲੇ ਦੇ ਹੱਲ ਲਈ ਪਿੰਡਾਂ ਵਿਚ ਜਾ ਕੇ ਮੌਕੇ ਤੇ ਲੋਕਾਂ ਦੀ ਭਾਸ਼ਾ ਜਾਨਣ ਦਾ ਸੁਝਾਓ ਪੇਸ਼ ਕੀਤਾ ਹੈ। ਅੱਜ ਦੀ ਸਥਿਤੀ ਵਿਚ ਇਹ ਸੁਝਾਅ ਹਾਲਾਤ ਨੂੰ ਹੋਰ ਖਰਾਬ ਕਰੇਗਾ। ਪੰਜਾਬ ਸਰਕਾਰ ਨੇ ਕਮਿਸ਼ਨ ਦੇ ਇਸ ਸੁਝਾਓ ਨੂੰ ਦਰੁਸਤ ਤੌਰ ਤੇ ਰੱਦ ਕਰ ਦਿਤਾ ਹੈ।

ਸੀ. ਪੀ. ਆਈ. (ਮਾਰਕਸਵਾਦੀ) ਨੇ ਤਾਂ ਸ਼ੁਰੂ ਵਿਚ "ਇਸ ਮਦ" ਦੇ ਜੋੜੇ ਜਾਣ ਬਾਰੇ ਇਤਰਾਜ ਕੀਤਾ ਸੀ ਅਤੇ ਵਾਪਸ ਲੈਣ ਦੀ ਮੰਗ ਕੀਤੀ ਸੀ ਅਤੇ ਅਜ ਵੀ ਮੰਗ ਕਰਦੀ ਹੈ ਕਿ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦਿਤੇ ਜਾਣ ਵਾਲੇ ਪਿੰਡਾਂ ਦੀ ਨਿਸ਼ਾਨਦੇਹੀ ਕਰਨ ਲਈ "ਪਿੰਡ ਨੂੰ ਇਕਾਈ ਮੰਨ ਕੇ ਭਾਸ਼ਾ ਦੇ ਅਧਾਰ ਤੇ ਨਾਲ ਲਗਦੇ ਇਲਾਕੇ ਦੇ ਅਸੂਲਾਂ" ਦੇ ਅਧਾਰ ਤੇ ਹਰਿਆਣਾ ਨੂੰ ਹਿੰਦੀ ਵਿਚ ਭਾਸ਼ਾਈ ਪਿੰਡ ਦਿਤੇ ਜਾਣ ਅਤੇ ਪਿਛੋਂ ਜੋੜੀ 'ਹੋਰ ਮੱਦਾਂ' ਦੀ ਸ਼ਰਤ ਵਾਪਸ ਲਈ ਜਾਵੇ। ਨਹੀਂ ਤਾਂ ਕੇਂਦਰੀ ਸਰਕਾਰ ਵੀ ਹਾਲਤ ਨੂੰ ਖਰਾਬ ਕਰਨ

(ਬਾਕੀ ਪੰਨਾ 5 ਤੇ)

ਵਜ਼ਾਰਤ ਵਿਚ ਵਾਧੇ ਸਮੇਂ ਬਾਦਲ ਸਮਰਥਕ ਵਿਧਾਇਕਾਂ ਨੂੰ ਵਜ਼ੀਰੀਆਂ ਸੰਭਵ

—ਜਗਤਾਰ ਸਿੰਘ ਸਿਧੂ—

ਚੰਡੀਗੜ੍ਹ — ਪੰਜਾਬ ਵਿਚ ਅਕਾਲੀ ਵਜ਼ਾਰਤ ਅੰਦਰ ਆਉਂਦੇ ਕੁਝ ਹੀ ਦਿਨਾ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ। ਵਜ਼ਾਰਤ ਵਿਚ ਵਧੇਰੇ ਨਵੇਂ ਚਿਹਰੇ ਸ਼ਾਮਲ ਕੀਤੇ ਜਾਣਗੇ। ਮੰਤਰੀ ਮੰਡਲ ਦੇ ਵਿਸਥਾਰ ਦਾ ਕੰਮ ਦੋ ਪੜਾਵਾਂ ਵਿਚ ਮੁਕੰਮਲ ਹੋਵੇਗਾ।

ਇਸ ਵੇਲੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਵਿਚ ਪੰਜ ਮੰਤਰੀ ਸ਼ਾਮਲ ਹਨ। ਪਹਿਲੇ ਮੰਤਰੀ ਮੰਡਲ ਨੇ 29 ਸਤੰਬਰ ਨੂੰ ਸਹੁੰ ਚੁੱਕੀ ਸੀ।

ਭਰੋਸੇਯੋਗ ਸੂਤਰਾਂ ਅਨੁਸਾਰ ਸ. ਸੁਰਜੀਤ ਸਿੰਘ ਬਰਨਾਲਾ ਇਸ ਗੱਲ ਦੇ ਹੱਕ ਵਿਚ ਨਹੀਂ ਹਨ ਕਿ ਮੰਤਰੀ ਮੰਡਲ ਵਿਚ ਵੱਡੇ ਪੱਧਰ ਉਤੇ ਵਾਧਾ ਕੀਤਾ ਜਾਵੇ। ਉਨ੍ਹਾਂ ਦੀ ਰਾਇ ਹੈ ਕਿ ਛੋਟੀ ਵਜ਼ਾਰਤ ਵਧੇਰੇ ਫੁਰਤੀ ਨਾਲ ਕੰਮ ਕਰ ਸਕਦੀ ਹੈ। ਅਤੇ ਉਸ ਦਾ ਰਾਜ ਦੀ ਆਰਥਿਕਤਾ ਉਤੇ ਵੀ ਵਧੇਰੇ ਬੋਝ ਨਹੀਂ ਪੈਂਦਾ। ਵਜ਼ਾਰਤ ਅੰਦਰ ਵਾਧੇ ਦੇ ਪਹਿਲੇ ਪੜਾਅ ਵਿਚ ਛੇ ਤੋਂ ਅੱਠ ਤੱਕ ਨਵੇਂ ਮੰਤਰੀ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਵਿਚੋਂ ਤਿੰਨ ਜਾਂ ਚਾਰ ਨੂੰ ਰਾਜ ਮੰਤਰੀ ਲਿਆ ਜਾਵੇਗਾ।

ਇਹ ਵੀ ਸਮਝਿਆ ਜਾਂਦਾ ਹੈ ਕਿ ਵਾਧੇ ਦੇ ਪਹਿਲੇ ਪੜਾਅ ਵਿਚ ਸ਼ਾਮਲ ਹੋਣ ਵਾਲੇ ਲਗਭਗ ਅੱਧੇ ਮੈਂਬਰ ਪਿਛਲੀ ਅਕਾਲੀ ਵਜ਼ਾਰਤ ਵਿਚ ਵਜ਼ੀਰ ਰਹਿ ਚੁੱਕੇ ਹਨ। ਬਾਕੀ ਨਵੇਂ ਚਿਹਰਿਆਂ ਨੂੰ ਵੀ ਅੱਗੇ ਆਉਣ ਦਾ ਮੌਕਾ ਦਿਤਾ ਜਾਵੇਗਾ। ਇਕੋ ਇਕ ਇਸਤਰੀ ਅਕਾਲੀ ਵਿਧਾਇਕ ਬੀਬੀ ਜਗਦੀਸ਼ ਕੌਰ ਨੂੰ ਵੀ ਵਜ਼ਾਰਤ ਵਿਚ ਸ਼ਾਮਲ ਕਰ ਲਏ ਜਾਣ ਦੀ ਸੰਭਾਵਨਾ ਹੈ।

ਇਨ੍ਹਾਂ ਸੂੰਤਰਾਂ ਅਨੁਸਾਰ ਵਜ਼ਾਰਤ ਵਿਚ ਵਾਧੇ ਸਮੇਂ ਪਾਰਟੀ ਅੰਦਰਲੇ ਗਰੁਪਾਂ ਨੂੰ ਵੀ ਵੀ ਪੂਰੀ ਤਰਾਂ ਧਿਆਨ ਵਿਚ ਰੱਖਿਆ ਗਿਆ ਹੈ। ਹੋ ਸਕਦਾ ਹੈ ਕਿ ਵਾਧੇ ਦੇ ਪਹਿਲੇ ਦੌਰ ਵਿਚ ਦਲ ਦੀ ਯੁਵਾ ਪੀੜ੍ਹੀ ਨੂੰ ਉਸ ਰੂਪ ਵਿਚ ਪ੍ਰਤੀਨਿਧਤਾ ਨਾ ਮਿਲੇ ਜਿਸ ਰੂਪ ਵਿਚ ਗਿਆਸ-ਅਰਾਈਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਗਰੁਪਾਂ ਦੇ ਨਾਲ ਨਾਲ ਇਲਾਕੇ ਅਨੁਸਾਬ ਸੰਤੁਲਨ ਕਾਇਮ ਰੱਖਣ ਲਈ ਚੋਣ ਕਰਦੇ ਸਮੇਂ ਸਾਰੇ ਖੇਤਰਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਇਹ ਪਤਾ ਲੱਗਾ ਹੈ ਕਿ ਘੱਟੋ ਘੱਟ ਤਿੰਨ ਜਾਂ ਚਾਰ ਮੰਤਰੀ ਸਾਬਕਾ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਹਮਾਇਤੀਆਂ ਵਿਚੋਂ ਲਏ ਜਾਣਗੇ। ਬੇਸ਼ੱਕ ਮੁਖ ਮੰਤਰੀ ਸ. ਬਰਨਾਲਾ ਦੇ ਹਮਾਇਤੀ ਅਜੇ ਵੀ ਇਹ ਯਤਨ ਕਰਨਗੇ ਕਿ ਸ੍ਰੀ ਬਾਦਲ ਨੂੰ ਵਜ਼ਾਰਤ ਵਿਚ ਸ਼ਾਮਲ ਕਰਨ ਲਈ ਮਨਾ ਲਿਆ ਜਾਵੇ ਪ੍ਰੰਤੂ ਸ. ਬਾਦਲ ਦੇ ਹਦਾਇਤੀਆਂ ਅਨੁਸਾਰ ਇਹ ਉਕਾ ਹੀ ਨਾਮੁਮਕਨ ਹੈ। ਸ੍ਰੀ ਬਾਦਲ ਇਸ ਵੇਲੇ ਪੱਕੇ ਤੌਰ 'ਤੇ ਇਹ ਮਨ ਬਣਾ ਚੁ ਚੁੱਕੇ ਹਨ ਕਿ ਉਹ ਵਜ਼ਾਰਤ ਜਾਂ ਸ਼ਰੋਮਣੀ ਅਕਾਲੀ ਦਲ ਦੇ ਕਿਸੇ ਵੀ ਜ਼ਿੰਮੇਵਾਰ ਅਹੁਦੇ ਉਤੇ ਰਹਿ ਕੇ ਕੰਮ ਨਹੀਂ ਕਰਨਗੇ।

ਸ. ਬਾਦਲ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਸ. ਬਾਦਲ ਇਸ ਵੇਲੇ ਇਸ ਗੱਲ ਦੇ ਹੱਕ ਵਿਚ ਨਹੀਂ ਹਨ ਕਿ ਵਜ਼ਾਰਤ ਜਾਂ ਦਲ ਵਿਚ ਕਿਸੇ ਅਹੁਦੇਦਾਰੀ ਲਈ ਬਖੇੜਾ ਖੜ੍ਹਾ ਕੀਤਾ ਜਾਵੇ। ਇਸ ਲਈ ਉਹ ਆਪਣੇ ਸਮਰਥਕਾਂ ਨੂੰ ਵਜ਼ਾਰਤ ਵਿਚ ਸ਼ਾਮਲ ਹੋਣ ਤੋਂ ਵੀ ਨਹੀਂ ਰੋਕਣਗੇ। ਇਹ ਕਿਹਾ ਜਾਂਦਾ ਹੈ ਕਿ ਸਾਬਕਾ ਮੁਖ ਮੰਤਰੀ ਨੇ ਤਾਂ ਆਪਣੇ ਹਮਾਇਤੀਆਂ ਨੂੰ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਸਮੇਂ ਸ. ਗੁਰਚਰਨ ਸਿੰਘ ਟੌਹੜਾ ਦਾ ਵਿਰੋਧ ਕਰਨ ਤੋਂ ਵੀ ਰੋਕਿਆ ਸੀ। ਇਸ ਦੇ ਬਾਵਜੂਦ ਸਪੀਕਰ ਸ. ਰਵੀਇੰਦਰ ਸਿੰਘ ਨੇ ਸ. ਟੌਹੜਾ ਦਾ ਵਿਰੋਧ ਕੀਤਾ ਜਿਸਦੇ ਸਿੱਟੇ ਵਜੋਂ ਸ. ਬਾਦਲ ਦੇ ਹਮਾਇਤੀਆਂ ਨੂੰ ਨਿਰਾਸ਼ਤਾ ਦਾ ਹੀ ਸਾਹਮਣਾ ਕਰਨਾ ਪਿਆ। ਸ. ਬਾਦਲ ਦਾ ਕਹਿਣਾ ਹੈ ਕਿ ਲੋਕਾਂ ਨੇ ਅਕਾਲੀ ਵਿਧਾਇਕਾਂ ਨੂੰ ਚੁਣ ਕੇ ਭੇਜਿਆ ਹੈ ਇਸ ਲਈ ਇਹ ਵਜ਼ਾਰਤ ਪੰਜ ਸਾਲ ਲਈ ਕਾਇਮ ਰਹਿਣੀ ਹੀ ਚਾਹੀਦੀ ਹੈ।

ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਦੇ ਗਰੁਪ ਨੂੰ ਵਜ਼ਾਰਤ ਵਿਚ ਵਾਧੇ ਦੌਰਾਨ ਕੋਈ ਬਹੁਤੀ ਥਾਂ ਮਿਲਣ ਦੀ ਸੰਭਾਵਨਾ ਨਹੀਂ ਹੈ। ਸ. ਬਾਦਲ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਕ ਤਾਂ ਸ. ਟੌਹੜਾ ਦੇ ਗਰੁਪ ਨੂੰ ਪਿਛਲੀ ਛੇ ਮੈਂਬਰੀ ਵਜ਼ਾਰਤ ਵਿਚ ਹੀ ਚੰਗੀ ਪ੍ਰਤੀਨਿਧਤਾ ਮਿਲ ਚੁੱਕੀ ਹੈ। ਦੂਜਾ ਸ. ਟੌਹੜਾ ਨੂੰ ਸ਼ਰੋਮਣੀ ਕਮੇਟੀ ਦਾ ਪ੍ਰਧਾਂਨ ਲੈ ਲੈਣਾ ਵੀ ਘੱਟ ਅਹਿਮੀਅਤ ਵਾਲੀ ਗੱਲ ਨਹੀਂ ਹੈ। ਉਨ੍ਹਾਂ ਦੇ ਗਰੁਪ ਵਿਚੋਂ ਇਕ ਅੱਧ ਰਾਜ ਮੰਤਰੀ ਲਏ ਜਾਣ ਦੀ ਸੰਭਾਵਨਾ ਨੂੰ ਟਾਲਿਆ ਨਹੀਂ ਜਾ ਸਕਦਾ।

ਅਕਾਲੀ ਦਲ ਦੇ ਨਵੇਂ ਬਣੇ ਪ੍ਰਧਾਨ ਸ. ਬਰਨਾਲਾ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਨਵੇਂ ਵਜ਼ੀਰਾਂ ਵਿਚ ਵਧੇਰੇ ਸ. ਬਰਨਾਲਾ ਦੇ ਹਮਾਇਤੀ ਹੀ ਲਏ ਜਾਣਗੇ। ਮੁਖ ਮੰਤਰੀ ਇਹ ਚਾਹੁੰਦੇ ਹਨ ਕਿ ਵਧੇਰੇ ਭਰੋਸੇ ਅਤੇ ਦ੍ਰਿੜਤਾ ਨਾਲ ਕੰਮ ਕਰ ਕਰਨ ਲਈ ਇਕਸੁਰਤਾ ਨਾਲ ਚਲਣ ਵਾਲੇ ਅਕਾਲੀ ਵਿਧਾਇਕਾਂ ਨੂੰ ਵਜ਼ੀਰੀ ਲਈ ਪਹਿਲ ਦਿਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਸਿੱਖ ਪੰਥ ਲਈ ਕੁਰਬਾਨੀਆਂ ਅਤੇ ਵਫਾਦਾਰੀ ਨੂੰ ਵੀ ਧਿਆਨ ਵਿਚ ਰੱਖਿਆ ਜਾਵੇਗਾ।

ਅਕਾਲੀ ਹਲਕਿਆਂ ਦਾ ਕਹਿਣਾ ਹੈ ਕਿ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਵਜ਼ਾਰਤ ਵਿਚ ਛੇਤੀ ਵਾਧਾ ਕਰਨ ਦੇ ਹੱਕ ਵਿਚ ਨਹੀਂ ਸਨ ਪ੍ਰੰਤੂ ਵਜ਼ੀਰੀਆਂ ਦੇ ਚਾਹਵਾਨਾਂ ਨੇ ਲਗਾਤਾਰ ਇਹ ਫਰੰਟ ਖੋਲ੍ਹਿਆ ਹੋਇਆ ਹੈ ਜਿਸ ਕਰਕੇ ਵਜ਼ਾਰਤ ਵਿਚ ਵਾਧੇ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ। ਮੰਤਰੀ ਮੰਡਲ ਦੇ ਕੁਝ ਮੈਂਬਰ ਵੀ ਇਹ ਮਹਿਸੂਸ ਕਰਦੇ ਹਨ ਕਿ ਸ. ਬਰਨਾਲਾ ਵਜ਼ਾਰਤ ਵਿਚ ਵਾਧਾ ਕਰ ਕੇ ਬਹੁਤ ਸਾਰੇ ਵਿਭਾਗਾਂ ਦੀ ਮੁਢਲੀ ਜ਼ਿੰਮੇਵਾਰਥੀ ਤੋਂ ਫਾਰਗ ਹੋਣ। ਇਸ ਨਾਲ ਜਿੱਥੇ ਵਜ਼ਾਰਤ ਦਾ ਕੰਮ ਵਧੇਰੇ ਚੁਸਤੀ ਨਾਲ ਚਲੇਗਾ ਉਥੇ ਉਹ ਪਾਰਟੀ ਪ੍ਰਧਾਨ ਵਜੋਂ ਵੀ ਕੁਝ ਸਮਾਂ ਪਾਰਟੀ ਦੀਆਂ ਸਰਗਰਮੀਆਂ ਨੂੰ ਦੇ ਸਕਣਗੇ

ਕਾਨਪੁਰ 'ਚ ਦੰਗਿਆਂ ਦੀ ਜਾਂਚ ਸ਼ੁਰੂ

ਕਾਨਪੁਰ — ਇੰਦਰਾ ਗਾਂਧੀ ਦੇ ਕਤਲ ਪਿਛੋਂ 1984 ਦੇ ਨਵੰਬਰ ਦੇ ਪਹਿਲੇ ਹਫਤੇ ਦੌਰਾਨ ਦਿੱਲੀ, ਕਾਨਪੁਰ ਅਤੇ ਬੁਕਾਰੋ ਵਿਖੇ ਵਿਖੇ ਹੋਏ ਦੰਗਿਆਂ ਦੀ ਜਾਂਚ ਲਈ ਨਿਯੁਕਤ ਜਸਟਿਸ ਰੰਗਾਨਾਥ ਮਿਸ਼ਰਾ ਕਮਿਸ਼ਨ ਨੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ ਅਤੇ ਕਾਨਪੁਰ ਦੀਆਂ ਪ੍ਰਭਾਵਿਤ ਪਾਰਟੀਆਂ ਨੂੰ ਆਪਣੇ ਮਾਮਲੇ ਕਮਿਸ਼ਨ ਪਾਸ ਭੇਜਣ ਲਈ ਦੋ ਹਫਤੇ ਦਾ ਸਮਾਂ ਦਿਤਾ ਹੈ। ਕਮਿਸ਼ਨ ਦੰਗੇ ਅਤੇ ਹੋਰ ਗੜਬੜ ਦੇ ਨਮੂਨੇ ਵਜੋਂ ਵੀਹ ਕੇਸ ਲੈ ਕੇ ਤਫਦੀਸ਼ ਕਰੇਗਾ। ਇਕ ਮੈਂਬਰੀ ਮਿਸ਼ਰਾ ਜਾਂਚ ਕਮਿਸ਼ਨ ਦੀ ਅਗਲੀ ਬੈਠਕ 13 ਜਨਵਰੀ ਤੋਂ 17 ਤਕ ਕਾਨਪੁਰ ਵਿਚ ਬੰਦ ਕਮਰੇ ਵਿਚ ਹੋਵੇਗੀ। ਕਾਨ ਕਾਨਪੁਰ ਦੇ ਦੰਗਿਆਂ ਦੀ ਜਾਂਚ ਵਿਚ ਕਮਿਸ਼ਨ ਦੀ ਸਹਾਇਤਾ ਲਈ ਲੋਕ ਦਲ, ਆਰੀਆ ਸਮਾਜ, ਕਾਨਪੁਰ ਹਿੰਦੂ ਮੁਸਲਿਮ ਏਕਤਾ ਕਮੇਟੀ, ਅਕਾਲੀ ਦਲ (ਮਾਸਟਰ), ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਨੂੰ ਆਗਿਆ ਦਿਤੀ ਗਈ ਹੈ, ਇਹ ਪ੍ਰਭਾਵਿਤ ਲੋਕਾਂ ਦੇ ਕੇਸ ਪੇਸ਼ ਕਰਨਗੇ।

ਵੈਂਕਟਰਮਨ ਵਲੋਂ ਵਿਕਸਿਤ ਦੇਸ਼ਾਂ ਦੀਆਂ ਵਪਾਰਕ ਨੀਤੀਆਂ ਦੀ ਅਲੋਚਨਾ

ਨਵੀਂ ਦਿੱਲੀ — ਉਪ-ਰਾਸ਼ਟਰਪਤੀ ਸ੍ਰੀ ਆਰ ਵੈਂਕਟਰਮਨ ਨੇ ਵਿਕਸਿਤ ਦੇਸ਼ਾਂ ਤੇ ਦੋਸ਼ ਲਾਇਆ ਕਿ ਉਹ ਮਾਰਕੀਟ ਤਾਕਤਾਂ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰ ਕੇ ਵਿਸ਼ਵ ਵਪਾਰਕ ਪ੍ਰਣਾਲੀ ਵਿਚ ਵੱਡੀ ਪੱਧਰ ਤੇ ਗੜਬੜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਦੇ ਬਹੁਤ ਸੰਕੇਤ ਮਿਲ ਰਹੇ ਹਨ ਕਿ ਵਿਕਸਿਤ ਦੇਸ਼ ਸੁਰੱਖਿਆਵਾਦ ਦੀ ਇਕ ਨਵੀਂ ਲਹਿਰ ਸ਼ੁਰੂ ਕਰ ਰਹੇ ਹਨ ਅਤੇ ਆਪਣੀਆਂ ਮੰਡੀਆਂ ਤੇ ਬਾਹਰਲੇ ਦੇਸ਼ਾਂ ਲਈ ਪਾਬੰਦੀਆਂ ਲਾਉਣ ਦੇ ਨਵੇਂ ਖਤਰਿਆਂ ਨੂੰ ਜਨਮ ਦੇ ਰਹੇ ਹਨ। ਵੱਡੇ ਉਦਯੋਗਿਕ ਦੇਸ਼ਾਂ ਦੀਆਂ ਵਪਾਰਕ ਨੀਤੀਆਂ ਦੀ ਕਰੜੀ ਆਲੋਚਨਾ ਕਰਦਿਆਂ ਸ੍ਰੀ ਵੈਂਕਟਰਮਨ ਨੇ ਦੋਸ਼ ਲਾਇਆ ਕਿ ਵਿਕਸਿਤ ਦੇਸ਼ ਸੁਸਤ ਅਤੇ ਪੁਠੀਆਂ ਨੀਤੀਆਂ ਅਪਣਾ ਰਹੇ ਹਨ। ਜਿਹੜੀਆਂ ਲੰਮੇ ਸਮੇਂ ਵਿਚ ਉਨ੍ਹਾਂ ਦੇਸ਼ਾਂ ਅਤੇ ਵਿਕਾਸਸ਼ੀਲ ਦੋਵਾਂ ਦੇਸ਼ਾਂ ਦੇ ਹਿਤ ਦੇ ਲਈ ਮਾਰੂ ਸਾਬਤ ਹੋਣਗੀਆਂ। ਉਪ-ਰਾਸ਼ਟਰਪਤੀ ਇਥੇ 'ਬਹੁ-ਪੱਖੀ ਵਪਾਰਕ ਗੱਲਬਾਤ ਦੇ ਪ੍ਰਸਤਾਵਿਤ ਨਵੇਂ ਦੌਰ ਅਤੇ ਵਿਕਾਸਸ਼ੀਲ ਦੇਸ਼' ਬਾਰੇ ਇਕ ਦੋ ਦਿਨਾਂ ਕੌਮਾਂਤਰੀ ਸੰਮੇਲਨ ਦਾ ਉਦਘਾਟਨ ਕਰ ਰਹੇ ਸਨ। ਸ੍ਰੀ ਵੈਂਕਟਰਮਨ ਨੇ ਕਿਹਾ ਕਿ ਇਹ ਇਕ ਅਜੀਬ ਰੁਝਾਨ ਹੈ ਕਿ ਜਿਹੜੇ ਮੁਲਕ ਸੁਤੰਤਰ ਮੰਡੀਆਂ ਦੀਆਂ ਵਧ ਚੜ੍ਹ ਕੇ ਗੱਲਾਂ ਕਰਦੇ ਹਨ ਉਹ ਆਪ ਸੁਰੱਖਿਆਵਾਦ ਤੇ ਤੀਜੀ ਦੁਨੀਆਂ ਤੋਂ ਅਯਾਤ ਤੇ ਪਾਬੰਦੀਆਂ ਲਾਉਣ ਵਿਚ ਲਗੇ ਹੋਏ ਹਨ। ਉਨ੍ਹਾਂ ਕਿਹਾ ਕਿ ਬਹੁਪੱਖਤਾ ਦੇ ਸਿਧਾਂਤ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਉਪ-ਰਾਸ਼ਟਰਪਤੀ ਨੇ ਕਿਹਾ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਵਪਾਰ ਸਬੰਧੀ ਮੁਸ਼ਕਲਾਂ ਵਲ ਧਿਆਨ ਦੇਣ ਅਤੇ ਵਪਾਰ ਦੇ ਹੋਰ ਬੁਨਿਆਦੀ ਖੇਤਰਾਂ ਵਿਚ ਬਹੁਤ ਕੁਝ ਕਰਨਾ ਅਜੇ ਬਾਕੀ ਹੈ। ਵਿਕਸਿਤ ਦੇਸ਼ਾਂ ਵਲੋਂ ਵਪਾਰਕ ਗੱਲਬਾਤ ਦੇ ਅਗਲੇ ਦੌਰ ਵਿਚ ਸੇਵਾਵਾਂ ਨੂੰ ਵੀ ਸ਼ਾਮਲ ਕਰਨ ਦੀ ਕੋਸ਼ਿਸ਼ ਬਾਰੇ ਉਨ੍ਹਾਂ ਕਿਹਾ ਕਿ ਇਸ ਨਾਲ ਵੀ ਉਨ੍ਹਾਂ ਦੇਸ਼ਾਂ ਦਾ ਹੀ ਫਾਇਦਾ ਹੋਵੇਗਾ ਤੇ ਤੀਜੀ ਦੁਨੀਆਂ ਨੂੰ ਹੋਰ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਵਲੋਂ ਨਿਰਯਾਤ ਦੇ ਵਾਧੇ ਤੇ ਲਾਈਆਂ ਜਾ ਰਹੀਆਂ ਰੋਕਾਂ ਤੁਰੰਤ ਖਤਮ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਰਾਜਸੀ ਦ੍ਰਿੜਤਾ ਹੋਵੇ ਤਾਂ ਸਾਰੇ ਸਬੰਧਤ ਲੋਕਾਂ ਦੇ ਹਿਤ ਵਿਚ ਇਕ 'ਵਿਆਪਕ ਕਾਰਜ ਯੋਜਨਾ' ਬਣਾਉਣਾ ਮੁਸ਼ਕਲ ਨਹੀਂ ਹੋਵੇਗਾ।

ਅਕਾਲ ਤਖਤ ਦੀ ਮੁੜ ਉਸਾਰੀ ਲਈ ਤਿਆਰੀ?

ਅੰਮ੍ਰਿਤਸਰ — ਸ਼ਰੋਮਣੀ ਗੁ: ਪੰ: ਕਮੇਟੀ ਦਰਬਾਰ ਸਾਹਿਬ ਕੰਪਲੈਕਸ ਵਿਚ ਕਿਸੇ ਢੁਕਵੀਂ ਥਾਂ ਦੀ ਤਲਾਸ਼ ਕਰ ਰਹੀ ਹੈ ਤਾਂ ਜੋ ਗੁਰੂ ਗਰੰਥ ਸਾਹਿਬ ਪਾਲਕੀ ਸਾਹਿਬ ਤੇ ਹੋਰ ਪਵਿੱਤਰ ਵਸਤਾਂ ਨੂੰ ਅਕਾਲ ਤਖਤ ਤੋਂ ਤਬਦੀਲ ਕੀਤਾ ਜਾ ਸਕੇ। ਇਹ ਕਦਮ ਅਕਾਲ ਤਖਤ ਦੀ ਮੁੜ ਉਸਾਰੀ ਸ਼ੁਰੂ ਕਰਨ ਲਈ ਚੁਕਿਆ ਗਿਆ ਹੈ।

ਸ਼ਰੋਮਣੀ ਕਮੇਟੀ ਦੇ ਸੂਤਰਾਂ ਅਨੁਸਾਰ ਆਰਕੀਟੈਕਟ ਸ. ਮਹਿੰਦਰਜੀਤ ਸਿੰਘ ਨੂੰ ਤਖਤ ਦਾ ਡੀਜ਼ਾਈਨ ਤਿਅਰ ਕਰਨ ਦੀ ਡਿਊਟੀ ਸੌਂਪੀ ਗਈ ਹੈ। ਸੂਤਰਾਂ ਅਨੁਸਾਰ ਅਕਲ ਤਖਤ ਦੀ ਉਸਾਰੀ ਦੌਰਾਨ ਅਕਾਲ ਤਖਤ ਦੀਆਂ ਸਾਰੀਆਂ ਰਵਾਇਤਾਂ ਤੇ ਮਰਿਆਦਾ ਬਿਲਕੁਲ ਭੰਗ ਨਹੀਂ ਹੋਏਗੀ।

(ਪੰਨਾ 4 ਦੀ ਬਾਕੀ)

ਨਹੀ ਜ਼ਿੰਮੇਵਾਰ ਹੋਵੇਗੀ। ਸਮਝੌਤੇ ਤੇ ਈਮਾਨਦਾਰੀ ਨਾਲ ਅਮਲ ਨਾ ਕਰਨ ਦੇ ਦੋਸ਼ ਤੋਂ ਬਚ ਨਹੀਂ ਸਕੇਗੀ।

ਪੰਜਾਬ ਦੀ ਸਥਿਤੀ ਮੁੜ ਵਿਗੜਨ ਤੋਂ ਬਚਾਉਣ ਲਈ ਖੱਬੀਆਂ ਜਮਹੂਰੀ ਅਤੇ ਸੈਕੂਲਰ ਸ਼ਕਤੀਆਂ ਨੂੰ ਇਕੱਠੀਆਂ ਹੋ ਕੇ ਸਰਗਰਮੀ ਨਾਲ ਦਖਲ ਦੇਣਾ ਹੋਵੇਗਾ। ਇਹੋ ਸ਼ਕਤੀਆਂ ਹਨ ਜਿਨ੍ਹਾਂ ਨੇ ਧਰਮ ਨਿਰਲੇਪਤਾ ਦਾ ਝੰਡਾ ਬੁਲੰਦ ਰਖਿਆ ਹੈ। ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਲਈ, ਅਤਿਵਾਦੀਆਂ, ਵੱਖਵਾਦੀਆਂ ਨੂੰ ਲੋਕਾਂ ਵਿਚੋਂ ਨਿਖੇੜਨ ਲਈ ਪੂਰੀ ਸਰਗਰਮੀ ਨਾਲ ਕੰਮ ਕੀਤਾ ਹੈ। ਪੰਜਾਬ ਦੇ ਲੋਕ ਇਹਨਾਂ ਵੱਲ ਤਕਦੇ ਹਨ। ਇਹਨਾਂ ਸ਼ਕਤੀਆਂ ਨੂੰ ਇਕੱਠੀਆਂ ਹੋ ਕੇ ਦੇਸ਼ ਅਤੇ ਪੰਜਾਬ ਵਿਚ ਜ਼ਬਰਦਸਤ ਲੋਕ ਰਾਏ ਪੈਦਾ ਕਰਨੀ ਹੋਵੇਗੀ ਕਿ ਕੇਂਦਰ ਸਰਕਾਰ ਇਮਾਨਦਾਰੀ ਨਾਲ ਪੰਜਾਬ ਸਮੱਸਿਆ ਦੇ ਹੱਲ ਬਾਰੇ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰੇ। ਅਮਲ ਵਿਚ ਢਿਲ ਅਤਿਵਾਦੀਆਂ ਨੂੰ ਹੀ ਮਜ਼ਬੂਤ ਕਰ ਰਹੀ ਹੈ।

ਬੇਰੁਜ਼ਗਾਰ ਯੁਵਕਾਂ ਨੇ ਰੋਸ ਵਜੋਂ ਗੱਡੀਆਂ ਰੋਕੀਆਂ

ਅੰਬਾਲਾ — ਅੰਬਾਲਾ ਛਾਉਣੀ ਰੇਲਵੇ ਸਟੇਸ਼ਨ ਉਤੇ ਨੌਕਰੀਆਂ ਲੈਣ ਆਏ ਵਿਅਕਤੀਆਂ ਦੀ ਭੀੜ ਨੂੰ ਜਿਨ੍ਹਾਂ ਨੇ ਰੋਸ ਵਜੋਂ ਚਾਰ ਗੱਡੀਆਂ ਰੋਕੀਆਂ, ਖਿੰਡਾਉਣ ਲਈ ਰੇਲਵੇ ਪੁਲਸ ਨੇ ਤਾਕਤ ਦੀ ਵਰਤੋਂ ਕੀਤੀ। ਦੂਜੇ ਪਾਸੇ ਬੇਰੁਜ਼ਗਾਰ ਯੁਵਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਲਰਕਾਂ ਦੀਆਂ ਆਸਾਮੀਆਂ ਲਹੀ ਇੰਟਰਵਿਊ ਵਾਸਤੇ ਚੰਡੀਗੜ੍ਹ ਸੱਦਿਆ ਗਿਆ। ਉਹ ਇਹ ਰੋਸ ਪ੍ਰਗਟ ਕਰ ਰਹੇ ਸਨ ਕਿ ਮੁੱਠੀ ਭਰ ਆਸਾਮੀਆਂ ਲਈ ਭਾਰੀ ਗਿਣਤੀ ਵਿਚ ਉਮੀਦਵਾਰਾਂ ਨੂੰ ਇੰਟਰਵਿਊ ਲਈ ਸੱਦਿਆ ਗਿਆ ਅਤੇ ਇੰਜ ਰੇਲਵੇ ਸਲੈਕਸ਼ਨ ਬੋਰਡ ਨੇ ਉਨ੍ਹਾਂ ਨਾਲ ਫਰਾਡ ਕੀਤਾ। ਉਧਰ ਸਬੰਧਿਤ ਅਧਿਕਾਰੀਆਂ ਅਨੁਸਾਰ ਬੇਰੁਜ਼ਗਾਰਾਂ ਨੇ ਗੱਡੀਆਂ ਇਸ ਲਈ ਰੋਕੀਆਂ ਕਿਉਂਕਿ ਉਹ ਚਾਹੁੰਦੇ ਸਨ ਕਿ ਭੀੜ ਨੂੰ ਘੱਟ ਕਰਨ ਲਈ ਲੰਮੇ ਫਾਸਲੇ ਵਾਲੀਆਂ ਗੱਡੀਆਂ ਨਾਲ ਹੋਰ ਵਾਧੂ ਡੱਬੇ ਜੋੜੇ ਜਾਣ।

ਚੰਡੀਗੜ੍ਹ-ਲੁਧਿਆਣਾ ਰੇਲ ਲਾਈਨ ਸ਼ਹਿਰ ਦੀ ਸਭ ਤੋਂ ਵੱਡੀ ਜ਼ਰੂਰਤ

ਚੰਡੀਗੜ੍ਹ — ਸੱਤਵੀਂ ਪੰਜ ਵਰਸ਼ੀ ਯੋਜਨਾ ਦੌਰਾਨ ਚੰਡੀਗੜ੍ਹ-ਲੁਧਿਆਣਾ ਅਤੇ ਚੰਡੀਗੜ੍ਹ-ਜਗਾਧਰੀ ਰੇਲਵੇ ਲਾਈਨ ਦੀ ਉਸਾਰੀ ਨਾ ਹੋਣਾ ਚੰਡੀਗੜ੍ਹ ਦੇ ਵਿਕਾਸ ਵਿਚ ਇਕ ਵੱਡੀ ਰੁਕਾਵਟ ਬਣ ਜਾਵੇਗਾ। ਪਿਛਲੇ ਪੰਦਰਾਂ ਸਾਲਾਂ ਦੌਰਾਨ ਲੋਕਲ ਐਡਵਾਇਜ਼ਰੀ ਕਮੇਟੀ ਅਤੇ ਚੰਡੀਗੜ੍ਹ ਬਾਰੇ ਗ੍ਰਹਿ ਮੰਤਰੀ ਦੀ ਸਲਾਹਕਾਰ ਕਮੇਟੀ ਵਲੋਂ ਲਗਭਗ ਇਕ ਦਰਜਨ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਕੇਂਦਰੀ ਸਰਕਾਰ ਤੋਂ ਚੰਡੀਗੜ੍ਹ ਨੂੰ ਮੇਨ ਰੇਲਵੇ ਲਾਈਨ 'ਤੇ ਲਿਆਉਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਚੰਡੀਗੜ੍ਹ ਟੈਰੀਟੋਰੀਅਲ ਕਾਂਗਰਸ ਕਮੇਟੀ, ਚੰਡੀਗੜ੍ਹ ਸਟੇਟ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਵਰਗੀਆਂ ਪ੍ਰਮੁਖ ਸਿਆਸੀ ਪਾਰਟੀਆਂ ਵਲੋਂ ਵੀ ਕੇਂਦਰੀ ਸਰਕਾਰ 'ਤੇ ਇਹ ਦਬਾਓ ਪਾਇਆ ਗਿਆ ਕਿ ਉਹ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਚੰਡੀਗੜ੍ਹ-ਲੁਧਿਆਣਾ ਰੇਲਵੇ ਲਾਈਨ ਪ੍ਰਾਜੈਕਟ ਨੂੰ ਸਿਰੇ ਚਾੜ੍ਹੇ।

ਚੌਥੀ, ਪੰਜਵੀਂ ਤੇ ਛੇਵੀਂ ਪੰਜ-ਵਰਸ਼ੀ ਯੋਜਨਾਵਾਂ ਦੌਰਾਨ ਚੰਡੀਗੜ੍ਹ ਨੂੰ ਮੇਨ ਰੇਲਵੇ ਲਾਈਨ 'ਤੇ ਲਿਆਉਣ ਲਈ ਕਈ ਸਕੀਮਾਂ ਤਿਆਰ ਕੀਤੀਆਂ ਗਈਆਂ ਪਰ ਇਨ੍ਹਾਂ ਵਿਚੋਂ ਕੋਈ ਵੀ ਸਕੀਮ ਅਮਲੀ ਰੂਪ ਅਖਤਿਆਰ ਨਹੀਂ ਕਰ ਸਕੀ। ਪਿਛਲੇ ਵੀਹ ਸਾਲਾਂ ਦੌਰਾਨ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ ਵਿਚ ਭਾਰੀ ਵਿਕਾਸ ਸੰਭਵ ਹੋਇਆ ਹੈ। ਪਿੰਜੌਰ ਨੇੜੇ ਐਚ. ਐਮ. ਟੀ. ਅਤੇ ਮੋਹਾਲੀ ਵਿਚ ਸਵਰਾਜ ਟਰੈਕਟਰ ਫੈਕਟਰੀ ਤੋਂ ਇਲਾਵਾ ਮੋਹਾਲੀ ਤੇ ਪੰਚਕੂਲਾ ਵਿਚ ਵੱਡੇ ਪੱਧਰ 'ਤੇ ਕਾਰਖਾਨੇ ਤੇ ਫੈਕਟਰੀਆਂ ਲਗਾਈਆਂ ਗਈਆਂ ਹਨ। ਇਸ ਤਰ੍ਹਾਂ ਕਰੋੜਾਂ ਰੁਪਏ ਦਾ ਮਾਲ ਇਸ ਖੇਤਰ ਵਿਚ ਬਣ ਕੇ ਦੇਸ਼ ਦੇ ਦੂਜੇ ਹਿਸਿਆਂ ਵਿਚ ਪਹੁੰਚਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਵਿਚ ਜ਼ਰਾਇਤੀ ਉਪਜ ਦੇ ਵਾਧੇ ਕਾਰਨ ਚੰਡੀਗੜ੍ਹ ਇਕ ਵੱਡੀ ਮੰਡੀ ਬਣ ਗਈ ਹੈ। ਇਥੋਂ ਦੇ ਆਸ-ਪਾਸ ਦੇ ਇਲਾਕਿਆਂ ਦੇ ਵਪਾਰੀ ਚਾਵਲ, ਕਣਕ, ਮੈਦਾ, ਵੇਸਣ, ਮੱਕੀ ਤੇ ਜੀਰੀ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਸਪਲਾਈ ਕਰਦੇ ਹਨ। ਇਥੋਂ ਦਾ ਤਿਆਰ ਹੋਇਆ ਮਾਲ ਵਿਦੇਸ਼ਾਂ ਵਿਚ ਵੀ ਭੇਜਿਆ ਜਾ ਰਿਹਾ ਹੈ।

ਚੰਡੀਗੜ੍ਹ ਹੁਣ ਇਕ ਸੈਰਗਾਹ ਵਜੋਂ ਵੀ ਉਭਰ ਰਿਹਾ ਹੈ ਅਤੇ ਭਾਰਤੀ ਤੇ ਵਿਦੇਸ਼ੀ ਸੈਲਾਨੀ ਇਸ ਆਧੁਨਿਕ ਸ਼ਹਿਰ ਦੇ ਦਰਸ਼ਨਾਂ ਲਈ ਜ਼ਰੂਰ ਆਉਂਦੇ ਹਨ। ਅਜਿਹੀ ਸੂਰਤ ਵਿਚ ਇਸ ਦਾ ਮੇਨ ਲਾਈਨ ਨਾਲ ਨਾ ਜੁੜੇ ਹੋਣਾ ਜਿਥੇ ਸੈਲਾਨੀਆਂ ਲਈ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ ਉਥੇ ਵਪਾਰੀਆਂ ਤੇ ਸਨਅਤਕਾਰਾਂ ਲਈ ਵੀ ਆਪਣਾ ਮਾਲ ਤੇਜ਼ੀ ਨਾਲ ਦੇਸ਼ ਦੇ ਦੂਜੇ ਹਿਸਿਆਂ ਵਿਚ ਪਹੁੰਚਾਉਣ ਦੇ ਰਾਹ ਵਿਚ ਵੱਡੀ ਰੁਕਾਵਟ ਸਾਬਤ ਹੋ ਰਿਹਾ ਹੈ। ਚੰਡੀਗੜ੍ਹ ਸਟੇਟ ਅਕਾਲੀ ਦਲ ਦੇ ਪ੍ਰਧਾਨ ਜੋਗਿੰਦਰ ਸਿੰਘ ਸਾਹਨੀ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੋਂ ਮੰਗ ਕੀਤੀ ਹੈ ਕਿ ਚੰਡੀਗੜ੍ਹ ਦੇ ਪੰਜਾਬ ਨਾਲ ਰੇਲਵੇਂ ਦੇ ਨਾਲ ਨਾਲ ਚੰਡੀਗੜ੍ਹ-ਲੁਧਿਆਣਾ ਰੇਲ ਲਾਈਨ ਪ੍ਰਾਜੈਕਟ ਵੀ ਮੁੜ ਤੋਂ ਚਾਲੂ ਕੀਤਾ ਜਾਵੇ ਤਾਂ ਜੋ ਸ਼ਹਿਰ ਆਰਥਿਕ ਖੇਤਰ ਵਿਚ ਵਧ-ਫੁਲ ਸਕੇ।

ਫਿਰਕੂ ਅਨਸਰਾਂ ਵਿਰੁੱਧ ਚਿਤਾਵਨੀ

ਨਥਾਣਾ — ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਜ਼ਿਲਾ ਇਕਾਈ ਦੇ ਗੌਰਮਿੰਟ ਰਾਜਿੰਦਰਾ ਕਾਲਜ ਵਿਚ ਹੋਏ ਡੈਲੀਗੇਟ ਇਜਲਾਸ ਨੇ ਵਿਦਿਆਰਥੀਆਂ ਨੂੰ ਸੱਦਾ ਦਿਤਾ ਹੈ ਕਿ ਉਹ ਵਿਦਿਅਕ ਅਦਾਰਿਆਂ 'ਚ ਫਿਰਕੂ ਜ਼ਾਹਿਰ ਫੈਲਾ ਰਹੇ ਅਨਸਰਾਂ ਵਿਰੁਧ ਡਟ ਜਾਣ ਅਤੇ ਉਨ੍ਹਾਂ ਦੀਆਂ ਫਿਰਕੂ ਤੇ ਵਿਦਿਆਰਥੀਆਂ ਵਿਰੋਧੀ ਕਾਰਵਾਈਆਂ ਦਾ ਡਟ ਕੇ ਵਿਰੋਧ ਕਰਨ। ਇਜਲਾਸ ਦਾ ਉਦਘਾਟਨ ਸਾਬਕਾ ਵਿਦਿਆਰਥੀ ਆਗੂ ਮੱਖਣ ਸਿੰਘ ਨੇ ਕੀਤਾ

ਇਸ ਇਜਾਲਸ ਵਿਚ ਪਾਸ ਕੀਤੇ ਮਤਿਆਂ ਅਨੁਸਾਰ ਪੰਜਾਬ ਸਰਕਾਰ ਵਲੋਂ ਆਦਰਸ਼ ਸਕੂਲਾਂ ਦੀ ਸਕੀਮ ਮੁੜ ਚਾਲੂ ਕਰਨ ਅਤੇ ਵਿਦਿਆ 'ਤੇ ਸੈਸ ਲਾਉਣ ਦੀਆਂ ਤਜਵੀਜ਼ਾਂ ਦੀ ਸਖਤ ਨਿਖੇਧੀ ਕੀਤੀ ਗਈ। ਇਕ ਹੋਰ ਮਤੇ ਰਾਹੀਂ ਪੰਜਾਬੀ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਵਿਦਿਅਕ ਅਦਾਰਿਆਂ 'ਚ ਫਿਰਕੂ ਮਾਹੌਲ ਪੈਦਾ ਕਰ ਰਹੇ ਅਨਸਰਾਂ ਵਿਰੁਧ ਸਖਤ ਕਾਰਵਾਈ ਕੀਤੀ ਜਾਵੇ। ਪ੍ਰਸਿਧ ਨਾਟਕਕਾਰ ਕਪੂਰ ਸਿੰਘ ਘੁੰਮਣ ਦੀ ਬੇਵਕਤ ਮੌਤ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ। ਜ਼ਿਲੇ ਦੀ ਨਵੀਂ ਲੀਡਰਸ਼ਿਪ ਦੀ ਚੋਣ ਵੀ ਕੀਤੀ ਗਈ।

ਮਨੀਮਾਜਰਾ ਤੇ ਕਈ ਹੋਰ ਪਿੰਡਾਂ ਦੀ ਬੋਲੀ ਪੰਜਾਬੀ

ਚੰਡੀਗੜ੍ਹ — ਮਨੀਮਾਜਰਾ ਤੇ ਰੇਲਵੇ ਸਟੇਸ਼ਨ ਨੂੰ ਚੰਡੀਗੜ੍ਹ ਦੇ ਨਾਲ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਮੈਥਿਊ ਕਮਿਸ਼ਨ ਸਾਹਮਣੇ ਇਤਿਹਾਸਕ ਤੱਥ ਪੇਸ਼ ਕੀਤੇ ਜਾਣਗੇ। ਸਰਕਾਰੀ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਮਨੀਮਾਜਰਾ, ਸੁਖਨਾ ਝੀਲ ਦੇ ਉਪਰ ਦੇ ਪਿੰਡ, ਰੇਲਵੇ ਸਟੇਸ਼ਨ, ਰਾਇਪੁਰ ਕਲਾਂ ਦੇ ਪੁਰਾਣੇ ਰਿਕਾਰਡ ਤੋਂ ਪਤਾ ਲੱਗਿਆ ਹੈ ਕਿ ਇਨ੍ਹਾਂ ਪਿੰਡਾਂ ਦੇ ਲੋਕੀਂ ਪੰਜਾਬੀ ਬੋਲਦੇ ਹਨ ਤੇ ਇਨ੍ਹਾਂ ਪਿੰਡਾਂ ਦਾ ਮਹਕਿਮਾ ਮਾਲ ਦੇ ਰਿਕਾਰਡ ਤੋਂ ਇਹ ਪਤਾ ਲੱਗਿਆ ਹੈ ਕਿ ਸਾਬਕਾ ਪਟਿਆਲਾ ਰਿਆਹਸਤ ਸਮੇਂ ਤੋਂ ਇਨ੍ਹਾਂ ਪਿੰਡਾਂ ਦਾ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਹੁੰਦਾ ਰਿਹਾ ਹੈ। ਇਸ ਸਮੇਂ ਇਨ੍ਹਾਂ ਪਿੰਡਾਂ ਵਿਚ ਪੰਜਾਬੀ ਬੋਲੀ ਜਾਂਦੀ ਹੈ। ਇਹ ਗੱਲਵਰਨਣਯੋਗ ਹੈ ਕਿ ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਤੇ ਰਾਜਨੀਤਕ, ਸਮਾਜਿਕ ਤੇ ਵਪਾਰਕ ਜਥੇਬੰਦੀਆਂ ਵਲੋਂ ਪਹਿਲਾਂ ਵੀ ਮੈਥਿਊ ਕਮਿਸ਼ਨ ਨੂੰ ਯਾਦ ਪੱਤਰ ਭੇਜੇ ਗਏ ਹਨ।

ਏਕਤਾ ਪੰਦਰਵਾੜਾ ਮਨਾਉਣ ਦਾ ਫੈਸਲਾ

ਬਰਨਾਲਾ — ਫਿਰਕਾਪ੍ਰਸਤੀ ਵਿਰੋਧੀ ਐਕਸ਼ਨ ਕਮੇਟੀ ਨੇ 1 ਤੋਂ 15 ਜਨਵਰੀ ਤਕ ਏਕਤਾ ਪੰਦਰਵਾੜਾ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਖਾਲਿਸਤਾਨ ਪੱਖੀ ਅਤੇ ਸ਼ਿਵ ਸੈਨਾਂ ਦੀਆਂ ਪੰਜਾਬੀਆਂ ਦੀ ਏਕਤਾ ਨੂੰ ਢਾਹ ਲਾਉਣ ਦੀਆਂ ਨੀਤੀਆਂ ਨੂੰ ਨੰਗਾ ਕਰਕੇ, ਲੋਕਾਂ ਨੂੰ ਉਨ੍ਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਜਾਵੇਗੀ। ਐਕਸ਼ਨ ਕਮੇਟੀ ਮੀਟਿੰਗ ਉਪਰੰਤ ਇਸ ਦੇ ਕਨਵੀਨਰ ਜਗਤਾਰ ਸਿੰਘ, ਮੇਘ ਰਾਜ ਤੇ ਅਮੋਲਕ ਸਿੰਘ ਨੇ ਦੱਸਿਆ ਕਿ ਕਮੇਟੀ ਨੇ ਪਿਛਲੇ ਸਮੇਂ ਵਿਚ ਹੋਏ ਕਤਲਾਂ ਦੀ ਨਿਖੇਧੀ ਕੀਤੀ ਹੈ। ਇਸ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਜਿਸ ਨੇ ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਨਾ ਕਰ ਕੇ ਅਤੇ ਪਿਛੋਂ ਦਿੱਲੀ ਆਦਿ ਵਿਚ ਫਸਾਦ ਕਰਵਾ ਕੇ ਸਿੱਖ ਫਿਰਕੇ ਵਿਚ ਅਸੰਤੋਸ਼ ਪੈਦਾ ਕੀਤਾ ਹੈ। ਕਮੇਟੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਗ੍ਰਿਫਤਾਰ ਨਿਰਦੋਸ਼ ਵਿਅਕਤੀਆਂ ਨੂੰ ਤੁਰਤ ਰਿਹਾਅ ਕੀਤੇ ਜਾਵੇ। ਜੋ ਹੁਣ ਮਾਰਧਾੜ ਦੀਆਂ ਕਾਰਵਾਈਆਂ ਕਰ ਰਹੇ ਹਨ ਉਨ੍ਹਾਂ ਵਿਰੁਧ ਸਖਤ ਕਾਰਵਾਈਆਂ ਕੀਤੀ ਜਾਵੇ। ਜ਼ਜ਼ਬਾਤੀ ਹੋਏ ਫੌਜੀਆਂ ਨੂੰ ਬਹਾਲ ਕਰਵਾਏ ਅਤੇ ਕਾਲੇ ਕਾਨੂੰਨ ਖਤਮ ਕੀਤੇ ਜਾਣ। ਅਤਿਵਾਦੀਆਂ ਹੱਥੋਂ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿਤਾ ਜਾਵੇ।

ਗਿਆਨੀ ਸਾਹਿਬ ਸਿੰਘ ਨੂੰ ਹਸਪਤਾਲ ਤੋਂ ਛੁੱਟੀ

ਅਲੰਮ੍ਰਿਤਸਰ — ਦਰਬਾਰ ਸਾਹਿਬ ਦੇ ਹੈਡੀ ਗਰੰਥੀ ਗਿਆਨੀ ਸਾਹਿਬ ਸਿੰਘ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਤੋਂ ਛੁੱਟੀ ਦੇ ਦਿਤੀ ਗਈ। ਉਨ੍ਹਾਂ ਨੂੰ 27 ਨਵੰਬਰ ਨੂੰ ਗੋਲੀ ਲੱਗਣ ਪਿਛੋਂ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਾਇਆ ਗਿਆ ਸੀ।। ਗਿਆਨੀ ਸਾਹਿਕ ਸਿੰਘ ਉਤੇ ਹਮਲਾ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਹੋਇਆ ਜਦੋਂ ਉਹ ਮੱਥਾ ਟੇਕ ਕੇ ਉਠੇ ਹੀ ਸਨ।

ਪੂਨੇ ਵਿਚ ਕਿਰਲਾਸਕਰ ਘਰਾਣੇ ਦੇ ਤਿੰਨ ਵੱਡੇ ਹਿਸੇਦਾਰ ਗ੍ਰਿਫਤਾਰ ਤੇ ਰਿਹਾ

ਪੂਨਾ — ਰੈਵੀਨਿਊ ਇਨਟੈਲੀਜੈਂਸ ਡਾਇਰੈਕਟੋਰੇਟ ਦੇ ਅਧਿਕਾਰੀਆਂ ਨੇ ਇਥੇ ਕਿਰਲਾਸਕਰ ਇੰਡਸਟਰੀਜ਼ ਗਰੁਪ ਦੇ ਚੇਅਰਮੈਨ ਸ੍ਰੀ ਐਸ. ਐਲ. ਕਿਰਲਾਸਕਰ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਦੇ ਨਾਲ ਹੀ ਅਧਿਕਾਰੀਆਂ ਨੇ ਚੰਦਰਕਾਂਤ ਕਿਰਲਾਸਕਰ ਅਤੇ ਅਰੁਨ ਕਿਰਲਾਸਕਰ ਨੂੰ ਵੀ ਗ੍ਰਿਫਤਾਰ ਕਰ ਲਿਆ। ਇਸ ਪਿਛੋਂ ਤਿੰਨਾਂ ਨੂੰ ਸ਼ਿਵਾ ਜੀ ਨਗਰ ਵਿਖੇ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਚੇਤੇ ਰਹੇ ਪਿਛਲੇ ਦਿਨ ਕਸਟਮ ਤੇ ਰੈਵੀਨੀਊ ਇਨਟੈਲੀਜੈਂਸ ਅਧਿਕਾਰੀਆਂ ਦੇ ਦੇਸ਼ ਭਰ ਵਿਚ ਕਿਰਲਾਸਕਰ ਗਰੁਪ ਦੀਆਂ ਫਰਮਾਂ ਦੇ ਪੰਜਾਹ ਦਫਤਰਾਂ ਤੇ ਛਾਪੇ ਮਾਰੇ ਸਨ ਜਿਥੋਂ ਕਰੋੜਾਂ ਰੁਪੈ ਦੀ ਕਸਟਮ ਤੇ ਡਿਊਟੀ ਚੋਰੀ ਫੜੀ ਗਈ ਸੀ। ਇਸ ਤੋਂ ਇਲਾਵਾ ਕਈ ਦਸਤਾਵੇਜ਼ਾਂ ਫੜੀਆਂ ਗਈਆਂ ਜਿਸ ਤੋਂ ਬਦੇਸ਼ੀ ਮੁਦਰਾ ਐਕਟ ਦੀਆਂ ਘੋਰ ਉਲੰਘਣਾਵਾਂ ਦਾ ਪਤਾ ਲੱਗਾ ਸੀ। ਅਦਾਲਤ ਨੇ ਸ੍ਰੀ ਅਰੁਨ ਕਿਰਲਾਸਕਰ ਅਤੇ ਐਮ ਐਮ ਵੈਦਯ ਨੂੰ ਡੇਢ ਡੇਢ ਲੱਖ ਰੁਪੈ ਦੀ ਨਕਦ ਜ਼ਮਾਨਤ ਅਤੇ ਸ੍ਰੀ ਐਸ ਕਿਰਲਾਸਕਰ ਨੂੰ ਜੋ ਬਿਮਾਰ ਹੈ, ਨੂੰ ਨਿਜੀ ਮੁਚਲਕੇ ਤੇ ਰਿਹਾਅ ਕਰ ਕਰਨ ਦਾ ਹੁਕਮ ਦਿਤਾ ਗਿਆ ਸੀ।

ਕੇਂਦਰ ਗੈਰ ਕਾਂਗਰਸੀ ਸਰਕਾਰਾਂ ਨਾਲ ਵਿਤਕਰਾ ਕਰਦੈ — ਰਾਮਾ ਰਾਓ

ਹੈਦਰਾਬਾਦ — ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਐਨ. ਟੀ. ਰਾਮਾ ਰਾਓ ਨੇ ਅਸਾਮ ਦੇ ਦੌਰੇ ਦੋਂ ਵਾਪਸੀ ਉਤੇ ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕੇਂਦਰ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਗੈਰ ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਨਾਲ ਵਿਤਕਰਾ ਕਰ ਰਹੀ ਹੈ। ਸ੍ਰੀ ਰਾਮਾ ਰਾਓ ਨੇ ਕਿਹਾ ਕਿ ਕੇਂਦਰ ਵਲੋਂ ਆਂਧਰਾ ਪ੍ਰਦੇਸ਼ ਨਾਲ ਕੀਤੇ ਜਾ ਰਹੇ ਵਿਤਕਰੇ ਤੋਂ ਉਨ੍ਹਾਂ ਨੂੰ ਕਾਫੀ ਦੁਖ ਪੁੱਜਾ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਾਰੇ ਰਾਜਾਂ ਨੂੰ ਬਰਾਬਰ ਸਮਝੇ ਅਤੇ ਵਿਤਕਰਾ ਤੁਰੰਤ ਬੰਦ ਕਰੇ। ਉਨ੍ਹਾਂ ਕਿਹਾ ਕਿ ਤੈਲਗੂ ਦੇਸਮ ਪਾਰਟੀ ਨੇ ਬਰਾਬਰੀ, ਗਰੀਬੀ ਦੇ 'ਤੇ ਸਨਅਤੀਕਰਨ ਦੇ ਸਵਾਲਾਂ ਨੂੰ ਚੋਣਾਂ ਵਿਚ ਉਠਾਇਆ ਹੈ।

ਅਤਿਵਾਦੀਆਂ ਨੂੰ ਟਰੇਨਿੰਗ ਦੇਣ ਦਾ ਕੰਮ ਹੋਰ ਤੇਜ਼

ਜੰਮੂ — ਸੀਮਾ ਪਾਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਪਾਕਿਸਤਾਨ ਵਿਚ ਫੌਜੀ ਅਧਿਕਾਰੀਆਂ ਨੇ ਕਥਿਤ ਅਤਿਵਾਦੀਆਂ ਨੂੰ ਕਮਾਂਡੋ ਟਰੇਨਿੰਗ ਦੇਣ ਦਾ ਕੰਮ ਤੇਜ਼ ਕਰ ਦਿਤਾ ਹੈ। ਯੋਜਨਾ ਅਨੁਸਾਰ ਪੰਜਾਬ, ਜੰਮੂ, ਕਸ਼ਮੀਰ ਤੇ ਹੋਰ ਉਤਰੀ ਭਾਰਤ ਦੇ ਖੇਤਰਾਂ ਵਿਚ ਗੜਬੜ ਦੀ ਯੋਜਨਾ ਹੈ।

ਸ਼ਰੋਮਣੀ ਅਕਾਲੀ ਦਲ ਦੇ 18ਵੇਂ ਪ੍ਰਧਾਨ

ਅੰਮ੍ਰਿਤਸਰ — 1920 ਵਿਚ ਅਕਾਲੀ ਦਲ ਦੇ ਹੋਂਦ ਵਿਚ ਆਉਣ ਤੋਂ ਪਿਛੋਂ ਸ. ਸੁਰਜੀਤ ਸਿੰਘ ਬਰਨਾਲਾ ਇਸ ਜਥੇਬੰਦੀ ਦੇ 18ਵੇਂ ਪ੍ਰਧਾਨ ਹਨ ਜਿਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। 60 ਵਰ੍ਹਿਆਂ ਦੇ ਸ. ਸੁਰਜੀਤ ਸਿੰਘ ਹਰਿਆਣਾ ਦੇ ਜ਼ਿਲਾ ਗੁੜਗਾਉਂ ਦੇ ਇਕ ਪਿੰਡ ਅਟੇਲਰ ਦੇ ਰਹਿਣ ਵਾਲੇ ਹਨ। ਉਨ੍ਹਾਂ ਨੇ ਨਾਭਾ ਤੋਂ ਮੈਟਰਿਕ ਕੀਤੀ ਅਤੇ ਬੀ. ਏ. ਤੇ ਲਾਅ ਲਖਨਊ ਯੂਨੀਵਰਸਿਟੀ ਤੋਂ ਪਾਸ ਕੀਤੀ। 1952 ਵਿਚ ਉਹ ਰਾਜਨੀਤੀ ਵਿਚ ਆਏ ਅਤੇ ਉਸੇ ਸਾਲ ਉਨ੍ਹਾਂ ਨੇ ਧਨੌਲਾ ਸੀਟ ਤੋਂ ਚੋਣ ਲੜੀ ਪਰ ਥੋੜ੍ਹੀਆਂ ਵੋਟਾਂ ਦੇ ਫਰਕ ਨਾਲ ਹਾਰ ਗਏ।

ਬਾਅਦ ਵਿਚ ਉਨ੍ਹਾਂ ਨੇ 1967, 1969, 1972 ਤੇ 1980 ਵਿਚ ਪੰਜਾਬ ਵਿਧਾਨ ਸਭਾ ਲਈ ਅਤੇ 1977 ਵਿਚ ਲੋਕ ਸਭਾ ਲਈ ਚੋਣ ਜਿੱਤੀ। 1972 ਵਿਚ ਉਹ ਪੰਜਾਬ ਦੇ ਵਿਦਿਆ ਮੰਤਰੀ ਬਣੇ ਅਤੇ 1977 ਵਿਚ ਕੇਂਦਰ ਵਿਚ ਜਲਤਾ ਪਾਰਟੀ ਦੀ ਸਰਕਾਰ ਸਮੇਂ ਉਹ ਕੇਂਦਰੀ ਖੇਤੀ ਮੰਤਰੀ ਬਣੇ। ਸ. ਬਰਨਾਲਾ 25 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੱਤਿਆ ਪਿਛੋਂ ਪਾਰਟੀ ਦੇ ਐਕਟਿੰਗ ਪ੍ਰਧਾਨ ਬਣੇ ਅਤੇ ਪੰਜਾਬ ਅਸੈਂਬਲੀ ਲਈ 5ਵੀਂ ਵਾਰ ਬਰਨਾਲਾ ਹਲਕੇ ਤੋਂ ਚੋਣ ਜਿੱਤੇ।

ਸ. ਗੁਰਮੁਖ ਸਿੰਘ ਝਬਾਲ ਅਕਾਲੀ ਦਲ ਦੇ ਬਾਨੀ ਪ੍ਰਧਾਨ ਸਨ। ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਕਰਮਵਾਰ ਪਾਰਟੀ ਦੇ ਦੂਜੇ ਅਤੇ ਤੀਜੇ ਪ੍ਰਧਾਨ ਸਨ ਜੋ ਦਸ ਸਾਲ ਤੋਂ ਵੀ ਵੱਧ ਸਮੇਂ ਲਈ ਇਸ ਜਥੇਬੰਦੀ ਦੇ ਪ੍ਰਧਾਨ ਰਹੇ। ਇਸ ਤੋਂ ਇਲਾਵਾ ਹੋਰ ਜਿਹੜੇ ਵਿਅਕਤੀ ਇਸ ਜਥੇਬੰਦੀ ਦੇ ਪ੍ਰਧਾਨ ਰਹੇ ਹਨ, ਉਨ੍ਹਾਂ ਵਿਚ ਗੋਪਾਲ ਸਿੰਘ ਕੌਮੀ, ਤਾਰਾ ਸਿੰਘ, ਤੇਜਾ ਸਿੰਘ ਅਕਰਪੁਰ, ਬਾਬੂ ਲਾਭ ਸਿੰਘ, ਊਧਮ ਸਿੰਘ ਨਾਗੋਗੇ, ਗਿਆਨੀ ਕਰਤਾਰ ਸਿੰਘ, ਪ੍ਰੀਤਮ ਸਿੰਘ ਗੋਜਰਾਂ, ਹੁਕਮ ਸਿੰਘ, ਸੰਤ ਫਤਹਿ ਸਿੰਘ, ਅੱਛਰ ਸਿੰਘ ਗਿਆਨੀ ਭੂਪਿੰਦਰ ਸਿੰਘ, ਮੋਹਨ ਸਿੰਘ ਤੁੜ, ਜਗਦੇਵ ਸਿੰਘ ਤਲਵੰਡੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਸ਼ਾਮਲ ਹਨ।


ਸ. ਸੁਰਜੀਤ ਸਿੰਘ ਬਰਨਾਲਾ

ਮੰਡੀ ਗੋਬਿੰਦਗੜ੍ਹ ਵਿਚ ਤਕਨੀਕੀ ਸੰਸਥਾ

ਅਮਲੋਹ — ਲੋਹਾ ਨਗਰੀ ਮੰਡੀ ਗੋਬਿੰਦਗੜ੍ਹ ਵਿਚ ਰੋਲਿੰਗ ਸਨਅਤ ਦੀ ਤਕਨੀਕੀ ਵਿਦਿਆ ਲਈ ਹਿੰਦੋਸਤਾਨ ਦੀ ਪਹਿਲੀ ਸੰਸਥਾ ਕਾਇਮ ਹੋਵੇਗੀ। ਇਹ ਗੱਲ ਆਇਰਨ ਐਂਡ ਸਟੀਲ ਕੰਟਰੋਲਰ ਕਲਕੱਤਾ ਡੀ. ਕੇ. ਘੋਸ਼ ਨੇ 11 ਦਸੰਬਰ ਨੂੰ ਆਪਣੀ ਮੰਡੀ ਗੋਬਿੰਦਗੜ੍ਹ' ਫੇਰੀ ਦੌਰਾਨ ਕਹੀ।

ਵਪਾਰੀ ਤੇ ਲੋਹਾ ਸਨਅਤਕਾਰਾਂ ਦੀ ਸੰਸਥਾ ਸਟੀਲ ਚੈਂਬਰ ਦੇ ਜਨਰਲ ਸਕੱਤਰ ਅਨਿਲ ਸੂਰਜ ਨੇ ਦੱਸਿਆ ਕਿ ਕੁਝ ਅਰਸਾ ਪਹਿਲਾਂ ਆਲ ਇੰਡੀਆ ਸਟੀਲ ਰੀਰੋਲਰਜ਼ ਐਸੋ: ਵਲੋਂ ਇਹ ਸੰਸਥਾ ਇਥੇ ਬਣਾਉਣ ਲਈ ਪੇਸ਼ਕਸ਼ ਕੀਤੀ ਗਈ ਸੀ ਤੇ ਇਸ ਨੂੰ ਸਵੀਕਾਰ ਕਰਦਿਆਂ ਹਾਲ ਦੀ ਘੜੀ ਸਥਾਨਕ ਉਦਯੋਗਿਕ ਵਿਕਾਸ ਕੇਂਦਰ ਵਿਚ ਇਸ ਦਾ ਕੰਮਕਾਜ ਸ਼ੁਰੂ ਕਰਨ ਲਈ ਰੂਪ-ਰੇਖਾ ਤਿਆਰ ਕੀਤੀ ਗਈ ਹੈ।

ਕਿਸਾਨਾਂ ਨੂੰ ਝੋਨੇ ਦੀਆਂ ਕੀਮਤਾਂ ਦੀ ਫੌਰੀ ਅਦਾਇਗੀ ਜ਼ੋਰ ਤੇ

ਚੰਡੀਗੜ੍ਹ — ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਅਜੇ ਤਕ ਐਫ ਸੀ ਆਈ ਵਲੋਂ ਖਰੀਦੀ ਗਈ ਉਨ੍ਹਾਂ ਦੀ ਜਿਣਸ ਬਦਲੇ ਪੈਸਿਆਂ ਦੀਆਂ ਅਦਾਇਗੀਆਂ ਨਹੀਂ ਹੋਈਆਂ। ਇਸ ਮਾਮਲੇ ਵਿਚ ਸਵਾਲ 12 ਦਸੰਬਰ ਨੂੰ ਅਕਾਲੀ ਪਾਰਲੀਮਾਨੀ ਮੈਂਬਰ ਸ੍ਰੀ ਬਲਵੰਤ ਸਿੰਘ ਵਲੋਂ ਲੋਕ ਸਭਾ ਵਿਚ ਉਠਾਇਆ ਗਿਆ। ਉਨ੍ਹਾਂ ਨੇ ਕੇਂਦਰੀ ਖੁਰਾਕ ਅਤੇ ਸਪਲਾਈ ਮੰਤਰੀ ਨੂੰ ਇਸ ਮਾਮਲੇ ਵਿਚ ਫੌਰ ਤੌਰ ਤੇ ਦਖਲ ਦੇ ਕੇ ਕਿਸਾਨਾਂ ਦੀ ਪਰੇਸ਼ਾਨੀ ਨੂੰ ਦੂਰ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਬਹੁਤ ਸਾਰੇ ਕੇਸਾਂ ਵਿਚ ਕਿਸਾਨਾਂ ਨੂੰ ਪੈਸਿਆਂ ਦੀਆਂ ਅਦਾਇਗੀਆਂ ਉਡੀਕਦਿਆਂ ਮਹੀਨੇ - ਮਹੀਨੇ ਤੋਂ ਵੀ ਵਧੇਰੇ ਸਮਾਂ ਬੀਤ ਚੁਕਿਆ ਹੈ।

ਈਸ਼ਰ ਸਿੰਘ ਅਟਾਰੀ ਸੁਰਗਵਾਸ

ਜਲੰਧਰ — ਪੰਜਾਬੀ ਦੇ ਪ੍ਰਸਿੱਧ ਆਲੋਚਕ ਅਤੇ ਪੱਤਰਕਾਰ ਸ੍ਰੀ ਈਸ਼ਰ ਸਿੰਘ ਅਟਾਰੀ 16 ਦਸੰਬਰ ਨੂੰ 63 ਸਾਲ ਦੀ ਆਯੂਭੋਗ ਕੇ ਦਿਲ ਦੀ ਹਰਕਤ ਬੰਦ ਹੋ ਜਾਣ ਦੇ ਕਾਰਨ ਚਲਾਣਾ ਕਰ ਗਏ। ਸ੍ਰੀ ਅਟਾਰੀ 1980 ਵਿਚ ਕੇਂਦਰੀ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਵਿਭਾਗ ਵਲੋਂ ਸੂਚਨਾ ਅਫਸਰ ਦੇ ਤੌਰ 'ਤੇ ਰੀਟਾਇਰ ਹੋਏ ਸਨ ਤੇ ਹੁਣ ਜਲੰਧਰ ਵਿਚ ਹੀ ਆਪਣਾ ਜੀਵਨ ਬਸਰ ਕਰ ਰਹੇ ਸਨ। ਉਹ ਆਪਣੇ ਪਿਛੇ ਵਿਧਵਾ ਤੋਂ ਬਿਨਾਂ ਦੋ ਲੜਕੇ ਤੇ ਦੋ ਲੜਕੀਆਂ ਛੱਡ ਗਏ ਹਨ।

ਸ੍ਰੀ ਅਟਾਰੀ ਦਾ ਸਾਰਾ ਜੀਵਨ ਸੰਘਰਸ਼ਮਈ ਰਿਹਾ ਤੇ ਬੜੀ ਛੋਟੀ ਪੱਧਰ ਤੋਂ ਉਠ ਕੇ ਸੂਚਨਾ ਅਫਸਰ ਦੇ ਅਹੁਦੇ ਤੇ ਪੁੱਜੇ। ਕੇਂਦਰ ਸਰਕਾਰ ਦੇ ਸੂਚਨਾ ਵਿਭਾਗ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸ੍ਰੀ ਅਟਾਰੀ ਨੇ ਪੰਜਾਬੀ ਮੰਚ ਛੇਹਰਟਾ ਤੇ ਅਕਾਲੀ ਪੱਤਰਕਾ, ਜਲੰਧਰ ਦੇ ਸੰਪਾਦਕੀ ਬੋਰਡ ਵਿਚ ਸਹਾਇਕ ਸੰਪਾਦਕ ਦੇ ਤੌਰ 'ਤੇ ਕੰਮ ਕੀਤਾ ਤੇ ਇਨ੍ਹਾਂ ਅਖਬਾਰਾਂ ਵਿਚ ਵਿਸ਼ੇਸ਼ ਫੀਚਰ ਲਿਖਦੇ ਰਹੇ। ਇਨ੍ਹਾਂ ਦਾ ਨਾਂ ਆਲੋਚਨਾ ਦੇ ਖੇਤਰ ਵਿਚ ਵੀ ਚੰਗਾ ਜਾਣਿਆ ਜਾਂਦਾ ਹੈ। ਆਪ ਪੰਜਾਬੀ ਸਮੀਖਿਆ ਬੋਰਡ ਅਤੇ ਪੰਜਾਬੀ ਲੇਖਕ ਸਭਾ ਦੇ ਬਾਨੀਆਂ ਵਿਚੋਂ ਸਨ। ਸਮੀਖਿਆ ਬੋਰਡ ਵਲੋਂ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਅਤੇ ਹਸਤੀਆਂ ਨੂੰ ਅਭਿਨੰਦਨ ਗਰੰਥ ਦਿਤੇ ਗਏ ਹਨ। ਇਨ੍ਹਾਂ ਬਹੁਤ ਸਾਰੀਆਂ ਪੁਸਤਕਾਂ ਦੇ ਰੀਵਿਊ ਲਿਖੇ ਤੇ ਐਡਿਟ ਕੀਤੀਆਂ। ਇਨ੍ਹਾਂ ਵਲੋਂ ਐਡਿਟ ਕੀਤੀਆਂ ਕੁਝ ਇਕ ਪੁਸਤਕਾਂ ਦੇ ਨਾ ਹਨ : ਪੰਜਾਬੀ ਸਾਹਿਤ ਦੇ ਸੱਠ ਸਾਲ, ਪੱਤਰਕਾਰੀ ਦਾ ਇਤਿਹਾਸ, ਨਵਤੇਜ ਸਿੰਘ, ਪੰਜਾਬੀ ਪੱਤਰਕਲਾ। ਸ੍ਰੀ ਅਟਾਰੀ ਦੀ ਮੌਤ 'ਤੇ ਪੱਤਰਕਾਰੀ ਤੇ ਸਾਹਿਤਕ ਹਲਕਿਆਂ ਵਿਚ ਡੂੰਘਾ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ ਤੇ ਇਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਹਨ।

ਡਾ. ਐਮ. ਐਸ. ਰੰਧਾਵਾ ਨੇ ਸ੍ਰੀ ਈਸ਼ਰ ਸਿੰਘ ਅਟਾਰੀ ਦੇ ਸੁਰਗਵਾਸ ਹੋਣ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸੰਤ ਸਿੰਘ ਸੇਖੋਂ ਅਤੇ ਜਨਰਲ ਸਕੱਤਰ ਸ: ਤੇਰਾ ਸਿੰਘ ਚੰਨ ਨੇ ਈਸ਼ਰ ਸਿੰਘ ਅਟਾਰੀ ਦੇ ਦੇਹਾਂਤ ਉਤੇ ਡੂੰਘਾ ਦੁਖ ਪ੍ਰਗਟ ਕੀਤਾ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਆਲੋਚਨਾ ਦੇ ਖੇਤਰ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਹਮੇਸ਼ਾ ਯਾਦ ਰੱਖਿਆ ਜਾਏਗਾ।

ਪੰਜਾਬ ਸਾਹਿਤ ਐਕਡਮੀ ਦੇ ਸਕੱਤਰ ਡਾਕਟਰ ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਸ੍ਰੀ ਈਸ਼ਰ ਸਿੰਘ ਅਟਾਰੀ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।

ਤਰੀਪੁਰਾ ਬੰਦ 'ਚ ਜਨਜੀਵਨ ਠੱਪ ਦਫਤਰਾਂ, ਬਸਾਂ, ਗੱਡੀਆਂ ਬੰਦ ਰਹੀਆਂ

ਅਗਰਤਲਾ — ਸਤਾਧਾਰੀ ਸੀ ਪੀ ਐਮ ਦੀ ਅਗਵਾਈ ਵਾਲੇ ਖੱਬੇ ਮੋਰਚੇ ਵਲੋਂ ਬਾਰਾਂ ਘੰਟੇ ਦੇ ਤਿਰੀਪੁਰਾਂ ਬੰਦ ਦੇਦਿਤੇ ਗਏ ਸੱਦੇ ਤੇ ਜਨ ਜੀਵਨ ਠੱਪ ਰਿਹਾ। ਬੰਦ ਦਾ ਇਹ ਸੱਦਾ ਅਤਿਵਾਦੀਆਂ ਵਲੋਂ ਕਲਿਆਨਪੁਰ 'ਚ ਕੀਤੇ ਕਤਲਾਂ ਵਿਰੁਧ ਦਿਤਾ ਗਿਆ। ਸਰਕਾਰੀ ਦਫਤਰ ਤੇ ਵਿਦਿਅਕ ਅਦਾਰੇ ਬੰਦ ਰਹੇ ਤੇ ਸਰਕਾਰੀ ਟਰਾਂਸਪੋਰਟ ਬੱਸਾਂ ਵੀ ਨਹੀਂ ਚੱਲੀਆਂ। ਰੇਲਵੇ ਅਧਿਕਾਰੀਆਂ ਅਨੁਸਾਰ ਕਛਾਰ-ਧਰਮਨਗਰ ਮੁਸਾਫਰ ਗੱਡੀ ਵੀ ਨਿਸ਼ਚਿਤ ਸਮੇਂ ਤੇ ਰਵਾਨਾ ਨਾ ਹੋਈ। ਪਰੰਤੂ ਇੰਡੀਅਨ ਏਅਰਲਾਈਨਜ਼ ਦੀਆਂ ਉਡਾਨਾਂ ਤੇ ਬੰਦ ਦਾ ਅਸਰ ਨਾ ਪਿਆ। ਹਵਾਈ ਅੱਡੇ ਤੋਂ ਮੁਸਾਫਰਾਂ ਨੂੰ ਪੁਲਸ ਗੱਡੀਆਂ ਰਾਹੀਂ ਸ਼ਹਿਰ ਵਿਚ ਲਿਆਂਦਾ ਗਿਆ। ਇਸ ਦੌਰਾਨ ਕਾਂਗਰਸ(ਆਈ) ਵਲੋਂ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਖੱਬੇ ਮੋਰਚੇ ਦੀ ਸਰਕਾਰ ਵਲੋਂ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਨਾ ਰੋਕਣ ਬਾਰੇ ਚਾਨਣਾ ਪਾਇਆ ਜਾਏਗਾ।

ਸੋਵੀਅਤ ਜਨਰਲ ਦਾ ਦਿੱਲੀ 'ਚ ਸਵਾਗਤ

ਨਵੀਂ ਦਿੱਲੀ — ਰੂਸ ਦੀ ਫੌਜ ਦੇ ਕਮਾਂਡਰ-ਇਨ-ਚੀਫ ਅਤੇ ਉਪ ਰੱਖਿਆ ਮੰਤਰੀ ਜਨਰਲ ਇਵਾਨੋਵਸਕੀ ਆਪਣੇ ਪੰਜ ਦਿਨਾਂ ਦੌਰ 'ਤੇ ਇਥੇ ਪਹੁੰਚੇ। ਉਹ ਰੱਖਿਆ ਰਾਜ ਮੰਤਰੀ ਅਰੁਨ ਸਿੰਘ ਨੂੰ ਮਿਲੇ। ਪਾਲਮ ਹਵਾਈ ਅੱਡੇ 'ਤੇ ਜਨਰਲ ਇਵਾਨੋਸਕੀ ਦਾ ਸੁਆਗਤ ਭਾਰਤੀ ਫੌਜ ਦੇ ਮੁਖੀ ਜਨਰਲ ਏ. ਐਸ. ਵੈਦਿਆ ਨੇ ਕੀਤਾ। ਜਨਰਲ ਇਵਾਨੋਵਸਕੀ ਭਾਰਤੀ ਫੌਜ ਦੇ ਮੁਖੀ ਜਨਰਲ ਏ. ਐਸ. ਵੈਦਿਆਂ ਦੇ ਸੱਦੇ 'ਤੇ ਭਾਰਤ ਆਏ ਹਨ।

1000 ਬਾਗੀ ਗੁਰੀਲੇ ਮੌਤ ਦੇ ਘਾਟ ਉਤਾਰੇ

ਮਾਸਕੋ — ਅਫਗਾਨਿਸਤਾਨ ਦੇ ਕੰਧਾਰ ਏਰੀਏ ਅੰਦਰ ਬਾਗੀ ਗੁਰੀਲਿਆਂ ਵਿਰੁਧ ਇਕ ਵਿਆਪਕ ਫੌਜੀ ਮੁਹਿਮ ਦੌਰਾਨ ਪਾਕਿਸਤਾਨ ਤੋਂ ਅਫਗਾਨਿਸਤਾਨ 'ਚ ਘੁਸ ਆਏ ਕੋਈ 1000 ਦੇ ਕਰੀਬ ਸਰਕਾਰ ਵਿਰੋਧੀ ਅਫਗਾਨ ਬਾਗੀਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਇਹ ਦਾਅਵਾ 'ਬਾਖਤਰ ਖਬਰ ਏਜੰਸੀ' ਵਲੋਂ ਕੀਤਾ ਗਿਆ ਹੈ।

ਭਾਰਤੀ ਫੌਜ ਪੂਰੀ ਤਰ੍ਹਾਂ ਤਿਆਰ — ਸੁਖਰਾਮ

ਊਧਮਪੁਰ — ਰੱਖਿਆ ਰਾਜ ਮੰਤਰੀ ਸ੍ਰੀ ਸੁਖਰਾਮ ਨੇ ਇਥੋਂ ਦੇ ਦੌਰੇ ਦੌਰਾਨ ਪਾਰਟੀ ਦੇ ਵਰਕਰਾਂ ਦੀ ਇਕ ਮੀਟਿੰਗ ਵਿਚ ਵਿਚਾਰ ਪ੍ਰਗਟ ਕੀਤਾ ਕਿ ਭਾਵੇਂ ਇਸ ਸਮੇਂ ਸਾਡੀਆਂ ਸਰਹੱਦਾਂ ਨੂੰ ਕੋਈ ਖਤਰਾ ਨਹੀਂ ਪਰ ਫਿਰ ਵੀ ਸਾਰੇ ਫੌਜੀ ਜਵਾਨ ਕਿਸੇ ਵੀ ਸਥਿਤੀ ਨਾਲ ਪੂਰੀ ਤਰ੍ਹਾਂ ਨਿਪਟਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕੇਵਲ ਉਨ੍ਹਾਂ ਦੀ ਪਾਰਟੀ ਹੀ ਦੇਸ਼ ਦੇ ਗਰੀਬਾਂ ਦੀ ਦਸ਼ਾ ਸੁਧਾਰ ਸਕਦੀ ਹੈ। ਉਨ੍ਹਾਂ ਨੇ ਖੇਤਰੀ ਪਾਰਟੀਆਂ ਨੂੰ ਦੇਸ਼ ਲਈ ਖਤਰਾ ਕਰਾਰ ਦਿਤਾ। ਉਨ੍ਹਾਂ ਕਿਹਾ ਕਿ ਉਹ ਫੌਜ ਵਿਚ ਪਹਾੜੀ ਲੋਕਾਂ ਲਈ ਵਧੇਰੇ ਕੋਟਾ ਮਿਥਣ ਲਈ ਯਤਨ ਕਰ ਰਹੇ ਹਨ।

ਪ੍ਰਮਾਣੂ ਪ੍ਰੋਗਰਾਮ ਬਾਰੇ ਕਿਸੇ ਅੱਗੇ ਜਵਾਬਦੇਹ ਨਹੀਂ — ਜ਼ਿਆ

ਕੋਲੰਬੋ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਨੇ ਇਸ ਗੱਲੋਂ ਇਨਕਾਰ ਕੀਤਾ ਕਿ ਉਨ੍ਹਾਂ ਦੇ ਦੇਸ਼ ਵਲੋਂ ਪ੍ਰਮਾਣੂੰ ਬੰਬਾਂ ਦੀ ਤਿਆਰੀ ਦੇ ਕੰਮ ਆਉਣ ਵਾਲੇ ਯੂਰੇਨੀਅਮ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਪ੍ਰਮਾਣੂ ਤਕਨੀਕ ਦੀ ਵਰਤੋਂ ਕੇਵਲ ਸ਼ਾਂਤਮਈ ਕੰਮਾਂ ਲਈ ਹੀ ਕਰ ਰਿਹਾ ਹੈ। ਸ੍ਰੀਲੰਕਾ ਦੇ ਪੰਜ-ਰੋਜ਼ਾ ਦੌਰੇ ਦੇ ਖਾਤਮੇ ਉਤੇ ਮਾਲਦੀਵ ਨੂੰ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਾਕਿਸਤਾਨ ਤਾਂ ਭਰਪੂਰ ਯੂਰੇਨੀਅਮ ਦੀ ਤਿਆਰ ਲਈ ਤਜਰਬੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵੈਸੇ ਪਾਕਿਸਤਾਨ ਆਪਣੇ ਪ੍ਰਮਾਣੂ ਪਰੋਗਰਾਮ ਲਈ ਕਿਸੇ ਅੱਗੇ ਵੀ ਜਵਾਬਦੇਹ ਨਹੀਂ ਹੈ।

ਮ੍ਰਿਤਕ ਪੁਲੀਸ ਜਵਾਨਾਂ ਦੀ ਜੇਬ ਵਿਚੋਂ ਕਾਗਜ਼ ਮਿਲਿਆ

ਫਿਰੋਜ਼ਪੁਰ — ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਮਮਦੋਟ ਪੁਲਸ ਸਟੇਸ਼ਨ ਦੇ ਏ. ਐਸ. ਆਈ. ਨਛੱਤਰ ਸਿੰਘ ਅਤੇ ਪੁਲੀਸ ਸਿਪਾਹੀ ਨਿਹਾਲ ਸਿੰਘ ਜੋ ਦਹਿਸ਼ਤਪਸੰਦਾਂ ਹੱਥੋਂ ਮਾਰੇ ਗਏ ਸਨ, ਉਨ੍ਹਾਂ ਦੀ ਜੇਬ ਵਿਚੋਂ ਪੰਜਾਬੀ ਵਿਚ ਲਿਖਿਆ ਕਾਗਜ਼ ਮਿਲਿਆ ਜਿਸ ਉਤੇ ਪਾਕਿਸਤਾਨ ਜ਼ਿੰਦਾਬਾਦ ਅਤੇ ਜਰਨੈਲ ਸਿੰਘ ਭਿੰਡਰਾਂਵਾਲਾ ਜ਼ਿੰਦਾਬਾਦ ਲਿਖਿਆ ਹੋਇਆ ਸੀ। ਜਾਪਦਾ ਹੈ ਇਹ ਕਾਗਜ਼ ਦਹਿਸ਼ਤਪਸੰਦਾਂ ਨੇ ਥਾਣੇਦਾਰ ਤੇ ਸਿਪਾਹੀ ਦੀ ਹੱਤਿਆ ਕਰਨ ਪਿਛੋਂ ਉਨ੍ਹਾਂ ਦੀ ਜੇਬ ਵਿਚ ਪਾ ਦਿਤਾ ਸੀ। ਇਸ ਪੱਤਰ ਵਿਚ ਕਿਹਾ ਗਿਆ ਹੈ ਜਿਸ ਕਿਸੇ ਨੇ ਵੀ ਖਾਲਿਸਤਾਨ ਜਾਂ ਸੰਤ ਭਿੰਡਰਾਂਵਾਲਾ ਦੇ ਵਿਰੁਧ ਕੋਈ ਵੀ ਗੱਲ ਕੀਤੀ ਉਨ੍ਹਾਂ ਦਾ ਉਹੋ ਹਸ਼ਰ ਹੋਵੇਗਾ ਜੋ ਇਨ੍ਹਾਂ ਪੁਲਸ ਜਵਾਨਾਂ ਦਾ ਹੋਇਆ

ਪਤਾ ਲੱਗਾ ਹੈ ਕਿ ਦਹਿਸ਼ਤਪਸੰਦਾਂ ਨੇ ਬੜੀ ਬੇਰਹਿਮੀ ਨਾਲ ਥਾਣੇਦਾਰ ਤੇ ਪੁਲੀਸ ਸਿਪਾਹੀ ਦੀਆਂ ਲੱਤਾਂ ਤੇ ਦੰਦ ਤੋੜੇ। ਉਹ ਉਨ੍ਹਾਂ ਦਾ ਮੋਟਰ ਸਾਈਕਲ ਤੇ ਥਾਣੇਦਾਰ ਦਾ ਸਰਵਿਸ ਰੀਵਾਲਵਰ ਵੀ ਨਾਲ ਲੈ ਗਏ। ਪੁਲਸ ਨੂੰ ਡਰ ਹੈ ਕਿ ਦੋਸ਼ੀ ਹੋਰ ਵੀ ਕੋਈ ਗੰਭੀਰ ਜੁਰਮ ਕਰ ਸਕਦੇ ਹਨ। ਹੁਣ ਤਕ ਇਸ ਕੇਸ ਵਿਚ ਤਿੰਨ ਵਿਅਕਤੀ ਬਲਵੰਤ ਸਿੰਘ, ਪ੍ਰਕਾਸ਼ ਸਿੰਘ ਅਤੇ ਗਿਆਨ ਸਿੰਘ ਗ੍ਰਿਫਤਾਰ ਕੀਤੇ ਗਏ ਹਨ ਜਿਨ੍ਹਾਂ ਉਤੇ ਇਨ੍ਹਾਂ ਪੁਲੀਸ ਅਫਸਰਾਂ ਦੀ ਹੱਤਿਆ ਕਰਨ ਦੀ ਸਾਜ਼ਿਸ਼ ਘੜਨ ਦਾ ਦੋਸ਼ ਹੈ।

ਪੰਜਾਬ ਦੇ ਅਤਿਵਾਦ ਮਸਲੇ ਦੀ ਜੜ੍ਹ ਪਾਕਿਸਤਾਨ 'ਚ — ਪੁਲਸ ਦਾ ਦਾਅਵਾ

ਚੰਡੀਗੜ੍ਹ — ਪੰਜਾਬ ਪੁਲਸ ਦੇ ਮਨ ਅੰਦਰ ਇਹ ਖਿਆਲ ਘਰ ਕਰਦਾ ਜਾਂਦਾ ਹੈ ਕਿ ਜਿੰਨੀ ਦੇਰ ਪਾਕਿਸਤਾਨ ਵਲੋਂ ਅਤਿਵਾਦੀਆਂ ਦੀ ਹਮਾਇਤ ਤੇ ਸ਼ਹਿ ਜਾਰੀ ਹੈ ਉਦੋਂ ਤੱਕ ਪੰਜਾਬ 'ਚ ਅਤਿਵਾਦ ਮਸਲੇ ਦਾ ਮੁਕੰਮਲ ਹੱਲ ਨਹੀਂ ਢੂੰਡਿਆ ਜਾ ਸਕਦਾ। ਪੁਲੀਸ ਅਤੇ ਖੁਫੀਆ ਏਜੰਸੀਆਂ ਭਲੀ-ਭਾਂਤ ਇਹ ਗੱਲ ਮੰਨਦੀਆਂ ਹਨ ਕਿ ਪਾਕਿਸਤਾਨ ਨਾਲ ਲਗਦੇ ਪੰਜਾਬ ਦੇ ਸਰਹੱਦੀ ਖੇਤਰ ਵਿਚ ਪਾਕਿਸਤਾਨੀ ਅਧਿਕਾਰੀਆਂ ਵਲੋਂ ਕੈਂਪੀ ਲਗਾ ਕੇ ਅਤਿਵਾਦੀਆਂ ਨੂੰ ਹਰ ਤਰ੍ਹਾਂ ਦੀ ਸਿਖਲਾਈ ਦਿਤੀ ਜਾਂਦੀ ਹੈ ਤੇ ਇਥੋਂ ਤਕ ਕਿ ਤੋਰਨ ਵੇਲੇ ਹਥਿਆਰ ਤੇ ਪੈਸਾ ਵੀ ਦਿਤਾ ਜਾਂਦਾ ਹੈ।

ਪੰਜਾਬ ਪੁਲਸ ਨੇ ਅਜਿਹੇ ਕਈ ਅਤਿਵਾਦੀ ਫੜੇ ਹਨ ਜਿਨ੍ਹਾਂ ਨੂੰ ਪਾਕਿਸਤਾਨ ਕੈਂਪਾਂ ਵਿਚੋਂ ਸਿਖਲਾਈ ਮਿਲੀ ਹੈ। ਪੰਜਾਬ ਦੇ ਸਰਹੱਦੀ ਖੇਤਰ ਉਪਰ ਭਾਵੇਂ ਪਹਿਲਾਂ ਨਾਲੋਂ ਕਰੜੀ ਨਜ਼ਰ ਰੱਖੀ ਜਾ ਰਹੀ ਹੈ ਫਿਰ ਵੀ ਅਜਿਹੀ ਸਥਿਤੀ ਪੈਦਾ ਨਹੀਂ ਹੋ ਸਕੀ ਕਿ ਕੋਈ ਵਿਅਕਤੀ ਲੁਕ-ਛਿਪ ਕੇ ਲੰਘ ਹੀ ਨਹੀਂ ਸਕਦਾ। ਅਤਿਵਾਦੀ ਰਾਜਸਥਾਨ ਦੇ ਕੁਝ ਸਰਹੱਦੀ ਖੇਤਰਾਂ ਰਾਹੀਂ ਵੀ ਲੰਘਦੇ ਹਨ।

ਤਲਵੰਡੀ ਵੀ ਬਾਬਾ ਦਲ ਨੂੰ ਛੱਡਣ ਲੱਗੇ

ਲੁਧਿਆਣਾ — ਪਤਾ ਲੱਗਾ ਹੈ ਕਿ ਯੂਨਾਈਟਿਡ ਅਕਾਲੀ ਦਲ ਦੇ ਸੀਨੀਅਰ ਨੇਤਾ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵੀ ਬਾਬਾ ਜੋਗਿੰਦਰ ਸਿੰਘ ਨੂੰ ਅਲਵਿਦਾ ਆਖ ਦਿਤੀ ਹੈ। ਭਾਵੇਂ ਜਥੇਦਾਰ ਤਲਵੰਡੀ ਨੂੰ ਯੂਨਾਈਟਿਡ ਅਕਾਲੀ ਦਲ ਛੱਡਣ ਦਾ ਰਸਮੀ ਐਲਾਨ ਅਜੇ ਨਹੀਂ ਕੀਤਾ ਪਰ ਪਤਾ ਲੱਗਾ ਹੈ ਕਿ ਉਨ੍ਹਾਂ ਨੇ ਬਾਬਾ ਜੀ ਦੇ ਦੂਤਾਂ ਨੂੰ ਇਹ ਕਹਿ ਦਿਤਾ ਹੈ ਕਿ ਉਹ ਅੱਗੇ ਤੋਂ ਯੂਨਾਈਟਿਡ ਅਕਾਲੀ ਦਲ ਦੇ ਪਰੋਗਰਾਮਾਂ ਵਿਚ ਸਰਗਰਮ ਹਿਸਾ ਨਹੀਂ ਲੈਣਗੇ।

ਉਪਰਲੀ ਕਮਾਈ ਦਾ ਨਵਾਂ ਵਸੀਲਾ

ਚੰਡੀਗੜ੍ਹ — ਚੰਡੀਗੜ੍ਹ ਪ੍ਰਸ਼ਾਸਨ ਦੇ ਅਫਸਰ ਤੇ ਮੁਲਾਜ਼ਮ ਪਿਛਲੇ ਕਈ ਸਾਲਾਂ ਤੋਂ ਉਹ ਬੂਥ ਹਥਿਆਉਂਦੇ ਚਲੇ ਜਾ ਰਹੇ ਹਨ ਜਿਹੜੇ ਕਿ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮਾਰਕੀਟ ਕੀਮਤ ਦੇ ਇਕ-ਤਿਹਾਈ ਮੁੱਲ 'ਤੇ ਦਿਤੇ ਜਾਣੇ ਹੁੰਦੇ ਹਨ। ਇਸ ਢੰਗ ਰਾਹੀਂ ਇਨ੍ਹਾਂ ਅਫਸਰਾਂ ਨੇ ਲੱਖਾਂ ਰ ਰੁਪਏ ਕਮਾਏ ਹਨ।

ਬੂਥ ਹਥਿਆਉਣ ਦਾ ਢੰਗ ਇਹ ਹੈ : ਕੁਝ ਬੂਥ ਉਨ੍ਹਾਂ ਧੰਦਿਆਂ ਲਈ ਰਾਖਵੇਂ ਰਖ ਦਿਤੇ ਜਾਂਦੇ ਹਨ ਜਿਹੜੇ ਆਮ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਬੰਦੇ ਹੀ ਕਰਦੇ ਹਨ। ਇਹ ਸੁਭਾਵਿਕ ਹੀ ਹੈ ਕਿ ਇਨ੍ਹਾਂ ਬੂਥਾਂ ਦੀ ਨੰਲਾਮੀ ਸਮੇਂ ਸੰਭਾਵੀ ਖਰੀਦਾਰਾਂ ਦੀ ਗਿਣਤੀ ਜ਼ਿਆਦਾ ਨਹੀਂ ਹੁੰਦੀ। ਨੀਲਾਮੀ ਸਮੇਂ ਜਿੰਨੇ ਕੁ ਬੂਥ ਬਚ ਜਾਂਦੇ ਹਨ, ਉਹ ਅਫਸਰਾਂ ਦੇ ਹੱਥਾਂ ਵਿਚ ਜਾ ਪਹੁੰਚਦੇ ਹਨ ਜਿਹੜੇ ਜਾਂ ਤਾਂ ਇਨ੍ਹਾਂ ਨੂੰ ਬਲੈਕ ਵਿਚ ਵੇਚ ਦਿੰਦੇ ਹਨ ਅਤੇ ਜਾਂ ਫਿਰ ਉਥੇ ਕੋਈ ਹੋਰ ਧੰਦਾ ਗੈਰਕਾਨੂੰਨੀ ਤੌਰ 'ਤੇ ਸ਼ੁਰੂ ਕਰ ਦਿੰਦੇ ਹਨ। ਇਕੱਲੇ ਸੈਕਟਰ 22 ਵਿਚ ਹੀ ਅਜਿਹੇ ਘੱਟੋ ਘੱਟ ਤੀਹ ਬੂਥ ਹਨ ਜਿਹੜੇ ਉਪਰੋਕਤ ਢੰਗ ਨਾਲ ਹਥਿਆਏ ਗਏ। ਇਸ ਤਰ੍ਹਾਂ ਜਿਹੜਾ ਬੂਥ ਅਖਬਾਰਾਂ ਆਦਿ ਵੇਚਣ ਲਈ ਰਿਜ਼ਰਵ ਰਖਿਆ ਗਿਆ ਸੀ ਉਥੇ ਹੁਣ ਵੀਡੀਓ ਕੈਸੇਟਾਂ ਦੀ ਦੁਕਾਨ ਚਲ ਰਹੀ ਹੈ। ਦੱਸਿਆ ਗਿਆ ਹੈ ਕਿ ਇਸ ਘਪਲੇ ਵਿਚ ਸ਼ਰੀਕ ਮੁਲਾਜ਼ਮਾਂ ਵਿਚੋਂ ਬਹੁਗਿਣਤੀ ਆਰਕੀਟੈਕਟਾਂ, ਟਾਊਨ ਪਲੈਨਰਾਂ ਅਤੇ ਅਸਟੇਟ ਦਫਤਰ ਦੀਆਂ ਐਨਫੋਰਸਮੈਂਟ ਤੇ ਬਿਲਡਿੰਗ ਸ਼ਾਖਾਵਾਂ ਦੇ ਇੰਸਪੈਕਟਰਾਂ ਦੀ ਹੈ।

ਇਮਾਰਤੀ ਕਾਨੂੰਨਾਂ ਦੀ ਖੁਲ੍ਹੇਆਮ ਤਹੇ ਗੰਭੀਰ ਉਲੰਘਣਾ ਦੀਆਂ ਇਤਲਾਹਾਂ ਮਿਲੀਆਂ ਹਨ। ਇਹ ਦੱਸਿਆ ਗਿਆ ਹੈ ਕਿ ਸਬੰਧਤ ਅਧਿਕਾਰੀ ਉਲੰਘਣਾ ਕਰਨ ਵਾਲੇ ਲੋਕਾਂ ਦਾ "ਕਿਸੇ ਕਾਰਨ" ਕਰਕੇ ਲਿਹਾਜ਼ ਕਰਦੇ ਆ ਰਹੇ ਹਨ।

ਸ਼ਹੀਦ ਈਸ਼ਰ ਸਿੰਘ ਦਹੇੜੂ ਦੀ ਬਰਸੀ 19 ਨੂੰ ਸੀ

ਦੋਰਾਹਾ — ਭਾਰਤ ਦੀ ਆਜ਼ਾਦੀ ਦੀ ਲਹਿਰ ਦੌਰਾਨ ਪਿੰਡ ਦਹੇੜੂ ਦੇ ਸ਼ਹੀਦ ਹੋਏ ਇਨਕਲਾਬੀ ਸ਼ਹੀਦ ਈਸ਼ਰ ਸਿੰਘ ਦਹੇੜੂ ਦੀ 51ਵੀਂ ਬਰਸੀ ਉਨ੍ਹਾਂ ਦੇ ਪਿੰਡ ਵਿਚ 19 ਦਸੰਬਰ ਨੂੰ ਮਨਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਕਾਲੀ ਜਥਾ ਸਰਕਲ ਖੰਨਾ ਦੇ ਜਨਰਲ ਸਕੱਤਰ ਸ੍ਰੀ ਮਨਜੀਤ ਸਿੰਘ ਨੇ ਦੱਸਿਆ ਕਿ ਇਹ ਬਰਸੀ ਸ਼ਹੀਦ ਈਸ਼ਰ ਸਿੰਘ ਗੌਰਮਿੰਟ ਹਾਈ ਸਕੂਲ ਦਹੇੜੂ ਵਿਖੇ ਮਨਾਈ ਗਈ ਅਤੇ ਇਸ ਮੌਕੇ ਤੇ ਪੰਜਾਬ ਦੇ ਸਿਖਿਆ ਮੰਤਰੀ ਸ: ਸੁਖਜਿੰਦਰ ਸਿੰਘ, ਸਿਹਤ ਮੰਤਰੀ ਸ: ਬਸੰਤ ਸਿੰਘ ਖਾਲਸਾ, ਵਿਧਾਇਕ ਅਮਰਜੀਤ ਸਿੰਘ ਸਮਰਾਲਾ, ਰਾਜਿੰਦਰ ਸਿੰਘ ਧਾਲੀਵਾਲ ਸੁਖਦੇਵ ਸਿੰਘ ਲਿਬੜਾ, ਜਥੇਦਾਰ ਤਾਲਿਬ ਸਿੰਘ ਸੰਧੂ ਆਦਿ ਨੇਤਾ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਬਰਨਾਲਾ ਨਾਲ ਕੋਈ ਮਤਭੇਦ ਨਹੀਂ

ਫਰੀਦਕੋਟ — ਪੰਜਾਬ ਦੇ ਸਾਬਕਾ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਦਿਨੀਂ ਪਿੰਡ ਬਾਦਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਉਨ੍ਹਾਂ ਦੇ ਸ੍ਰੀ ਬਰਨਾਲਾ ਦੇ ਨਾਲ ਕਿਸੇ ਵੀ ਕਿਸਮ ਦੇ ਕੋਈ ਮਤਭੇਦ ਨਹੀਂ ਹਨ। ਉਨ੍ਹਾਂ ਕਿਹਾ ਕਿ ਉਹ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਲਈ ਆਪਣੇ ਸਾਥੀਆਂ ਦੇ ਨਾਲ ਸਲਾਹ ਮਸ਼ਵਰਾ ਕਰਨਗੇ ਅਤੇ ਫਿਰ ਇਸ ਬਾਰੇ ਵਿਚ ਅੰਤਿਮ ਫੈਸਲਾ ਲਿਆ ਜਾਵੇਗਾ।

ਬਾਰਾਂ ਬੋਰ ਬੰਦੂਕਾਂ ਲੈ ਕੇ ਚਲਣ ਤੋਂ ਪਾਬੰਦੀ ਹਟੀ

ਬਠਿੰਡਾ — ਡਿਪਟੀ ਕਮਿਸ਼ਨਰ ਸ੍ਰੀ ਏ. ਕੇ. ਮਿਸ਼ਰਾ ਨੇ ਇਕ ਹੁਕਮ ਜਾਰੀ ਕਰ ਕੇ 16 ਦਸੰਬਰ ਤੋਂ ਬਾਰਾਂ ਬੋਰ ਦ ਅਤੇ 16 ਬੋਰ ਦੀਆਂ ਬੰਦੂਕਾਂ ਲੈ ਕੇ ਚਲਣ ਦੀ ਪਾਬੰਦੀ ਹਟਾ ਦਿਤੀ ਹੈ। ਅਜਿਹਾ ਲਾਇਸੈਂਸ ਹੋਲਡਰਾਂ ਦੀ ਬੇਨਤੀ 'ਤੇ ਕੀਤਾ ਗਿਆ ਹੈ। ਰਿਵਾਲਵਰ, ਪਿਸਤੌਲ ਅਤੇ ਰਾਈਫਲਾਂ ਲੈ ਕੇ ਚਲਣ 'ਤੇ ਪਾਬੰਦੀ ਪਹਿਲਾਂ ਵਾਂਗ ਜਾਰੀ ਰਹੇਗੀ। ਜ਼ਿਲਾ ਪ੍ਰਸ਼ਾਸਨ ਨੇ ਇਕ ਹੋਰ ਹੁਕਮ ਜਾਰੀ ਕਰਕੇ ਬਗੈਰ ਗਾਰਡ ਦੇ ਬੱਸਾਂ ਚਲਣ 'ਤੇ ਵੀ ਸਵੇਰੇ ਸੱਤ ਵਜੇ ਤੋਂ ਸ਼ਾਮੀਂ ਛੇ ਵਜੇ ਤੱਕ ਪਾਬੰਦੀ ਲਾ ਦਿਤੀ ਹੈ। ਗਾਰਡਾਂ ਨਾਲ ਬੱਸਾਂ ਪਹਿਲਾਂ ਵਾਂਗ ਚਲਦੀਆਂ ਰਹਿਣਗੀਆਂ।



ਸ਼ੁੱਕਰਵਾਰ ਨੂੰ ਪਿੰਡ ਲੌਂਗੋਵਾਲ ਵਿਚ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਰਿਹਾਇਸ਼ੀ ਕਮਰੇ ਵਿਚ ਉਨ੍ਹਾਂ ਦੀ ਭੈਣ ਅਤੇ ਉਨ੍ਹਾਂ ਦੇ ਵੱਡੇ ਭਰਾ ਨਾਲ।

ਡੇਢ ਕਰੋੜ ਦੀ ਲਾਗਤ ਨਾਲ ਨਵੀਂ ਨਹਿਰ ਬਣੇਗੀ

ਕਰਨਾਲ — ਕਰਨਾਲ ਦੇ ਘਰੌਂਡਾ ਬਲਾਕ ਵਿਚ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਨਹਿਰ ਬਣਾਈ ਜਾਵੇਗੀ। ਸ੍ਰੀ ਸ਼ਮਸ਼ੇਰ ਸਿੰਘ । ਸੁਰਜੇਵਾਲਾ, ਸਿੰਚਾਈ ਮੰਤਰੀ ਨੇ ਕੁਟੇਲ ਵਿਚ ਇਸ ਗੱਲ ਦਾ ਬੜੀ ਵੱਡੀ ਸਭਾ ਵਿਚ ਐਲਾਨ ਕੀਤਾ। ਇਸ ਨਹਿਰ ਦੇ ਦੋ ਭਾਗ ਹੋਣਗੇ। ਇਕ ਭਾਗ ਵਿਚ 90 ਅਤੇ ਦੂਜੇ ਭਾਗ ਵਿਚ 60 ਕਿਊਸਕ ਪਾਣੀ ਛਡਿਆ ਜਾਵੇਗਾ। ਸ੍ਰੀ ਸੁਰਜੇਵਾਲਾ ਨੇ ਇਹ ਵੀ ਦੱਸਿਆ ਕਿ ਹਰਿਆਣਾ ਵਿਚ ਜੂਨ 1986 ਤਕ 252 ਮੈਗਾਵਾਟ ਬਿਜਲੀ ਦੀ ਕਮੀ ਦੂਰ ਦੀਆਂ ਸਕੀਮਾਂ ਪਾਣੀਪਤ ਅਤੇ ਜਮਨਾਨਗਰ ਦੇ ਪਾਵਰ ਸਟੇਸ਼ਨ ਬਣਾ ਕੇ ਰਾਜ ਵਿਚ ਬਿਜਲੀ ਦੀ ਕਮੀ ਦੂਰ ਕਰ ਦਿਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਪਾਣੀਪਤ ਦਾ 110 ਮੈਗਾਵਾਟ ਦਾ ਤੀਸਰਾ ਯੂਨਿਟ ਅਪਰੈਲ 1986 ਵਿਚ ਚਾਲੂ ਹੋ ਜਾਵੇਗਾ। ਇਸ ਯੂਨਿਟ ਵਿਚੋਂ 15 ਤੋਂ 20 ਲੱਖ ਯੂਨਿਟ ਬਿਜਲੀ ਮਿਲੇਗੀ। ਜਮਨਾਨਗਰ ਵਿਚ ਅਗਲੇ ਦੋ ਸਾਲਾਂ ਵਿਚ 450 ਮੈਗਾਵਾਟ ਦਾ ਇਕ ਵੱਡਾ ਬਿਜਲੀ ਘਰ ਚਾਲੂ ਕੀਤਾ ਜਾਵੇਗਾ।

ਵਿਭਚਾਰ ਦੇ ਦੋਸ਼ ਵਿਚ ਮੌਤ ਦੀ ਸਜ਼ਾ

ਸੁਰਜਾ — ਭਾਰਤ ਦੇ ਇਕ 29 ਸਾਲਾ ਮੁਸਲਮਾਨ ਨੂੰ ਵਿਭਚਾਰ ਦੇ ਦੋਸ਼ ਵਿਚ "ਪੱਥਰ ਮਾਰ ਮਾਰ ਕੇ ਮਾਰਨ ਦੀ ਸਜ਼ਾ" ਸੁਣਾਈ ਗਈ ਹੈ। ਇਹ ਸੂਚਨਾ ਸੰਯੁਕਤ ਅਰਬ ਅਮੀਰਾਤ ਦੇ ਇਕ ਅਖਬਾਰ "ਅਲਖਲੀਜ਼" ਨੇ ਦਿਤੀ। ਉਸ ਦੀ ਹਿੰਦੂ ਸਾਥਣ ਨੂੰ, ਜਿਸ ਨੇ ਗਰਭਪਾਤ ਕਰਵਾਇਆ, ਤਿੰਨ ਮਹੀਨੇ ਦੀ ਸਜ਼ਾ ਸੁਣਾਈ ਗਈ ਅਤੇ ਦੇਸ਼ ਵਾਪਸ ਭੇਜਣ ਦਾ ਹੁਕਮ ਦਿਤਾ।

ਕਾਰਕਾ ਇਲ ਕਾਦਰ ਦੂਜਾ ਭਾਰਤੀ ਨਾਗਰਿਕ ਹੈ ਜਿਸ ਨੂੰ ਇਕ ਹਫਤੇ ਤੋਂ ਵੀ ਘੱਟ ਸਮੇਂ ਦੌਰਾਨ ਵਿਭਚਾਰ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਿਤੀ ਗਈ ਹੈ। ਇਸਲਾਮ ਦੇ ਨਿਯਮਾਂ ਅਨੁਸਾਰ ਜੇ ਕੋਈ ਸ਼ਾਦੀਸ਼ੁਦਾ ਮੁਸਲਮਾਨ ਵਿਭਚਾਰ ਕਰਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ।

ਪਤਨੀ ਦੇ ਕਤਲ ਦੇ ਦੋਸ਼ ਹੇਠ ਪਤੀ ਕਾਬੂ

ਮੋਰਿੰਡਾ — ਰੋਪੜ ਦੇ ਡੀ. ਐਸ. ਪੀ. ਨੇ ਪਿੰਡ ਚਲਾਕੀ ਦੀ ਸ੍ਰੀਮਤੀ ਕਰਮਜੀਤ ਕੌਰ ਦੇ ਕਤਲ ਦੇ ਦੋਸ਼ ਹੇਠ ਉਸ ਦੇ ਪਤੀ ਅਜੀਤ ਸਿੰਘ ਨੂੰ ਹੀ ਗ੍ਰਿਫਤਾਰ ਕਰ ਲਿਆ ਹੈ। ਸ੍ਰੀਮਤੀ ਕਰਮਜੀਤ ਕੌਰ ਦੇ ਪਤੀ ਨੇ 14 ਅਕਤੂਬਰ ਨੂੰ ਮੋਰਿੰਡਾ ਪੁਲੀਸ ਕੋਲ ਰਿਪੋਰਟ ਲਿਖਾਈ ਸੀ ਕਿ ਪਿੰਡ ਦੇ ਦੋ ਵਿਅਕਤੀਆਂ ਨੇ ਉਸ ਦੀ ਪਤਨੀ ਨੂੰ ਕਤਲ ਕਰ ਦਿਤਾ ਹੈ।

ਪਤਾ ਲੱਗਾ ਹੈ ਕਿ ਉਸ ਨੇ ਜਿਨ੍ਹਾਂ ਵਿਅਕਤੀਆਂ ਵਿਰੁਧ ਕੇਸ ਦਰਜ ਕਰਵਾਇਆ ਸੀ ਉਹ ਅਸਲ ਵਿਚ ਉਸ ਦੀ ਪਤਨੀ ਨੂੰ ਬਚਾਉਣ ਲਈ ਗਏ ਸਨ। ਪਿੰਡ ਦੀ ਪੰਚਾਇਤ ਵਲੋਂ ਜ਼ੋਰ ਦੇਣ ਉਤੇ ਆਈ. ਜੀ. ਪੁਲੀਸ ਸ੍ਰੀ ਐਸ ਐਸ ਸੇਖੋਂ ਨੇ ਇਸ ਕਤਲ ਦੀ ਮੁੜ ਜਾਂਚ ਕਰਨ ਦਾ ਆਦੇਸ਼ ਦਿਤਾ ਸੀ। ਇਸ ਕਤਲ ਦੇ ਸਬੰਧ ਵਿਚ ਪਹਿਲਾਂ ਫੜੇ ਗਏ ਵਿਅਕਤੀਆਂ ਨੂੰ ਰਿਹਾਅ ਕਰ ਦਿਤਾ ਗਿਆ

ਤਲਵੰਡੀ ਦਲ ਦੀ ਪੰਜ ਮੈਂਬਰੀ ਕਮੇਟੀ ਕਾਇਮ

ਪਟਿਆਲਾ — ਰਣਧੀਰ ਸਿੰਘ ਚੀਮਾ ਸਾਬਕਾ ਮੰਤਰੀ, ਜਿਨ੍ਹਾਂ ਥੋੜ੍ਹਾ ਸਮਾਂ ਪਹਿਲਾਂ ਸੰਯੁਕਤ ਅਕਾਲੀ ਦਲ ਨੂੰ ਛੱਡ ਦਿਤਾ ਸੀ, ਨੇ ਪੰਜ ਮੈਂਬਰੀ ਕਮੇਟੀ ਬਣਾਈ ਹੈ ਜੋ ਅਕਾਲੀ ਦਲ (ਤਲਵੰਡੀ) ਦਾ ਕੰਮਕਾਜ ਚਲਾਏਗੀ। ਇਸ ਗੱਲ ਦਾ ਐਲਾਨ ਰਣਧੀਰ ਸਿੰਘ ਚੀਮਾ ਦੇ ਨੇੜਲੇ ਸਾਥੀ ਦਵਿੰਦਰ ਸਿੰਘ ਪਪੂ ਨੇ ਕੀਤਾ ਜੋ ਕੁਝ ਸਮਾਂ ਪਹਿਲਾਂ ਸੰਯੁਕਤ ਅਕਾਲੀ ਦਲ ਦਾ ਸਲਾਹਕਾਰ ਰਿਹਾ ਹੈ।

ਕਮੇਟੀ ਵਿਚ ਦੋ ਸਾਬਕਾ ਮੰਤਰੀ ਜਸਵਿੰਦਰ ਸਿੰਘ ਬਰਾੜ ਅਤੇ ਸਤਵੰਤ ਕੌਰ ਸੰਧੂ ਅਤੇ ਇਕ ਸਾਬਕਾ ਐਮ. ਐਲ. ਏ. ਗੁਰਬਚਨ ਸਿੰਘ ਲਖਮੀਵਾਲਾ ਅਤੇ ਚਿਰੰਜੀ ਲਾਲ ਐਡਵੋਕੇਟ ਬਠਿੰਡਾ ਹਨ ਜਦ ਕਿ ਰਣਧੀਰ ਸਿੰਘ ਚੀਮਾ ਇਸ ਕਮੇਟੀ ਦੇ ਕਨਵੀਨਰ ਹੋਣਗੇ।

ਜਗਰਾਉਂ ਖੇਤਰ ਵਿਚ ਹਸਪਤਾਲ ਬਣੇਗਾ

ਸਥਾਨਕ ਸਿਵਲ ਰੈਸਟ ਹਾਊਸ ਵਿਚ ਹੋਈ ਇਕ ਇਕੱਤਰਤਾ ਵਿਚ ਜ਼ਿਲਾ ਡਿਪਟੀ ਕਮਿਸ਼ਨਰ ਸ੍ਰੀ ਕੇ. ਆਰ. ਲਖਨਪਾਲ, ਸ. ਗੁਰਦੀਪ ਸਿੰਘ ਭੈਣੀ ਵਿਧਾਇਕ ਅਤੇ ਲੁਧਿਆਣਾ ਦੇ ਸੀ. ਐਮ. ਓ. ਨੇ ਇਕ ਫੈਸਲੇ ਰਾਹੀਂ ਨਿਰਣਾ ਕੀਤਾ ਹੈ ਕਿ ਜਗਰਾਵਾਂ ਖੇਤਰ ਦੇ ਲੋਕਾਂ ਨੂੰ ਸੁਚੱਜੀਆਂ ਸਿਹਤ ਸੇਵਾਵਾਂ ਦੀ ਪੂਰਤੀ ਲਈ ਜਗਰਾਵਾਂ-ਸਿੱਧਵਾਂ ਬੇਟ ਮਾਰਗ ਉਤੇ ਇਕ ਹਸਪਤਾਲ ਉਸਾਰਿਆ ਜਾਏਗਾ, ਜਿਸ ਦਾ ਘੇਰਾ ਸਾਢੇ 8 ਏਕੜ ਭੂਮੀ ਵਿਚ ਹੋਵੇਗਾ। ਇਕੱਤਰਤਾ ਵਿਚ ਇਹ ਵੀ ਪ੍ਰਗਟਾਵਾ ਕੀਤਾ ਗਿਆ ਕਿ ਜਗਰਾਵਾਂ ਦੇ ਪੰਜਾਬ ਰੋਡਵੇਜ਼ ਉਪ-ਡੀਪੂ ਨੂੰ ਛੇਤੀ ਹੀ ਡੀਪੂ ਵਿਚ ਤਬਦੀਲ ਕੀਤਾ ਜਾ ਰਿਹਾ ਹੈ, ਤਾਂ ਕਿ ਉਪ .ਮੰਡਲ ਜਗਰਾਵਾਂ ਦੇ ਲੋਕਾਂ ਨੂੰ ਆਵਜਾਈ ਦੀਆਂ ਸਹੂਲਤਾਂ ਮੁਹੱਈਆ ਹੋ ਸਕਣ।

ਕੁਝ ਸੀਨੀਅਰ ਅਕਾਲੀ ਨੇਤਾਵਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਹੁਣ ਸ. ਬਰਨਾਲਾ ਜੋ ਮੁਖ ਮੰਤਰੀ ਹੋਣ ਤੋਂ ਇਲਾਵਾ ਦਲ ਦੇ ਬਾਕਾਇਦਾ ਪ੍ਰਧਾਨ ਬਣਨ ਬਾਅਦ ਅਕਾਲੀ ਦਲ ਨੂੰ ਸੁਯੋਗ ਅਗਵਾਇਅ ਦੇਣਗੇ, ਇਨ੍ਹਾਂ ਜਥੇਬੰਦੀਆਂ ਨੂੰ ਵੱਧ ਸਸਰਗਰਮ ਕਰਨ ਲਈ ਪਿਛਲੇ ਕੁਝ ਸਮੇਂ ਤੋਂ ਯਤਨਸ਼ੀਲ ਸਨ। ਇਸ ਮੰਤਵ ਲਈ ਕੁਝ "ਅਣਚਾਹੇ" ਨੇਤਾਵਾਂ ਨੂੰ ਪਿਛੇ ਕੀਤੇ ਜਾਣਾ ਜ਼ਰੂਰੀ ਸੀ। ਇਨ੍ਹਾਂ ਨੇਤਾਵਾਂ ਦਾ ਇਹ ਵੀ ਕਹਿਣਾ ਸੀ ਕਿ ਕੁਝ ਵਿੰਗਾਂ ਦੀ ਉਪਰਲੀ ਲੀਡਰਸ਼ਿਪ ਵਲੋਂ ਵਜ਼ਾਰਤ ਤੇ ਬੋਰਡ/ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਜਾਂ ਦੂਜੇ ਲਾਭਕਾਰੀ ਅਹੁਦਿਆਂ 'ਚ ਢੁਕਵੀਂ ਨੁਮਾਇੰਦਗੀ ਦੇ ਕੇ "ਪੰਥ ਦੀ ਸੇਵਾ" ਦਾ ਮੌਕਾ ਦੇਣ ਲਈ ਵਾਰ ਵਾਰ ਪਾਈ ਜਾਂਦੀ ਰਹੀ "ਕਾਵਾਂ ਰੌਲੀ" ਇਕ ਵਾਰ ਤਤਾਂ ਠੰਢੀ ਪੈ ਜਾਵੇਗੀ।

ਕੁਝ ਵੀ ਹੋਵੇ ਇਸ ਫੈਸਲੇ ਨੇ ਸ. ਬਰਨਾਲਾ ਨੂੰ ਹਾਲ ਦੀ ਘੜੀ ਅਕਾਲੀ ਦਲ ਦਾ "ਗੈਰ-ਐਲਾਨੀਆ ਡਿਕਟੇਟਰ" ਥਾਪ ਦਿਤਾ ਹੈ ਤੇ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਬਾਅਦ ਕਿਸੇ ਅਕਾਲੀ ਮੁਖੀ ਨੂੰ ਪਹਿਲੀ ਵਾਰ ਇੰਨੀ ਵੱਡੀ ਸਰਬਸੰਮਤੀ ਨੇ ਪੰਥ ਦੀ ਵਾਗਡੋਰ ਫੜਾਈ ਹੈ। ਸਿਰਫ ਅਗਵਾਈ ਲਈ ਹੀ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਇਸ ਦਾ ਨਵ-ਨਿਰਮਾਣ ਕਰਨ ਲਈ ਵੀ।

— ਦਲਜੀਤ ਸਿੰਘ

ਦਲ ਦੇ ਵਿੰਗ ਭੰਗ ਹੋਣ ਨਾਲ ਨੇਤਾ ਦੁਖੀ, ਸਫਾਂ ਵਿਚ ਖੁਸ਼ੀ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟ ਅਜਲਾਸ ਵਲੋਂ ਦਲ ਦੇ ਪਾਰਲੀਮਾਨੀ ਬੋਰਡ ਤੋਂ ਇਲਾਵਾ ਦੂਜੇ ਸਾਰੇ ਵਿੰਗ ਭੰਗ ਕਰ ਦੇਣ ਦੇ ਫੈਸਲੇ ਦੇ ਅਕਾਲੀ ਰਾਜਨੀਤੀ ਉਤੇ ਨਿਸਚੇ ਹੀ ਲੱ ਦੂਰ-ਰਸ ਪ੍ਰਭਾਵ ਪੈਣਗੇ। ਇਸ ਤੋਂ ਇਲਾਵਾ ਪ੍ਰਧਾਨ ਚੁਣੇ ਜਾਣ ਬਾਅਦ ਸ. ਸੁਰਜੀਤ ਸਿੰਘ ਬਰਨਾਲਾ ਵਲੋਂ ਆਪਣੇ ਭਾਸ਼ਨ ਦੌਰਾਨ ਦਲ ਤੋਂ ਟੁੱਟ ਕੇ ਵੱਖ ਵੱਖ ਧੜੇ ਬਣਾ ਲੈਣ ਵਾਲੇ ਅਕਾਲੀ ਨੇਤਾਵਾਂ ਤੇ ਵਰਕਰਾਂ ਨੂੰ ਦਲ ਦੀ ਮੁਖ ਧਾਰਾ ਵਿਚ ਵਾਪਸ ਆਉਣ ਲਈ ਕੀਤੀ ਅਪੀਲ ਵੀ ਬੇਅਸਰ ਨਹੀਂ ਜਾਣ ਲੱਗੀ।

ਯੂਥ ਅਕਾਲੀ ਦਲ, ਸਿੱਖ ਬੁੱਧੀਜੀਵੀ ਕੌਂਸਲ, ਹਰੀਜਨ ਤੇ ਪਛੜੀਆਂ ਸ਼੍ਰੇਣੀਆਂ ਵਿੰਗ, ਇਸਤਰੀ ਅਕਾਲੀ ਦਲ, ਕਿਸਾਨ ਵਿੰਗ ਤੇ ਕਰਮਚਾਰੀ ਦਲ ਆਦਿ ਦੇ ਭੰਗ ਕਰ ਦੇਣ ਬਾਰੇ ਅਚਾਨਕ ਕੀਤੇ ਗਏ ਐਲਾਨ ਨੇ ਇ ਜਿਥੇ ਇਨ੍ਹਾਂ ਜਥੇਬੰਦੀਆਂ ਦੇ ਨੇਤਾਵਾਂ ਦੇ ਪੈਰਾਂ ਹੇਠੋਂ ਇਕ ਵਾਰ ਤਾਂ ਜ਼ਮੀਨ ਖਿਸਕਾ ਦਿਤੀ ਉਥੇ "ਮੁਖ ਧਾਰਾ 'ਚ ਵਾਪਸੀ" ਦੀ ਅਪੀਲ ਨੇ ਪਹਿਲਾਂ ਹੀ ਖੇਰੂੰ ਖੇਰੂੰ ਹੋ ਚੁੱਕੇ ਸੰਯੁਕਤ ਅਕਾਲੀ ਦਲ ਦੇ ਨੇਤਾਵਾਂ ਨੂੰ ਹੋਰ ਡਾਵਾਂਡੋਲ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।

ਦਲ ਦੇ ਪਾਰਲੀਮਾਨੀ ਬੋਰਡ ਨੂੰ ਭੰਗ ਕੀਤੇ ਜਾਣ ਦਾ ਮ ਮਾਮਲਾ ਤਾਂ ਇਸ ਦੇ ਕਨਵੀਨਰ ਸੰਤ ਅਜੀਤ ਸਿੰਘ ਤੇ ਇਕ ਮੈਂਬਰ ਸ੍ਰੀ ਬਲਬੀਰ ਸਿੰਘ ਬਰਾੜ ਵਲੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਚੋਣ ਲਈ ਸ. ਗੁਰਚਰਨ ਸਿੰਘ ਟੌਹੜਾ ਨੂੰ ਖੜ੍ਹਾ ਕਰਨ ਦਾ ਵਿਰੋਧ ਕਰਨ ਬਾਅਦ ਹੀ ਜ਼ੋਰ ਫੜ ਗਿਆ। ਇਸ ਲਈ ਇਸ ਨੂੰ ਤੋੜ ਦੇਣਾ ਲਗਭਗ ਤੈਅ ਸੀ। ਪਰ ਜਿਉਂ ਹੀ ਯੂ. ਕੇ. ਅਕਾਲੀ ਦਲ ਦੇ ਡੈਲੀਗੇਟ ਸ. ਸੁਰਜੀਤ ਸਿੰਘ ਸਹੋਤਾ ਵਲੋਂ ਪੇਸ਼ ਤੇ ਅਕਾਲੀ ਵਿਧਾਇਕ ਸ. ਜਸਦੇਵ ਸਿੰਘ ਸੰਧੂ ਵਲ ਵਲੋਂ ਤਾਈਦ ਕੀਤੇ ਮਤੇ ਨੂੰ ਇਕੋ ਸਾਹੇ ਪਾਸ ਕਰਕੇ ਡੈਲੀਗੇਟ ਅਜਲਾਸ ਨੇ ਸਾਰੇ ਵਿੰਗਾਂ ਨੂੰ ਤੋੜਨ ਦੀ ਪ੍ਰਵਾਨਗੀ ਦਿਤੀ ਤਾਂ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ "ਜ਼ਿੰਦਾਬਾਦ", "ਜ਼ਿੰਦਾਬਾਦ" ਦੇ ਨਾਅਰੇ ਲਾ ਰਹੇ ਬਹੁਗਿਣਤੀ ਯੂਥ ਅਕਾਲੀ ਵਰਕਰ ਭੰਬਲ- ਭੂਸਿਆਂ 'ਚ ਪੈ ਗਏ। ਹਾਲ ਦੇ ਆਸੀਂ-ਪਾਸੀਂ ਇਕੱਠੇ ਹੋਏ ਸੈਂਕੜੇ ਅਕਾਲੀ ਵਰਕਰਾਂ ਵਿਚਲੀਆਂ ਕੁਝ ਟੋਲੀਆਂ ਵਿਚ ਇਸ ਫੈਸਲੇ ਉਤੇ ਕੁਝ ਚਰਚਾ ਚਲ ਪਈ। ਦੂਜੇ ਪਾਸੇ ਸੰਯੁਕਤ ਅਕਾਲੀ ਦਲ ਦੇ ਦਫਤਰ ਅੱਗੇ ਖੜ੍ਹੇ ਵਰਕਰਾਂ ਨੇ ਵੀ ਮੁਖ ਧਾਰਾ 'ਚ ਮੁੜਨ ਵਾਲਿਆਂ ਦੇ ਨਾਂ ਟਿੱਕਣੇ ਸ਼ੁਰੂ ਕਰ ਦਿਤੇ।

ਯੂਥ ਅਕਾਲੀ ਦਲ ਦਾ ਪ੍ਰਧਾਨ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਐਮ. ਐਲ. ਏ. ਜਿਸ ਦੀ ਲੀਡਰਸ਼ਿਪ ਕਾਇਮ ਰਹਿਣੀ ਲਗਭਗ ਯਕੀਨੀ ਹੈ, ਇਸ ਫੈਸਲੇ ਨੂੰ ਸਰਕਾਰੀ ਢੰਗ ਨਾਲ ਲੈਣ ਦਾ ਪ੍ਰਭਾਵ ਦੇ ਰਿਹਾ ਸੀ। ਉਸ ਨੇ ਆਹਪਣੇ ਸਾਥੀਆਂ ਨਾਲ ਗੱਲਬਾਤ ਸਮੇਂ ਇਸ ਨੂੰ ਜਥੇਬੰਦਕ ਲੋ*ੜ ਦੱਸਿਆ। ਇਸਤਰੀ ਅਕਾਲੀ ਦਲ, ਜਿਸ ਦੀ ਲੀਡਰਸ਼ਿਪ ਨੂੰ ਲੈ ਕੇ ਧਰਮ ਯੁੱਧ ਮੋਰਚੇ ਦੇ ਸਮੇਂ ਤੋਂ ਹੀ ਦਾਅਵੇ ਪ੍ਰਤੀ ਦਾਅਵੇ ਚਲਦੇ ਆ ਰਹੇ ਹਨ, ਦੀ ਪ੍ਰਧਾਨ ਡਾ. ਰਾਜਿੰਦਰ ਕੌਰ ਕਿਧਰੇ ਨਜ਼ਰੀਂ ਨਹੀਂ ਸੀ ਪੈ ਰਹੀ। ਸ਼ਾਇਦ ਡੈਲੀਗੇਟ ਵਜੋਂ ਨਾ ਸੱਦੇ ਜਾਣ ਕਾਰਨ ਉਨ੍ਹਾਂ ਨੇ "ਗੈਰਹਾਜ਼ਰ" ਰਹਿਣਾ ਬਹਿਤਰ ਸਮਝਿਆ। ਹਰੀਜਨ ਤੇ ਪਛੜੀਆਂ ਸ਼੍ਰੇਣੀਆਂ ਵਿੰਗ ਦੇ ਨੇਤਾ ਸ੍ਰੀ ਗੋਬਿੰਦ ਸਿੰਘ ਕਾਂਝਲਾ ਐਮ. ਐਲ. ਏ. ਵੀ ਹਾਲ ਦੀ ਇਕ ਕੰਧ ਕੋਲ ਚੁੱਪ ਮੁਦਰਾ 'ਚ ਖੜ੍ਹੇ ਸਨ।

ਪਰ ਸਭ ਤੋਂ ਪਤਲੀ ਹਾਲਤ ਬੁੱਧੀਜੀਵੀ ਕੌਂਸਲ, ਜਿਸ ਦੀ ਅੰਦਰੂਨੀ ਫੁੱਟ ਪਿਛਲੇ ਦਿਨੀਂ ਕਾਫੀ ਉਭਰ ਕੇ ਸਾਹਮਣੇ ਆ ਗਈ ਸੀ, ਦੇ ਕਨਵੀਨਰ ਪ੍ਰੋ: ਬਲਦੇਵ ਸਿੰਘ ਬੁੱਲ੍ਹਆਣਾ ਦੀ ਸੀ। ਉਹ ਹਾਲ ਦੇ ਬਾਹਰ ਖੜ੍ਹਾ ਵਾਰ ਵਾਰ ਇਹ ਜ਼ੋਰ ਦੇ ਰਿਹਾ ਸੀ ਕਿ ਇਹ ਮਤਾ ਤਾਂ ਸਿਰਫ ਪਾਰਲੀਮਾਨੀ ਬੋਰਡ ਤੋੜਨ ਬਾਰੇ ਹੈ, ਵਿੰਗਾਂ ਦੀ ਮੱਦ ਤਾਂ ਐਵੇਂ "ਭੁਲੇਖੇ" ਨਾਲ ਪੈ ਗਈ। ਇਥੋਂ ਤਕ ਕਿ ਉਹ ਅਜਲਾਸ ਦੇ ਖਾਤਮੇ ਬਾਅਦ ਕੁਝ ਪੱਤਰਕਾਰਾਂ ਨੂੰ ਘੇਰ ਕੇ ਇਸ "ਭੁਲੇਖੇ" ਤੋਂ ਬਚਣ ਲਈ ਜ਼ੋਰ ਦੇ ਰਿਹਾ ਸੀ।

ਪਰ ਜ਼ਿੰਮੇਵਾਰ ਅਕਾਲੀ ਹਲਕਿਆਂ ਨੇ ਇਨ੍ਹਾਂ ਵਿੰਗਾਂ ਨੂੰ ਤੋੜਨ ਦੇ ਫੈਸਲੇ ਦਾ ਭਰਪੂਰ ਸਵਾਗਤ ਕੀਤਾ ਹੈ। ਇਹ ਹਲਕੇ ਸਮਝਦੇ ਹਨ ਕਿ ਇਨ੍ਹਾਂ ਜਥੇਬੰਦੀਆਂ 'ਚ ਨਵੀਂ ਰੂਹ ਫੂਕਣ ਲਈ ਇਨ੍ਹਾਂ ਦਾ ਪੁਨਰਗਠਨ ਲਾਜ਼ਮੀ ਬਣ ਗਿਆ ਸੀ। ਇਸ ਤੋਂ ਇਲਾਵਾ ਜਥੇਬੰਦੀਆਂ ਦੇ ਪਿਛਲੇ ਕੰਮਾਂ-ਕਾਰਾਂ ਦਾ ਲੇਖਾ-ਜੋਖਾ ਕਰ ਕੇ ਯੋਗ ਨੇਤਾਵਾਂ ਨੂੰ ਵੀ ਢੁਕਵੀਂ ਨੁਮਾਇੰਦਗੀ ਦਿਤੀ ਜਾਵੇਗੀ। ਇਹ ਹਲਕੇ ਮੁਖ ਧਾਰਾ 'ਚ ਵਾਪਸ ਆਉਣ ਵਾਲੇ ਕੁਝ ਨੇਤਾਵਾਂ ਨੂੰ ਵੀ ਇਨ੍ਹਾਂ ਜਥੇਬੰਦੀਆਂ ਦੇ ਕੁਝ ਅਹੁਦੇ ਦਿਤੇ ਜਾਣ ਦੀ ਸੰਭਾਵਨਾ ਨਾਲ ਸਹਿਮਤ ਸਨ।


ਜੇਤੂ ਲੜਕੇ ਲੜਕੀਆਂ ਆਪਣੇ ਅਧਿਆਪਕਾਂ ਨਾਲ

ਰਾਜਿੰਦਰਾ ਕਾਲਜ ਅਵੱਲ

ਬਠਿੰਡਾ — ਗੰਗਾ ਨਗਰ (ਰਾਜਸਥਾਨ) ਵਿਖੇ ਆਯੋਜਿਤ ਇਕ ਸਭਿਆਚਾਰਕ ਸਮਾਰੋਹ ਦੌਰਾਨ ਹੋਏ ਲੋਕ-ਨਾਚਾਂ ਦੇ ਅੰਤਰਰਾਜੀ ਮੁਕਾਬਲੇ 'ਚ ਰਾਜਿੰਦਰਾ ਸਰਕਾਰੀ ਕਾਲਜ ਬਠਿੰਡਾ ਦੀਆਂ ਵਿਦਿਆਰਥਣਾਂ ਨੇ ਪੰਜਾਬ ਦਾ ਹਰਮਨ ਪਿਆਰਾ ਲੋਕ-ਨਾਚ ਗਿੱਧਾ ਪੇਸ਼ ਕੀਤਾ ਅਤੇ ਪਹਿਲਾ ਇਨਾਮ ਜਿੱਤਿਆ। ਇਸੇ ਕਾਲਜ ਦੇ ਵਿਦਿਆਰਥੀ ਕਲਾਕਾਰਾਂ ਨੇ ਲੋਕ-ਗੀਤ ਗਾਉਣ 'ਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ।

ਸਾ ਹਿ ਤ ਦ ਰ ਪ ਣ

ਗੁਜਰਾਤੀ ਕਹਾਣੀ

ਇਕ ਸ਼ਾਮ ਦੀ ਮੁਲਾਕਾਤ

—ਚੰਦਰਕਾਂਤ ਬਖ਼ਸ਼ੀ—

ਦਸੰਬਰ ਦੇ ਤੀਜੇ ਹਫਤੇ ਅਸੀਂ ਮਕਾਨ ਬਦਲਿਆ ਅਤੇ ਨਵੇਂ ਫਲੈਟ ਵਿਚ ਆ ਗਏ। ਫਲੈਟ ਮਕਾਨ ਦੇ ਹੇਠਲੇ ਹਿਸੇ ਵਿਚ ਸੀ। ਇਸ ਵਿਚ ਤਿੰਨ ਰੂਮ, ਕਿਚਨ ਅਤੇ ਬਾਥ ਰੂਮ ਸੀ। ਬਾਹਰ ਨਿੱਕਾ ਜਿਹਾ ਮੈਦਾਨ ਸੀ। ਮੈਦਾਨ ਵਿਚ ਦਸ ਫੁੱਟ ਉਚੀ ਦੀਵਾਰ ਸੀ, ਜਿਸ ਨੂੰ ਹੁਣੇ ਹੁਣੇ ਵਾਈਟ-ਵਾਸ਼ ਕੀਤਾ ਗਿਆ ਸੀ। ਦੀਵਰ ਦੇ ਪਿਛੇ ਕੁਝ ਬਿਰਛ ਅਤੇ ਛੋਟੇ ਛੋਟੇ ਮਕਾਨ, ਜਿਹਨਾਂ ਦੇ ਛੱਪਰ ਕਾਲੇ ਹੋ ਗਏ ਸਨ। ਉਹਨਾਂ ਵਿਚ ਆਕਾਸ਼ ਦੀ ਅਦਲਾ ਬਦਲੀ ਵਿਖਾਈ ਦੇਂਦੀ ਸੀ। ਬਾਰੀਆਂ ਵਿਚੋਂ ਸਾਹਮਣੇ ਦਾ ਮੈਦਾਨ ਵਿਖਾਈ ਦੇਂਦਾ ਸੀ, ਜਿਸ ਵਿਚ ਭਾਂਤ ਭਾਂਤ ਦੇ ਫੁੱਲ ਉਗਾਏ ਹੋਏ ਸਨ।

ਉਪਰ ਦੇ ਹਿੱਸੇ ਵਿਚ ਸਾਡੇ ਬੰਗਾਲੀ ਮਾਲਕ ਅਕਸ਼ ਬਾਬੂ ਆਪਣੀ ਪਤਨੀ ਅਤੇ ਬੱਚਿਆਂ ਨਾਲ ਰਹਿੰਦੇ ਸਨ। ਉਹ ਕਿਸੇ ਸਰਕਾਰੀ ਦਫਤਰ 'ਚ ਕਲਰਕ ਸੀ। ਉਸਦੀ ਪਤਨੀ ਸ਼ੋਭਾ, ਕਣਕ ਭਿੰਨੀ ਸੀ, ਪਰ ਜਦੋਂ ਹੱਸਦੀ ਤਾਂ ਬਹੁਤ ਹੀ ਖੁਲ੍ਹੇ ਹਿਰਦੇ ਨਾਲ। ਰਾਤ ਦੇ ਹਨੇਰੇ ਵਿਚ ਮੈਦਾਨ ਵਿਚ ਉਸਨੂੰ ਘੁੰਮਣ ਦਾ ਸ਼ੌਕ ਸੀ। ਤਿੰਨੇ ਬੱਚੇ ਬਾਲੀਗੰਜ ਦੇ ਕਿਸੇ ਸਕੂਲ ਵਿਚ ਪੜ੍ਹਦੇ ਸਨ।

ਮਕਾਨ ਦੀ ਤਲਾਸ਼ ਵਿਚ ਜਦੋਂ ਮੈਂ ਇਕ ਦਲਾਲ ਦੇ ਨਾਲ ਆਇਆ, ਤਾਂ ਮੇਰੀ ਪਹਿਲੀ ਮੁਲਾਕਾਤ ਸ਼ੋਭਾ ਨਾਲ ਹੋਈ। ਮਕਾਨ ਪੁਰਾਣਾ ਸੀ, ਪਰ ਸਾਡੇ ਫਲੈਟ ਨੂੰ ਵਾਈਟ-ਵਾਸ਼ ਹੋ ਚੁਕਿਆ ਸੀ। ਦਲਾਲ ਨੇ ਮੈਨੂੰ ਬਾਹਰ ਖੜੋਣ ਲਈ ਕਿਹਾ ਸੀ ਅਤੇ ਉਸਨੇ ਸਾਰੀਆਂ ਗੱਲਾਂ ਤਹਿ ਕਰ ਲਈਆਂ ਸਨ ਤਾਂ ਮੈਨੂੰ ਅੰਦਰ ਸਦਿਆ। ਬਾਂਸ ਦੇ ਬਣੇ ਮਕਾਨ ਤੇ ਬੈਠੇ ਮਿਸਤਰੀ ਡਿਸਟੈਂਪਰ ਦੀਆਂ ਕੂਚੀਆਂ ਫੇਰ ਰਹੇ ਸਨ। ਖਾਲੀ ਹੋਣ ਕਾਰਨ ਕਮਰਾ ਵੱਡਾ ਲਗ ਰਿਹਾ ਸੀ। ਦੀਵਾਰਾਂ ਵਿਚੋਂ ਰੰਗ-ਚੂਨੇ ਮਿੱਟੀ ਦੀ ਖੁਸ਼ਬੂ ਆ ਰਹੀ ਸੀ।

'ਤੁਸੀਂ ਮਕਾਨ ਲਓਗੇ ?' ਨਮਸਕਾਰ ਕਰਨ ਦੇ ਪਿਛੋਂ ਉਸ ਮੈਨੂੰ ਪੁੱਛਿਆ
'ਜੀ ਹਾਂ' — ਮੈਂ ਕਿਹਾ ਸੀ।

'ਤੁਸੀਂ ਦੋ ਜੀਅ ਹੋ ?' ਉਸਨੇ ਸਵਾਲ ਕੀਤਾ ਸੀ।

'ਹਾਂ, ਦਲਾਲ ਨੇ ਵਿਚਕਾਰੋਂ ਹੀ ਟੋਕਦਿਆਂ ਕਿਹਾ ਸੀ — 'ਪਤੀ-ਪਤਨੀ ਦੋ ਹਨ, ਹੋਰ ਕੋਈ ਨਹੀਂ। ਤੁਹਾਨੂੰ ਕਿਸੇ ਪ੍ਰਕਾਰ ਦਾ ਕਸ਼ਟ ਨਹੀਂ ਹੋਵੇਗਾ। ਇਹ ਬਹੁਤ ਅੱਛੇ ਲੋਕ ਹਨ।'

ਮੈਂ ਚੁੱਪ ਹੀ ਸਾਧ ਰੱਖੀ ਅਤੇ ਬਾਹਰ ਮੈਦਾਨ ਵਲ ਝਾਕਦਾ ਰਿਹਾ। ਮੈਂ ਸਮਝ ਰਿਹਾ ਸੀ ਕਿ ਸ਼ੋਭਾ ਮੇਰੇ ਸਬੰਧੀ ਪੜਤਾਲ ਕਰ ਰਹੀ ਹੈ।

ਇਹ ਥਾਂ ਸਾਨੂੰ ਪਸੰਦ ਸੀ ਅਤੇ ਮੁਢਲੀਆਂ ਸ਼ਰਤਾਂ ਪੂਰੀਆਂ ਕਰਕੇ ਅਸੀਂ ਦੋ ਦਿਨ ਪਿਛੋਂ ਲਾਰੀ ਵਿਚ ਸਾਰਾ ਸਮਾਨ ਲੈ ਆਏ। ਇਕ ਚੰਗਾ ਦਿਨ ਵੇਖਕੇ ਅਸੀਂ ਰਹਿਣਾ ਵੀ ਸ਼ੁਰੂ ਕਰ ਦਿਤਾ।

ਮੈਂ ਨਿੱਤ ਸਵੇਰੇ ਉਠਦਾ, ਨਾਸ਼ਤਾ ਕਰਦਾ ਤੇ ਬਾਹਰ ਨੂੰ ਤੁਰ ਜਾਂਦਾ ਅਤੇ ਇਕ ਵਜੇ ਵਾਪਸ ਮੁੜਦਾ। ਉਸ ਸਮੇਂ ਖਾਣਾ ਖਾਂਦਾ, ਇਕ ਅੱਧਾ ਘੰਟਾ ਆਰਾਮ ਕਰਦਾ ਤਾਂ ਫੇਰ ਘਰੋਂ ਨਿਕਲ ਜਾਂਦਾ ਅਤੇ ਸਾਢੇ ਨੌਂ ਵਜੇ ਖਾਣਾ ਖਾ ਕੇ, ਪਤਨੀ ਨਾਲ ਥੋੜਾ ਬਹੁਤਾ ਲੜ ਝਗੜ ਕੇ ਸੌਂ ਜਾਂਦਾ।

ਮੇਰੀ ਅਤੇ ਸ਼ੋਭਾ ਦੀ ਮੁਲਾਕਾਤ ਘਟ ਹੁੰਦੀ, ਪਰ ਉਹ ਮੇਰੇ ਆਉਣ ਜਾਣ ਦਾ ਸਮਾਂ ਹਮੇਸ਼ਾ ਧਿਆਨ ਵਿਚ ਰਖਦੀ। ਐਤਵਾਰ ਦੇ ਦਿਨ ਦੀ ਗੱਲ ਹੈ, ਮੈਂ ਸਵੇਰੇ ਸਵੇਰੇ ਪਲੰਘ ਤੇ ਪਿਆ ਹੀ ਪੁਸਤਕ ਪੜ੍ਹ ਰਿਹਾ ਸੀ ਕਿ ਉਸਨੇ ਬਾਰੀ ਦੀ ਜਾਲੀ ਕੋਲ ਆ ਕੇ ਮੈਨੂੰ ਪੁੱਛਿਆ — 'ਮਿਸਟਰ ਮਹਿਤਾ ਕੀ ਤੁਹਾਨੂੰ ਫੁੱਲਾਂ ਦਾ ਸ਼ੌਕ ਹੈ ?'

ਮੈਂ ਚਹਿਕ ਪਿਆ। ਪੁਸਤਕ ਨੂੰ ਇਕ ਪਾਸੇ ਰਖਕੇ ਉਠ ਬੈਠਿਆ। ਰਸੋਈ ਵਿਚੋਂ ਸਟੋਵ ਤੇ ਗਰਮ ਰਖੇ ਪਾਣੀ ਦੀ ਆਵਾਜ਼ ਆ ਰਹੀ। ਸਰਲਾ ਏਸ ਸਮੇਂ ਰਸੋਈ ਵਿਚ ਸੀ। ਮੈਂ ਸ਼ੋਭਾ ਨੂੰ ਉਸਦੇ ਸਵਾਲ ਦਾ ਉਤਰ ਦੇਂਦਿਆਂ ਕਿਹਾ, 'ਕੁਝ ਵਿਸ਼ੇਸ਼ ਸ਼ੌਕ ਤਾਂ ਨਹੀਂ ਹੈ।'

ਉਹ ਮੁਸਕਾ ਪਈ। ਕਹਿਣ ਲੱਗੀ — 'ਤੁਹਾਡੀ ਸ੍ਰੀਮਤੀ ਨੂੰ ਤਾਂ ਬਹੁਤ ਸ਼ੌਕ ਹੈ। ਰੋਜ਼ ਸ਼ਾਮ ਨੂੰ ਮੇਰੇ ਕੋਲੋਂਔਂ ਦੋ-ਚਾਰ ਜੂਹੀ ਦੇ ਫੁਲ ਲੈ ਜਾਂਦੀ ਹੈ।'

ਮੈਂ ਵੇਖਦਾ ਹੀ ਰਹਿ ਗਿਆ।

ਏਨੇ ਵਿਚੋਂ ਰਸੋਈ ਘਰ ਵਿਚੋਂ ਆਵਾਜ਼ ਆਈ। ਸ਼ੋਭਾ ਖਿੜਕੀ ਤੋਂ ਦੂਰ ਹਟ ਗਈ ਅਤੇ ਮੈਂ ਖੜੋ ਗਿਆ। ਇਹ ਸਭ ਸਵਿਚ ਦੱਬਣ ਜਿੰਨੀ ਦੇਰ ਵਿਚ ਹੋਇਆ। ਬਿਲਕੁਲ ਹੀ ਸ਼ੀਘਰ।

ਮੇਰੀ ਅਤੇ ਸ਼ੋਭਾ ਦੀ ਮਿਲਣੀ ਬਹੁਤ ਘੱਟ ਹੁੰਦੀ ਸੀ। ਐਤਵਾਰ ਤੋਂ ਬਿਨਾਂ ਮੈਂ ਸਾਰਾ ਦਿਨ ਦੁਕਾਨ ਤੇ ਹੀ ਰਹਿੰਦਾ ਸੀ। ਦੁਪਹਿਰ ਨੂੰ ਆਰਾਮ ਦੇ ਸਮੇਂ ਤੋਂ ਬਿਨਾਂ ਮੈਂ ਸਵੇਰ ਦੇ ਅੱਠ ਵਜੇ ਤੋਂ ਰਾਤ ਦੇ ਸਾਢੇ ਨੌਂ ਵਜੇ ਤਕ ਘਰ ਤੋਂ ਬਾਹਰ ਹੀ ਰਹਿੰਦਾ। ਸਵੇਰੇ ਸ਼ੋਭਾ ਹੇਠ ਆਉਂਦੀ ਅਤੇ ਮੇਰੇ ਜਾਣ ਪਿਛੋਂ ਸਰਲਾ ਨਾਲ ਗੱਲਾਂ ਕਰਦੀ। ਰਾਤੀਂ ਜਦੋਂ ਵਾਪਸ ਆਉਂਦਾ ਤਾਂ ਸਰਲਾ ਸਭ ਗੱਲਾਂ ਦੀ ਰਿਪੋਟ ਦੇਂਦੀ ਅਤੇ ਮੈਂ ਬਿਨਾਂ ਧਿਆਨ ਦਿਤੇ ਸੁਣ ਲੈਂਦਾ।

ਇਸ ਢੰਗ ਨਾਲ ਕੁਝ ਦਿਨ ਬੀਤਣ ਤੇ ਮੈਨੂੰ ਇੰਜ ਲਗਿਆ ਕਿ ਮੇਰੀ ਸ਼ੋਭਾ ਵਿਚ ਦਿਲਚਸਪੀ ਵਧ ਰਹੀ ਹੈ। ਇਸ ਵਿਚ ਅਸ਼ੁਭਾਵਕਤਾ ਦੀ ਕੋਈ ਗੱਲ ਨਹੀਂ ਸੀ, ਫੇਰ ਵੀ ਮੈਂ ਇਸ ਨੂੰ ਸਪਸ਼ਟ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ। ਸ਼ੋਭਾ ਕਾਲੀ ਸੀ, ਕੰਮ ਵਿਚ ਰੁਝੀ ਹੋਈ ਤਿੰਨ ਬੱਚਿਆਂ ਦੀ ਮਾਂ ਸੀ। ਮੈਂ ਬੇਲੋੜਾ ਵਿਚਾਰਾਂ ਵਿਚ ਡੁਬ ਜਾਂਦਾ। ਸੋਚਦਾ, ਨਿਰਸੰਦੇਹ ਸ਼ੋਭਾ ਵਿਚ ਆਕਰਸ਼ਣ ਸੀ। ਤਿੰਨ ਬੱਚਿਆਂ ਨੂੰ ਜਨਮ ਦੇਣ ਪਿਛੋਂ ਵੀ ਉਸਦੇ ਸਰੀਰ ਵਿਚ ਸਰਲਾ ਨਾਲੋਂ ਵਧੇਰੇ ਚੰਚਲਤਾ ਸੀ। ਉਹ ਹੱਸਦੀ ਮਖੌਲ ਕਰਦੀ ਵੇਖਦੀ, ਇਹ ਸਭ ਏਨਾ ਨਿਰਦੋਸ਼ ਹੁੰਦਾ ਕਿ ਘਬਰਾਹਟ ਪੈਦਾ ਹੋ ਜਾਂਦੀ। ਉਸ ਦੀਆਂ ਉਭਰੀਆਂ ਹੋਈਆਂ ਛਾਤੀਆਂ ਤੇ ਮੈਂ ਨਜ਼ਰ ਟਿਕਾ ਦੇਂਦਾ, ਅਤੇ ਮੈਨੂੰ ਲਗਦਾ ਮੈਂ ਕੋਈ ਗੁਨਾਹ ਕਰ ਰਿਹਾ ਹਾਂ। ਕਦੇ ਕਦੇ ਮੈਂ ਸੌਚਣ ਲਗਦਾ, ਕਿਸੇ ਦਿਨ ਸਰਲਾ ਘਰ ਨਾ ਹੋਵੇ, ਸ਼ਾਮ ਹੋਵੇ ਸ਼ੋਭਾ ਅਚਾਨਕ ਮੇਰੇ ਕਮਰੇ ਵਿਚ ਆ ਕੇ ਬਾਰੀਆਂ ਬੰਦ ਕਰ ਦੇਵੇ — ਫੇਰ ਮੈਂ ਇਹਨਾਂ ਵਿਚਾਰਾਂ 'ਚ ਗੁੰਮ ਜਾਂਦਾ। ਇਸ ਸਬੰਧ ਵਿਚ ਮੈਂ ਸਰਲਾ ਨਾਲ ਕੋਈ ਗੱਲ ਨਹੀਂ ਕੀਤੀ। ਉਹ ਕਦੇ ਗੱਲਾਂ ਵਿਚ ਹੀ ਸ਼ੋਭਾ ਦੀ ਚਰਚਾ ਛੇੜਦੀ ਤਾਂ ਲਾਪਰਵਾਹੀ ਦਾ ਬਹਾਨਾ ਕਰਕੇ ਧਿਆਨ ਨਾਲ ਉਸ ਦੀਆਂ ਗੱਲਾਂ ਵੀ ਸੁਣਦਾ।

ਸ਼ਨੀਵਾਰ ਰਾਤ ਨੂੰ ਅਤੇ ਐਤਵਾਰ ਨੂੰ ਸਵੇਰੇ ਮੈਂ ਅਤੇ ਸਰਲਾ ਫਿਲਮ ਵੇਖਣ ਜਾਂਦੇ। ਜਦੋਂ ਕਦੇ ਅਸੀਂ ਘਰੋਂ ਬਾਹਰ ਨਿਕਲਦੇ, ਸ਼ੋਭਾ ; ਨਿਸ਼ਚਿਤ ਰੂਪ ਵਿਚ ਬਾਰੀ ਵਿਚ ਬੈਠੀ ਹੁੰਦੀ। ਉਹ ਸਰਲਾ ਦੇ ਸਾਹਮਣੇ ਮੇਰੀ ਪ੍ਰਸੰਸਾ ਕਰਦੀ ਅਤੇ ਸਰਲਾ ਸਭ ਕੁਝ ਮੈਨੂੰ ਦੱਸ ਦੇਂਦੀ। ਇਕ ਦਿਨ ਅਸੀਂ ਫਿਲਮ ਵੇਖਣ ਜਾ ਰਹੇ ਸੀ। ਰਾਹ ਵਿਚ ਸਰਲਾ ਨੇ ਕਿਹਾ — ਸ਼ੋਭਾ ਬਹੁਤ ਹੁਸ਼ਿਆਰ ਇਸਤਰੀ ਹੈ। ਇਸਦੇ ਘਰ ਵਿਚ ਰਹਿੰਦਿਆਂ ਮੈਨੂੰ ਕੋਈ ਡਰ ਨਹੀਂ ਲਗਦਾ।'

ਮੈਂ ਕਿਹਾ, ਗੱਲ ਠੀਕ ਹੈ, ਹੈ ਵੀ ਤਾਂ ਸ਼ੇਰਨੀ ਵਰਗੀ। f ਇਸਦੇ ਹੁੰਦਿਆਂ ਭੈਅ ਕਾਹਦਾ ?

ਸਰਲਾ ਕਹਿਣ ਲਗੀ — 'ਕੌਣ ਕਿੰਨੇ ਵਜੇ ਆਉਂਦਾ ਹੈ, ਕਦੋਂ ਜਾਂਦਾ, ਸਭ ਦਾ ਖਿਆਲ ਰਖਦੀ ਹੈ। ਤੁਸੀਂ ਕਿਸ ਬਸ ਰੂਟ ਤੋਂ ਜਾਂਦੇ ਹੋ ਅਤੇ ਪਿਛਲੇ ਐਤਵਾਰ ਨੂੰ ਤੁਸੀਂ ਕਿਹੜੇ ਕੱਪੜੇ ਪਾ ਰਖੇ ਸਨ, ਉਸਨੂੰ ਪਤਾ ਹੈ।'

'ਅਜੇਹਾ ? ਤੈਨੂੰ ਆਖਿਆ ਹੋਣਾ ਏ ?

'ਹਾਂ, ਮੈਨੂੰ ਕਹਿ ਰਹੀ ਸੀ, ਸਰਲਾ ਤੂੰ ਲੜਕਾ ਚੰਗਾ ਫੜਿਆ ਹੈ।

ਮੈਂ ਸਰਲਾ ਵੱਲ ਵੇਖਿਆ ਤੇ ਅੱਖਾਂ ਮਿਲਦਿਆਂ ਹੀ ਉਹ ਹੱਸ ਪਈ।

'ਉਸ ਦੀ ਗੱਲ ਸਹੀ ਹੈ।' ਮੈਂ ਕਿਹਾ 'ਤੂੰ ਠੀਕ ਹੀ ਲੜਕਾ ਚੰਗਾ ਫੜਿਆ ਹੈ।'

'ਰਹਿਣ ਵੀ ਦੇਵੋ ਹੁਣ, ਸ਼ਾਦੀ ਕਰਨ ਦੀ ਕਾਹਲ ਵੀ ਤੁਹਾਨੂੰ ਹੀ ਸੀ। ਮੈਂ ਤਾਂ ਪਹਿਲਾਂ ਨਾਂਹ ਕਰਦੀ ਰਹੀ ਸੀ।

ਮੈਂ ਕਿਹਾ, 'ਫੇਰ ਤੂੰ ਸੋਚਿਆ ਹੋਵੇਗਾ ਕਿ ਵਧੇਰੇ ਖਿਚਤਾਣ ਹੋਵੇਗੀ ਤਾਂ ਲੜਕਾ ਹੱਥਾਂ ਵਿਚੋਂ ਨਾ ਨਿਕਲ ਜਾਵੇ, ਏਸ ਲਈ ਸਵੀਕਾਰ ਕਰ ਲਿਆ ਨਾ।

ਸਾਹਮਣੇ ਤੋਂ ਆਉਂਦੀ ਹੋਈ ਟੈਕਸੀ ਨੂੰ ਰੋਕ ਕੇ ਅਸੀਂ ਦੋਵੇਂ ਉਸ ਵਿਚ ਬਹਿ ਗਏ।

ਦਿਨ ਲੰਘਦੇ ਰਹੇ। ਕਦੇ ਕਦੇ ਮੈਂ ਦੁਕਾਨ ਜਾਣ ਲਈ ਬਾਹਰ ਨਿਕਲਦਾ ਤਾਂ ਸ਼ੋਭਾ ਮੈਦਾਨ ਵਿਚ ਖੜੋਤੀ ਮੈਨੂੰ ਵੇਖਦੀ ਰਹਿੰਦੀ। ਸਰਲਾ ਦੇ ਹੁੰਦਿਆਂ ਵੀ ਹੁਣ ਉਹ ਮੇਰੇ ਨਾਲ ਹੱਸ-ਹੱਸ ਗੱਲਾਂ ਕਰਦੀ। ਅਜੇਹੀ ਹਾਲਤ ਵਿਚ ਅਸੀਂ ਬੰਗਾਲੀ ਵਿਚ ਗੱਲ ਕਰਦੇ, ਜਿਸ ਨੂੰ ਸਰਲਾ ਨਾ ਸਮਝ ਸਕਦੀ। ਅਕਸ਼ ਬਾਬੂ ਨਾਲ ਮੇਰੀ ਕੋਈ ਵਿਸ਼ੇਸ਼ ਗਲਬਾਤ ਨਾ ਹੁੰਦੀ। ਆਫਿਸ ਤੋਂ ਬਿਨਾਂ ਉਹ ਘਰ ਵਿਚ ਹੀ ਬੈਠੇ ਰਹਿੰਦੇ। ਕਦੇ ਕਦੇ ਰਵਿੰਦਰ ਸੰਗੀਤ ਗਾਣ ਦੀ ਆਵਾਜ਼ ਸੁਣਾਈ ਦੇਂਦੀ ਜਾਂ ਸਵੇਰੇ ਸਬਜ਼ੀ ਲੈ ਕੇ ਆਉਂਦੇ ਹੋਏ ਵਿਖਾਈ ਦੇਂਦੇ।

ਇਕ ਵਾਰ ਸਰਲਾ ਨੇ ਮੇਰੇ ਕੋਲੋਂ ਪੁਛਿਆ — ਜਾਪਦਾ ਹੈ ਇਸਦਾ ਬਾਬੂ ਕੁਝ ਕਰਦਾ ਕੁਰਦਾ ਨਹੀਂ। ਵਿਧਵਾ ਵਾਂਗ ਘਰ ਵਿਚ ਹੀ ਬੈਠਿਆ ਰਹਿੰਦਾ ਹੈ।

ਮੈਂ ਕਿਹਾ, 'ਕਿਤੇ ਨੌਕਰੀ ਕਰਦਾ ਹੈ ਅਤੇ ਸਾਡੇ ਕੋਲੋਂ ਕਰਾਇਆ ਮਿਲ ਜਾਂਦਾ ਹੈ, ਬਸ ਗੱਡੀ ਰੁੜ ਰਹੀ ਹੈ। ਏਨਾ ਜ਼ਰੂਰ ਹੈ ਕਿ ਆਦਮੀ ਬਿਲਕੁਲ ਸ਼ਾਂਤ ਸੁਭਾ ਦਾ ਹੈ।'

ਸਰਲਾ ਕਹਿਣ ਲੱਗੀ, 'ਤਾਂ ਵੀ ਇਹਨਾਂ ਦੋਹਾਂ ਦੀ ਜੋੜੀ ਕਿਵੇਂ ਮਿਲੀ ? ਸ਼ੋਭਾ ਦੇ ਪਿਤਾ ਤਾਂ ਪੈਸੇ ਵਾਲੇ ਸਨ, ਹੀਰੇ ਜਵਾਹਰਾਤ ਦੀ ਦੁਕਾਨ ਸੀ ਅਤੇ ਇਸਨੇ ਆਪ ਵੀ ਕਾਨਵੈਂਟ ਵਿਚ ਵਿਦਿਆ ਪਾਈ ਹੈ।'

ਮੈਂ ਕਿਹਾ, 'ਕਾਨਵੈਂਟ 'ਚੋਂ ਵਿਚਾਰੀ ਜ਼ਨਾਨਖਾਨੇ ਵਿਚ ਘੁਸ ਗਈ।

'ਜ਼ਨਾਨਖਾਨੇ ਵਿਚ ਇਹ ਨਹੀਂ ਘੁਸੀ, ਸਗੋਂ ਪਤੀ ਨੂੰ ਜ਼ਨਾਨਖਾਨੇ ਵਿਚ ਘੁਸੇੜ ਰਖਿਆ ਹੈ।' ਸਰਲਾ ਨੇ ਕਿਹਾ ਅਤੇ ਅਸੀਂ ਦੋਵੇਂ ਹੱਸ ਪਏ।

ਮੈਂ ਕਿਹਾ, 'ਤੂੰ ਜਾਣਦੀ ਹੈ, ਆਪਣੇ ਫਲੈਟ ਦਾ ਰੰਗ ਰੀਪੇਅਰਇੰਗ ਸਭ ਇਸ ਨੇ ਆਪ ਕੀਤਾ ਹੈ। ਪੱਕੀ ਬਿਜ਼ਨੈਸ ਵੂਮਨ ਹੈ। ਬੰਗਾਲੀਆਂ ਵਿਚ ਤਾਂ ਅਜੇਹੀ ਇਸਤਰੀ ਮੁਸ਼ਕਲ ਨਾਲ ਹੀ ਮਿਲਦੀ ਹੈ।' ਸਰਲਾ ਨੇ ਮੇਰੀ ਗੱਲ ਦਾ ਕੋਈ ਉਤਰ ਨਹੀਂ ਦਿਤਾ। ਮੈਨੂੰ ਅਜਿਹਾ ਨਹੀਂ ਜਾਪਿਆ ਕਿ ਉਹ ਕਿਸੇ ਹੋਰ ਵਿਚਾਰਾਂ ਵਿਚ ਖੋ ਗਈ ਹੋਵੇ।

ਦਿਨ ਬੀਤ ਰਹੇ ਸਨ, ਸ਼ੋਭਾ ਮੇਰੇ ਖਿਆਲਾਂ ਨੂੰ ਫੜ ਰਹੀ ਸੀ। ਦਿਨ ਰਾਤ ਮੈਨੂੰ ਉਸਦੇ ਖਿਆਲ ਆਉਂਦੇ ਰਹਿੰਦੇ। ਮੈਂ ਹੀ ਇਹ ਜਾਣ ਲਿਆ ਸੀ ਕਿ ਉਹ ਮੇਰੇ ਨਾਲ ਗੱਲ ਕਰਨਾ ਚਾਹੁੰਦੀ ਹੈ, ਮੌਕੇ ਦੀ ਭਾਲ 'ਚ ਹੈ। ਉਹ ਕਿਸੇ ਵੀ ਪ੍ਰਕਾਰ ਦੀ ਮੂਰਖਤਾ ਕਰਨ ਵਾਲੀ ਨਹੀਂ ਸੀ। ਜਦੋਂ ਉਹ ਬਗੀਚੇ ਵਿਚ ਫੁਲ ਲੈਣ ਆਉਂਦੀ ਤਾਂ ਮੈਂ ਛੁੱਟੀ ਦੇ ਦਿਨ ਪਲੰਘ ਤੇ ਪਏ ਪਏ ਜਾਂ ਸ਼ੇਵ ਕਰਦੇ ਹੋਏ ਉਸਦੀਆਂ ਅੱਖਾਂ ਨੂੰ ਵੇਖਦਾ ਤਾਂ ਉਹਨਾਂ ਅੱਖਾਂ ਵਿਚ ਇਕਾਂਤ ਵਿਚ ਮਿਲਣ ਦੀ ਇੱਛਿਆ ਨੂੰ ਸਮਝ ਲੈਂਦਾ ਸਾਂ। ਸਰਲਾ ਸਾਰਾ ਦਿਨ ਘਰ ਵਿਚ ਰਹਿੰਦੀ ਹੈ, ਸ਼ੋਭਾ ਨੂੰ ਆਪਣੇ ਬੱਚਿਆਂ ਤੋਂ ਵਿਹਲ ਨਹੀਂ ਮਿਲਦੀ ਅਤੇ ਮੈਂ ਬਹੁਤਾ ਸਮਾਂ ਦੁਕਾਨ ਤੇ ਹੀ ਗੁਜ਼ਾਰਦਾ ਹਾਂ। ਇਕ ਦਿਨ ਸਵੇਰ ਉਸ ਮੈਨੂੰ ਕਿਹਾ — 'ਮਿਸਟਰ ਮਹਿਤਾ, ਤੁਸੀਂ ਤਾਂ ਬਹੁਤ ਮਜ਼ਦੂਰੀ ਕਰਦੇ ਹੋ ?'

'ਕੀ ਕੀਤਾ ਜਾਵੇ ?' ਮੈਂ ਕਿਹਾ, 'ਕਿਸਮਤ ਵਿਚ ਇਹੋ ਲਿਖਿਆ ਹੈ ਤਾਂ ...।'

'ਤੁਹਾਡੀ ਜੇਹੀ ਕਿਸਮਤ ਤਾਂ ...' ਕਹਿੰਦੀ ਉਹ ਅਨੋਖੇ ਢੰਗ ਨਾਲ ਮੁਸਕਰਾਈ ਤੇ ਕਹਿਣ ਲੱਗੀ —'ਬਹੁਤ ਘੱਟ ਲੋਕਾਂ ਵਿਚ ਇਹ ਕੁਝ ਮਿਲਦਾ ਹੈ। ਮੈਂ ਵੀ ਹੱਸ ਪਿਆ ਸੀ।

'ਮੈਂ ਇਕ ਵਾਰ ਤੁਹਾਡੀ ਦੁਕਾਨ ਤੇ ਆਣਾ ਹੈ' ਉਸ ਆਖਿਆ।

ਇਹ ਗੱਲ ਸੁਣ ਕੇ ਮੈਂ ਇਕ ਦਮ ਘਬਰਾ ਗਿਆ। ਦੁਕਾਨ ਦੀ ਦੁਨੀਆਂ ਵਿਚ ਮੈਂ ਸ਼ੋਭਾ ਨੂੰ ਆਉਣ ਨਹੀਂ ਦੇਣਾ ਚਾਹੁੰਦਾ ਸੀ। ਮੈਂ ਤੁਰੰਤ ਕਿਹਾ, 'ਤੁਹਾਨੂੰ ਜਿਸ ਚੀਜ਼ ਦੀ ਲੋੜ ਹੈ, ਮੈਨੂੰ ਆਖੋ, ਮੈਂ ਲੈਂਦਾ ਆਵਾਂਗਾ। ਦਿਨ ਵਿਚ ਚਾਰ ਵਾਰ ਤਾਂ ਆਉਂਦਾ ਜਾਂਦਾ ਹਾਂ। ਅਤੇ ਫੇਰ ਏਨੀ ਤਕਲੀਫ ਕਿਉਂ ਕਰੋ ? ਹੋ ਸਕਦਾ ਹੈ ਤੁਸੀਂ ਆਵੋ ਤੇ ਸ਼ਾਇਦ ਮੈਂ ਬਾਹਰ ਗਿਆ ਹੋਵਾਂ, ਮਿਲਾਂ ਭਾਵੇਂ ਨਾ ਮਿਲਾਂ।'

ਸ਼ੋਭਾ ਮੇਰੇ ਵੱਲ ਵੇਖਦੀ ਹੀ ਰਹਿ ਗਈ।

ਏਧਰ ਕੁਝ ਦਿਨਾਂ ਤੋਂ ਸਰਲਾ ਦੀ ਹਾਜ਼ਰੀ ਵਿਚ ਗਲ ਕਰਨੀ ਬੰਦ ਕਰ ਦਿਤੀ। ਸਰਲਾ ਨਾਲ ਉਹਦੇ ਚੰਗੇ ਸਬੰਧ ਸਨ। ਅਜੇਹੇ ਸਮੇਂ ਮੈਂ ਜੇ ਆ ਵੀ ਜਾਂਦਾ ਤਾਂ ਹਸਦਿਆਂ ਹੋਇਆ ਕਹਿੰਦੀ — 'ਚੰਗਾ ਮੈਂ ਚਲਦੀ ਹਾਂ, ਹੁਣ ਤੁਸੀਂ ਦੋਵੇਂ ਗੱਲਾਂ ਕਰੋ।' ਅਤੇ ਉਹ ਤੁਰੰਤ ਚਲੀ ਜਾਂਦੀ।

ਕਈ ਦਿਨ ਲੰਘ ਗਏ। ਸ਼ੋਭਾ ਇਕ ਦਮ ਨੇੜੇ ਹੁੰਦੇ ਹੋਏ ਵੀ ਕਿੰਨੀ ਦੂਰ ਸੀ ਉਸ ਨਾਲ ਦਿਲ ਖੋਲਕੇ ਗੱਲਾਂ ਕਰਨ ਨੂੰ ਸਮਾਂ ਨਹੀਂ ਸੀ ਮਿਲਦਾ। ਉਹ ਹਮੇਸ਼ਾ ਯਤਨ ਕਰਦੀ ਮੇਰੇ ਨੇੜੇ ਆਉਣ ਦਾ, ਪਰ ਘਰ ਵਿਚ ਇਕਾਂਤ ਮਿਲਦਾ ਹੀ ਨਹੀਂ ਸੀ। ਸਰਲਾ ਹਮੇਸ਼ਾ ਘਰ ਵਿਚ ਹੁੰਦੀ। ਕਦੇ ਮੌਕਾ ਹੀ ਨਹੀਂ ਮਿਲਿਆ ਕਿ ਸਰਲਾ ਬਾਹਰ ਗਈ ਹੋਵੇ ਤੇ ਘਰ ਵਿਚ ਮੈਂ ਇਕੱਲਾ ਹੋਵਾਂ। ਉਸ ਦਿਨ ਦੀ ਕਲਪਨਾ ਕਰਕੇ ਹੀ ਕੰਬ ਜਾਂਦਾ ਹਾਂ। ਸ਼ੋਭਾ ਦਾ ਖਿਆਲ ਆਉਂਦਿਆਂ ਹੀ ਮੈਂ ਗਰਮੀ ਮਹਿਸੂਸ ਕਰਦਾ ਅਤੇ ਆਖਰ ਨਿਰਾਸ਼ ਹੋ ਕੇ ਸੋਚਣ ਲਗਦਾ ਕਿ ਅਜੇਹਾ ਮੌਕਾ ਕਿਸੇ ਦਿਨ ਆਏ ਜਦੋਂ ਫਲੈਟ ਵਿਚ ਇਕਾਂਤ ਮਿਲਣੀ ਹੋਵੇਗੀ। ਮਜ਼ਾ ਇਹ, ਜਿਵੇਂ ਜਿਵੇਂ ਨਿਰਾਸ਼ਾ ਵਧਦੀ, ਇੱਛਾ ਹੋਰ ਵਧੇਰੇ ਤੇਜ਼ ਹੁੰਦੀ। ਸ਼ੋਭਾ ਗਰਮ ਇਸਤਰੀ ਹੈ। ਉਸਦੀਆਂ ਅੱਖਾਂ ਵਿਚ ਜਵਾਨੀ ਦਾ ਤੂਫਾਨ ਸੀ ਅਤੇ ਸਰੀਰ ਤੇ ਪੂਰੀ ਜਵਾਨੀ ਸੀ। ਮੈਂ ਉਸ ਲਈ ਤੜਪ ਰਿਹਾ ਸੀ।

ਮੈਨੂੰ ਏਧਰ ਓਧਰ ਦੇ ਅਨੇਕ ਵਿਚਾਰ ਆਉਂਦੇ। ਰੋਜ਼ ਸ਼ਾਮੀ, ਸੜਕਾਂ ਤੇ ਮੱਧਮ ਗੈਸ ਲਾਈਟਾਂ ਜਗ ਪੈਂਦੀਆਂ। ਮੈਂ ਉਦਾਸ ਹੋ ਜਾਂਦਾ ਅਤੇ ਮੇਰਾ ਅੱਧਾ ਸਿਰ ਦੁਖਣ ਲਗ ਪੈਂਦਾ। ਕਦੇ ਕਦੇ ਘਰ ਆਉਣ ਨੂੰ ਦਿਲ ਕਰਦਾ ਤਾਂ ਮੈਂ ਦੁਕਾਨ ਤੋਂ ਬਾਹਰ ਆ ਕੇ ਜਾਂ ਏਅਰ ਕੰਡੀਸ਼ਨ ਹੋਟਲ ਵਿਚ ਬਹਿ ਕੇ ਕੌਫੀ ਪੀਂਦਾ। ਇਕ ਦਿਨ ਬੇਹੱਦ ਬੇਚੈਨੀ ਮਹਿਸੂਸ ਕੀਤੀ ਤਾਂ ਮੈਂ ਸ਼ਾਮੀ ਛੇਤੀ ਘਰ ਆ ਗਿਆ। ਸਰਲਾ ਸਬਜ਼ੀ ਲੈਣ ਗਈ ਹੋਈ ਸੀ। ਮੈਂ ਦਰਵਾਜ਼ਾ ਬੰਦ ਕੀਤਾ ਕੱਪੜੇ ਬਦਲੇ ਅਤੇ ਪਲੰਘ ਤੇ ਪਿਆ ਹੋਇਆ ਸੀ ਕਿ ਡੋਰ-ਬੈਲ ਦੀ ਆਵਾਜ਼ ਆਈ — ਦਰਵਾਜ਼ਾ ਖੋਲਿਆ — ਸਾਹਮਣੇ ਸ਼ੋਭਾ ਖੜੋਤੀ ਸੀ।

'ਅੱਜ ਤੁਸੀਂ ਬਹੁਤ ਜਲਦੀ ਆ ਗਏ' ਉਸ ਮੈਨੂੰ ਪੁਛਿਆ।

'ਹਾਂ, ਕੁਝ ਤਬੀਅਤ ਠੀਕ ਨਹੀਂ ਸੀ।' ਮੈਂ ਕਿਹਾ ਅਤੇ ਇਕ ਦਮ ਆਪਣੀ ਤਬੀਅਤ ਨੂੰ ਭੁਲ ਗਿਆ।

'ਸਰਲਾ ਹੁਣੇ ਹੁਣੇ ਸਬਜ਼ੀ ਲੈਣ ਗਈ ਹੈ ਅਤੇ ਮੁੜਨ ਵਿਚ ਅਜੇ ਅੱਧਾ ਘੰਟਾ ਲੱਗੇਗਾ। ਮੈਂ ਤੁਹਾਨੂੰ ਆਉਂਦੇ ਹੋਏ ਵੇਖਿਆ ਕਿ ਚਲੋ ਮਿਲ ਆਵਾਂ — ਮੈਨੂੰ ਵੀ ਸੰਦੇਹ ਸੀ ਕਿ ਤੁਹਾਡੀ ਤਬੀਅਤ ਠੀਕ ਨਹੀਂ ਹੋਣੀ।'

'ਅੰਦਰ ਆ ਜਾਓ — ਮੈਂ ਆਖ ਦਿਤਾ। ਮੇਰੇ ਕੰਨ ਗਰਮ ਹੋ ਗਏ। ਉਸ ਨੇ ਅੰਦਰ ਆ ਕੇ ਦਰਵਾਜ਼ਾ ਬੰਦ ਕਰ ਲਿਆ। ਅਸੀਂ ਇਕ ਦੂਜੇ ਨੂੰ ਸਮਝ ਗਏ ਸਾਂ। ਜਾਪ ਰਿਹਾ ਸੀ ਕਿ ਅੱਜ ਮੌਕਾ ਮਿਲ ਹੀ ਗਿਆ। ਅਸੀਂ ਦੋਵੋਂ ਵੱਡੇ ਕਮਰੇ ਵਿਚ ਆ ਗਏ ਸੀ। ਮੇਰਾ ਦਿਲ ਧੜਕ ਰਿਹਾ ਸੀ। ਸ਼ੋਭਾ ਸਾਹਮਣੇ ਸੀ ਅਤੇ ਸਰਲਾ ਦੇ ਮੁੜਨ ਵਿਚ ਅਜੇ ਅੱਧਾ ਘੰਟਾ ਬਾਕੀ ਸੀ ....

ਉਸਨੇ ਕਿਹਾ, ਮੈਂ ਤੁਹਾਡੇ ਨਾਲ ਇਕ ਖਾਸ ਪ੍ਰਾਈਵੇਟ ਗੱਲ ਕਰਨਾ ਚਾਹੁੰਦੀ ਹਾਂ।'

'ਬੈਡ-ਰੂਮ ਵਿਚ ਚਲੋ' ਮੈਂ ਏਨਾ ਹੀ ਕਹਿ ਸਕਿਆ। ਅਸੀਂ ਦੋਵੇਂ ਉਸ ਕਮਰੇ ਵਿਚ ਆ ਗਏ। ਸ਼ਾਮ ਦਾ ਸਮਾਂ ਸੀ, ਹਨੇਰਾ ਹੋ ਚੁਕਿਆ ਸੀ ਤਾਂ ਵੀ ਮੈਂ ਬੱਤੀ ਨਹੀਂ ਜਗਾਈ।

'ਏਥੇ ਕੋਈ ਹੈ ਤਾਂ ਨਹੀਂ।' ਉਸ ਨੇ ਬਹੁਤ ਧੀਮੀ ਆਵਾਜ਼ ਵਿਚ ਪੁਛਿਆ।'

'ਨਹੀਂ, ਫਲੈਟ ਵਿਚ ਅਸੀਂ ਦੋਵੇਂ ਹਾਂ।'

ਉਸਨੇ ਵਿਚਕਾਰਲਾ ਦਰਵਾਜ਼ਾ ਬੰਦ ਕਰਦੇ ਹੋਏ ਕਿਹਾ, ਸਾਹਮਣੇ ਮਕਾਨ ਵਾਲੇ ਸਾਨੂੰ ਵੇਖਣ, ਮੈਨੂੰ ਇਹ ਪਸੰਦ ਨਹੀਂ ....।

ਕਮਰਾ ਸੁੰਨਾ ਸੀ।

ਉਸਨੇ ਮੈਨੂੰ ਨੇੜੇ ਆਉਣ ਦਾ ਇਸ਼ਾਰਾ ਕੀਤਾ। ਮੈਂ ਉਸ ਵੱਲ ਖਿਚਿਆ ਗਿਆ। ਇੰਜ ਲਗ ਰਿਹਾ ਸੀ ਕਿ ਮੈਂ ਕੰਬ ਪਵਾਂਗਾ।

ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿਣ ਲੱਗੀ — ਮੈਂ ਤੁਹਾਨੂੰ ਕੁਝ ਕਹਿਣ ਆਈ ਹਾਂ, ਸ਼ਾਮੀਂ ਹਰ ਰੋਜ਼ ਇਕ ਆਦਮੀ ਤੁਹਾਡੀ ਪਤਨੀ ਨੂੰ ਮਿਲਣ ਆਂਦਾ ਹੈ — ਕੀ ਤੁਹਾਨੂੰ ਪਤਾ ਹੈ ?

ਮੈਂ ਕੰਬ ਉਠਿਆ ਸਾਂ।

.ਗ਼ਜ਼ਲ

ਗੁਰਚਰਨ ਰਾਮਪੁਰੀ

ਗ਼ਮ ਬੁਰਾ ਹੈ, ਪਰ ਇਹ ਤਿਰਾ ਗ਼ਮ ਹੈ,
ਅੱਥਰੂ ਵੀ ਕਲੀ ਦਾ ਸ਼ਬਨਮ ਹੈ।

ਹਿਜਰ ਵਿੱਚ ਤੇਰੇ ਦਰਦ ਦਾ ਚਾਨਣ,
ਮੇਰੀ ਹਰ ਰਾਤ ਹੁਣ ਤਾਂ ਪੂਨਮ ਹੈ।

ਉਮਰ ਦੇ ਰਾਹ 'ਚ ਉਹ ਉਜਾੜਾਂ ਨੇ,
ਗ਼ੈਰ ਇੰਝ ਜਾਪਦਾ ਕਿ ਮਹਿਰਮ ਹੈ।

ਦੁੱਖ ਦੀ ਦਾਸਤਾਨ ਹੀ ਸੋਹਣੀ,
ਚਿੱਤ੍ਰ ਵਿਚ ਖਿਜ਼ਾਂ ਖੂਬ ਮੌਸਮ ਹੈ।

ਕਿੰਨੀ ਮਿੱਠੀ ਗੁਨਾਹ ਦੀ ਲੱਜ਼ਤ ?
ਕਰਦੀ ਫਨੀਅਰ ਦੀ ਕੁੰਜ ਝਮ ਝਮ ਹੈ।

ਕਲੀ ਮੁਰਝਾ ਗਈ ਬਹਾਰ 'ਚ ਹੀ
ਪੱਤਝੜ ਘਰ ਤਾਂ ਉਸਦਾ ਮਾਤਮ ਹੈ।

ਸਾ ਹਿ ਤ ਦ ਰ ਪ ਣ

ਕਵਿਤਾ

ਪ੍ਰੀਤ—ਮੰਦਰ

ਦਰਸ਼ਨ ਸਿੰਘ ਅਵਾਰਾ

ਓ ਰੱਬ ਮਿਲਣ ਦੀ ਆਸ ਤੇ,
ਮੰਦਰਾਂ 'ਚ ਜਾਵਣ ਵਾਲਿਆ !
ਓ ਮਸਜਿਦਾਂ, ਗੁਰਦੁਆਰਿਆਂ ਵਿਚ,
ਸਿਰ ਝੁਕਾਵਣ ਵਾਲਿਆ !
ਓ ਦਰਸ਼ਨਾਂ ਦੀ ਆਸ ਤੇ,
ਮੱਥੇ ਘਸਾਵਣ ਵਾਲਿਆ !
ਓ ਦੀਦ ਦੀ ਉਮੀਦ ਤੇ,
ਜੋਤਾਂ ਜਗਾਵਣ ਵਾਲਿਆ !

ਓਹਦੇ ਮਿਲਣੇ ਦੀ ਜਗ੍ਹਾ,
ਇਹ ਮਸਜਿਦਾਂ, ਮੰਦਰ ਨਹੀਂ।
ਢੂੰਡਦਾ ਹੈਂ ਤੂੰ ਜਿਨੂੰ,
ਉਹ ਰੱਬ ਇਹਨਾਂ ਅੰਦਰ ਨਹੀਂ।

ਏਥੇ ਪੰਡਤ ਹੈ ਤੈਨੂੰ,
ਬੁੱਧੂ ਬਣਾਵਣ ਵਾਸਤੇ।
ਇਕ ਹੈ ਮੁੱਲਾਂ, ਦੋਜ਼ਖਾਂ ਦਾ
ਸਹਿਮ ਪਾਵਣ ਵਾਸਤੇ।
ਇਕ ਹੈ ਭਾਈ, ਮੁਕਤੀਆਂ ਦੀ
ਆਸ ਲਾਵਣ ਵਾਸਤੇ।

ਸਾਰੇ ਇਹ ਅੱਡੇ ਨੇ ਤੈਨੂੰ
ਲੁਟ ਕੇ ਖਾਵਣ ਵਾਸਤੇ।

ਇਹ ਮਸੀਤਾਂ, ਗੁਰਦਵਾਰੇ,
'ਰੱਬ ਦੇ ਘਰ' ਅਜ ਕੱਲ੍ਹ ਨਹੀਂ।
ਰਹਿੰਦਾ ਹੋਵੇਗਾ ਕਦੇ ਏਹਨਾਂ 'ਚ,
ਪਰ ਅਜ ਕੱਲ੍ਹ ਨਹੀਂ।

ਏਥੇ ਗੋਡੇ ਟੇਕਣਾ ਤੇ
ਸਿਰ ਨਿਵਾਣਾ ਨੇਮ ਹੈ।
ਲਿਲ੍ਹਕਣਾ ਮੰਗਣਾ ਤੇ ਪੱਲੇ
ਗਲ 'ਚ ਪਾਣਾ ਨੇਮ ਹੈ।
ਰੋਲਣਾ ਸ੍ਵੈ-ਮਾਨ ਨੂੰ,
ਮੱਥੇ ਘਸਾਣਾ ਨੇਮ ਹੈ।
ਤਰਲਿਆਂ ਮਿੰਨਤਾਂ ਦੇ ਵਿਚ
ਜੀਵਨ ਬਿਤਾਣਾ ਨੇਮ ਹੈ।

ਪੈਰਾਂ ਹੇਠ ਰੋਲਿਆ ਜਾਂਦਾ ਹੈ
ਸ੍ਵੈ-ਮਵਿਸ਼ਵਾਸ਼ ਨੂੰ।
ਤੁਛ ਜਿ ਕਿਹਾ ਜਾਂਦਾ ਹੈ
'ਰੱਬ ਦੇ ਨੂਰ' ਨੂੰ, ਪਰਕਾਸ਼ ਨੂੰ।

ਏਥੇ ਸੱਚ ਕਹਿਣਾ 'ਗੁਨਾਹ' ਹੈ,
ਦਿਲ ਸੁਣਾਣਾ 'ਪਾਪ' ਹੈ।
'ਦਹਿਰੀਅਤ' ਹੈ ਖੋਜ ਕਰਨਾ,
ਸ਼ਕ ਲਿਆਣਾ 'ਪਾਪ' ਹੈ।
ਘੋਖ 'ਮਨਮੁਖਤਾ' ਨੂੰ,
ਘਸਵੱਟੀ ਤੇ ਲਾਣਾ ਪਾਪ ਹੈ।
ਕੁਫਰ ਹੈ 'ਕੀ ? ਕਿਉਂ ? ਕਿਵੇਂ ?
ਪੁਛਣਾ ਪੁਛਾਣਾ ਪਾਪ ਹੈ।

ਹੈ ਇਨ੍ਹਾਂ ਅੰਦਰ ਮਨ੍ਹਾਂ ਪੜਚੋਲ,
ਵਰਜਿਤ ਹੈ ਦਲੀਲ।
'ਅਕਲ' ਨੂੰ ਕਰਦੀ ਏ 'ਸ਼ਰਧਾ'
ਰੋਜ਼ ਹੀ ਏਥੇ ਜ਼ਲੀਲ।

ਏਥੇ ਕੈਦੀ ਪੂਜਦੇ ਨੇ,
ਹਥਕੜੀ ਜ਼ੰਜੀਰ ਨੂੰ।
ਮੰਨਿਆ ਜਾਂਦੈ ਅਟੱਲ
ਮੱਥੇ ਲਿਖੀ ਤਕਦੀਰ ਨੂੰ।
ਏਥੇ ਡੋਰੇ ਪਾਏ ਜਾਂਦੇ ਨੇ
ਅਕਲ ਤਦਬੀਰ ਨੂੰ।
ਛੋੜਿਆ ਜਾਂਦੈ 'ਤਵੱਕਲ' ਹੀ
ਚਾ ਹਰ ਇਕ ਤੀਰ ਨੂੰ।

ਏਥੇ 'ਆਹਲਸ' 'ਸੁਸਤੀਆਂ',
ਸੂਰਤ 'ਰਜ਼ਾ' ਦੀ ਧਾਰਦੇ।
ਖਜ ਜ਼ੁਰਅਤ, ਕੋਸ਼ਿਸ਼ਾਂ ਨੂੰ
ਰੋਜ਼ ਮਿਹਣੇ ਮਾਰਦੇ।

ਸ਼ਰਹ ਮਰਿਆਦਾਂ ਦੀਆਂ
ਤੂਫਾਨ, ਘੜਿਆਲ, ਵਾਜੇ,
ਸੰਖ, ਬਾਗਾਂ ਨੇ ਇਥੇ।
ਗੂੰਜਦੇ ਨਫਰਤ ਦੇ ਨਾਹਰੇ,
ਤੇਜ ਸਾਂਗਾਂ ਨੇ ਇਥੇ।
ਅਮਨ-ਮਾਰੂ-ਸਾਜ਼ਸ਼ਾਂ,
ਇੱਟਾਂ ਤੇ ਡਾਂਗਾਂ ਨੇ ਇਥੇ।

ਇਹ ਅਮਲ-ਖਾਨੇ ਨੇ ਹੁਣ
ਬਾਰੂਦ-ਖਾਨੇ ਬਣ ਗਏ।
ਖੂਨ, ਬਰਬਾਦੀ, ਤਬਾਹ ਦੇ
ਬਹਾਨੇ ਬਣ ਗਏ।

ਚੱਲਦੇ ਇਹਨਾਂ ਤੋਂ ਨਿਤ
ਛਵੀਆਂ, ਕੁਹਾੜੇ ਦੇਖ ਕੇ।
ਚਾਰੇ ਪਾਸੇ ਇਹਨਾਂ ਤੋਂ
ਝਗੜੇ ਪੁਆੜੇ ਦੇਖ ਕੇ।
ਏਥੇ ਸਾਜ਼ਸ਼ ਦੰਗਿਆਂ ਦੀ
ਨਿਤ ਦਿਹਾੜੇ ਦੇਖ ਕੇ।
ਅਮਨ ਦੇ ਖਿਰਮਨ ਤੇ ਨਿਤ,
ਡਿਗਦੇ ਚੰਗਾੜੇ ਦੇਖ ਕੇ।

ਮੁੱਦਤਾਂ ਹੋਈਆਂ ਨੇ ਉਹ
ਇਹਨਾਂ ਚੋਂ ਡਰੇ ਚਾ ਗਿਐ।
ਸਾਰਿਆਂ ਤੋਂ ਰੁਸ ਕੇ ਹੁਣ
ਮੰਦਰ ਨਵੇਂ ਵਿਚ ਆ ਗਿਐ।
ਵੀਰ ! ਆ !! ਤੈਨੂੰ ਦਿਖਾਵਾਂ,
ਮੈਂ ਇਹ ਮੰਦਰ ਓਸਦਾ।
ਤਾਰਿਆਂ ਦੇ ਹੇਠ
ਬੇ-ਵਲਗਣ, ਨਵਾਂ ਘਰ ਓਸਦਾ।
ਧਰਤ ਖਾਕੀ ਫਰਸ਼
ਨੀਲਾ ਛਤ ਹੈ ਅੰਬਰ ਓਸਦਾ।
ਹਰ ਕਿਸੇ ਦੇ ਵਾਸਤੇ
ਖੁਲੈ ਸਦਾ ਦਰ ਓਸਦਾ।
ਇਹ ਨਾ ਦੇਖ ਏਥੇ ਕੋਈ,
ਛੱਥੇ ਚੰਦੋਏ ਹਨ ਕਿ ਨਾ।
ਦੇਖ, ਏਥੇ ਦਿਲ ਪਵਿੱਤਰ,
ਤੇ ਨਰੋਏ ਹਨ ਕਿ ਨਾ।

ਏਥੇ ਨਹੀਂ ਕੋਈ ਵੇਰਵਾ
ਹਿੰਦੂ ਤੇ ਮੁਸਲਮਾਨ ਦਾ॥
ਨਾ ਹੈ ਕੋਈ ਫਰਕ
ਅੱਲਾ, ਵਾਹਿਗੁਰੂ, ਭਗਵਾਨ ਦਾ।
ਨਾ ਕੋਈ ਝਗੜਾ
ਗਰੰਥ, ਅੰਜੀਲ ਤੇ ਕੁਰਆਨ ਦਾ।
ਪਰਖਿਆ ਜਾਂਦੈ ਮਜ਼੍ਹਬ ਦਾ
ਯਾ ਅਮਲ ਇਨਸਾਨ ਦਾ।
ਹਰ ਕੋਈ ਆਵੇ ਬਿਸ਼ਕ
ਏਥੇ ਦੁੜੰਗੇ ਮਾਰਦਾ।
ਮਿਲਦਾ ਏ ਪਰਸ਼ਾਦ ਸਭ ਨੂੰ
'ਰੌਸ਼ਨੀ' ਤੇ 'ਪਿਆਰ' ਦਾ।
ਇਹ ਉਹ ਮੰਦਰ ਹੈ ਜ਼ਿਦੇ ਵਿਚ
ਦਿਲ ਦੁਖਾਣਾ ਮਨ੍ਹਾਂ ਹੈ।
ਜਜ਼ਬਿਆਂ ਨੂੰ ਛੇੜਨਾ
ਤੇ ਠੇਸ ਲਾਣਾ ਮਨ੍ਹਾਂ ਹੈ।
ਏਥੇ ਕੌੜਾ ਬੋਲਣਾ
ਉਤਸ਼ਾਹ ਘਟਾਣਾ ਮਨ੍ਹਾਂ ਹੈ।
ਰਾਹ ਕਿਸੇ ਦਾ ਰੋਕਣਾ,
ਹੱਕ ਖੋਹ ਕੇ ਖਾਣਾ ਮਨ੍ਹਾਂ ਹੈ।
ਏਥੇ ਪੈਰਾਂ ਦੀ ਜਗ੍ਹਾ,
ਦਿਲ ਧੋ ਕੇ ਆਣਾ ਹੋਇਗਾ।
ਮਜ਼ਹਬੀ ਤਸਬਾਂ ਤੋਂ
ਖਾਲੀ ਹੋ ਕੇ ਆਣਾ ਹੋਇਗਾ।
ਹਨ ਗੁਨਾਹ ਇਕੋ ਜਿਹੇ,
ਏਥੇ ਦੋਏ ਝਟਕਾ ਹਲਾਲ।
ਮਨ੍ਹਾਂ ਹੈ ਇਸ ਥਾਂ ਤੇ,
ਹਥ ਰੰਗਣਾਂ ਕਿਸੇ ਦੇ ਖੂਨ ਨਾਲ।
ਏਥੇ ਉਠਦਾ ਹੀ ਨਹੀਂ
ਮਸਜਿਦ ਤੇ ਵਾਜੇ ਦਾ ਸਵਾਲ।
ਖੋਹ ਕੇ ਖਾਣਾ ਹੈ ਮਨ੍ਹਾਂ,
ਦੂਜੇ ਦਾ ਹਕ, ਦੂਜੇ ਦਾ ਮਾਲ।
ਇਸ ਜਗ੍ਹਾ ਸਦਦੇ ਨਹੀਂ,
ਕਾਤਲ ਨੂੰ 'ਗਾਜ਼ੀ' ਆਖ ਕੇ।
ਨਾ ਹੀ ਵਡਿਆਂ ਦੇ ਫਰੇਬੀ ਨੂੰ,
'ਨਿਮਾਜ਼ੀ' ਆਖ ਕੇ !
ਏਥੇ ਇਹ ਪੁਛਣਾ ਨਹੀਂ
'ਗਊ-ਦਾਨ ਕੀਤਾ ਈ ਕਿ ਨਾ ?
ਭੋਰਿਆਂ ਵਿਚ ਬਹਿ ਕੇ ਰਬ ਦਾ
ਧਿਆਨ ਕੀਤਾ ਈ ਕਿ ਨਾ ?
'ਯਾਤਰਾ, ਹਜ, ਗੰਗਾਂ ਦਾ
ਇਸ਼ਨਾਨ ਕੀਤਾ ਈ ਕਿ ਨਾ ?
ਪਾਠ ਦਾ ਨੇਮੀ ਏਂ ?
ਅੰਮ੍ਰਿਤ ਪਾਨ ਕੀਤਾ ਈ ਕਿ ਨਾ ?
ਏਥੇ ਚਿੰਨ੍ਹਾਂ ਦੀ ਜਗ੍ਹਾ,
ਅਸਲਾਮਿ ਤੋਲੇ ਜਾਣਗੇ !
ਮਜਹਬੀ ਪੁਸਤਕ ਨਹੀਂ,
ਜੀਵਨ ਫਰੋਲੇ ਜਾਣਗੇ।
ਏਥੇ ਝਾੜੂ, ਮੁਠੀਆਂ
ਭਰਨੇ ਦੀ ਪਾਬੰਦੀ ਨਹੀਂ।
ਰੋਜ਼ੇ ਰਖ ਕੇ ਭੁਖਿਆਂ
ਮਰਨੇ ਦੀ ਪਾਬੰਦੀ ਨਹੀਂ।
ਪਾਠ, ਪੂਜਾ, ਸੰਧਿਆ
ਕਰਨੇ ਦੀ ਪਾਬੰਦੀ ਨਹੀਂ।
ਭੇਟਾ, ਸ਼ੁਕਰਾਨੇ, ਨਜ਼ਰ
ਧਰਨੇ ਦੀ ਪਾਬੰਦੀ ਨਹੀਂ।

ਇਸ ਜਗ੍ਹਾ ਕੋਈ ਨਹੀਂ
ਸਜਦੇ ਨਿਮਾਜ਼ਾਂ ਮੰਗਦਾ।
ਨਾ ਕੋਈ ਲੈਂਦਾ ਚੜ੍ਹਾਵੇ,
ਨਾ ਨਿਆਜ਼ਾਂ ਮੰਗਦਾ।
ਏਥੇ ਹੰਝੂ ਪੂੰਝਣਾ,
ਰੋਂਦੇ ਹਸਾਣਾ ਪੁੰਨ ਹੈ।
ਦੇ ਕੇ ਠੁਮਣਾ ਆਸ ਦਾ,
ਢਹਿੰਦੇ ਉਠਾਣਾ ਪੁੰਨ ਹੈ।
ਆਪਣੇ ਸੁਖ ਕੁਰਬਾਨ ਕਰ ਕੇ,
ਦੁਖ ਵੰਡਾਣਾ ਪੁੰਨ ਹੈ।
ਦਿਲ ਦੇ ਟੁਕੜੇ ਜੋੜਨਾ,
ਵਿਛੜੇ ਮਿਲਾਣਾ ਪੁੰਨ ਹੈ।
ਦਿਲ ਨਹੀਂ ਸੁਟਦੇ ਇਥੇ,
ਨਿਯਮਾਂ ਦੀ ਸਿਰ ਤੋਂ ਵਾਰ ਕੇ।
ਸੁਟੀ ਜਾਂਦੀ ਸੌ ਸ਼ਰਹ,
'ਬੰਦੇ ਦੇ ਦਿਲ' ਤੋਂ ਵਾਰ ਕੇ।
ਏਥੇ ਨਾਹਰਾ ਨਫਰਤਾਂ ਦਾ
ਕੋਈ ਵੀ ਲਾਂਦਾ ਨਹੀਂ।
ਮਜ਼ਹਬੀ ਅਣਖਾਂ ਦੇ ਨਾਂ ਤੇ
ਕੋਈ ਭੜਕਾਂਦਾ ਨਹੀਂ।
ਕੋਈ 'ਕਾਫਰ' 'ਨਾਚ', ਮਨਮੁਖ,
ਕਹਿ ਕੇ ਛੁਟਿਆਂਦਾ ਨਹੀਂ।
ਦਿਲ ਦੁਖਾਊ ਬੋਲ ਏਥੇ
ਬੋਲਿਆ ਜਾਂਦਾ ਨਹੀਂ।
ਏਥੇ ਸਾਇੰਸ ਫਲਸਫੇ,
ਅਕਲ ਦੀ ਪਰਧਾਨਗੀ।
ਸਭ ਦੇ ਵਿਚ ਹੈ ਜਾਗਦੀ,
ਗੈਰਤ ਅਤੇ ਮਰਦਾਨਗੀ।
ਦਿਲਬਰੀ ਮਿਲਦੀ ਏ ਏਥੇ
ਹਰ ਕਿਸੇ ਦੀ ਆਸ ਨੂੰ।
ਮਿਲਦਾ ਹੈ ਉਤਸ਼ਾਹ ਖੁਦ-ਦਾਰੀ ਨੂੰ
ਸ੍ਵੈ-ਵਿਸ਼ਵਾਸ਼ ਨੂੰ।
ਲਗਨ ਆਜ਼ਾਦੀ ਦੀ ਲਗਦੀ,
ਹਰ ਗੁਲਾਮ, ਹਰ ਦਾਸ ਨੂੰ।
ਕੱਢਿਆ ਜਾਂਦੈ ਬਹਿਸ਼ਤਾਂ,
ਦੋਜ਼ਖਾਂ 'ਚੋਂ ਕਿਆਸ ਨੂੰ।
ਕੀਰਤਨ, ਨਾਹਤਾਂ ਭਜਨ
ਏਥੇ ਸੁਣੇ ਜਾਂਦੇ ਨਹੀਂ।
ਖੋਟੇ ਸਿੱਕੇ ਇਸ ਖਜ਼ਾਨੇ
ਕੋਈ ਮੁਲ ਪਾਂਦੇ ਨਹੀਂ।
ਉਚਿਆਂ ਮੰਦਰਾਂ ਦੇ
ਦਿੱਤਾ ਏ ਤੂੰ ਜੀਵਣ ਗੁਜਾਰ।
ਕਰ ਚੁਕੈਂ ਸ਼ਾਹੀ ਮਸੀਤਾਂ
ਵਿਚ ਵੀ ਸਜਦੇ ਲੱਖ ਵਾਰ।
ਮਰਮਰੀ ਫਰਸ਼ਾਂ ਤੇ ਵੀ
ਰਗੜੇ ਨੈ ਮੱਥੇ ਬੇਸ਼ੁਮਾਰ।
ਭੁੱਲਾ-ਘੁੱਥਾ ਸਾਡੇ ਮੰਦਰ
ਦੀ ਕਦੇ ਇਕ ਝਾਤ ਮਾਰ।
ਏਥੇ ਤੂੰ ਦੁਖਦਾ ਨਹੀਂ
ਅੱਖੀਆਂ ਵੀ ਤੇ ਚਾਇਆਂ ਤੂੰ ਆ।
ਚਾ ਭਰੇ ਦਿਲ ਨਾਲ
ਸਭ ਕਹਿੰਦੇ ਨੇ 'ਜੀ ਆਇਆਂ' — ਤੂੰ ਆ।

ਗੁਰਚਰਨ ਰਾਮਪੁਰੀ ਦੀਆਂ ਦੋ ਨਜ਼ਮਾਂ

ਚਾਨਣ ਦਾ ਮੀਂਹ

ਸੁਪਨਾਲੀ ਰਜਨੀ ਦੇ ਸੀਨੇ
ਮਧੁਰ ਮਧੁਰ ਕੋਈ ਗਾਵੇ,
ਟੂਣੇ-ਹਾਰੀ ਬੋਲੀ ਦੇ ਵਿਚ
ਮੈਨੂੰ ਪਿਆ ਬੁਲਾਵੇ।

ਮੇਰੀ ਰੂਹ ਦੇ ਬੂਹੇ ਕੋਈ
ਮੁੜ ਮੁੜ ਆਣ ਠਕੋਰੇ,
ਦੋ ਅਖੀਆਂ ਜਾਗਦੀਆਂ ਵਿੱਚ ਹੀ
ਸੌ ਸੁਪਨੇ ਲਟਕਾਵੇ।

ਮੁਸਕਾਣਾਂ ਦਾ ਕਿਰਨ-ਜਾਲ ਇੱਕ
ਸੋਚ ਮੇਰੀ ਦੇ ਅੰਬਰੀਂ,
ਕੱਚੀਆਂ ਡੋਰਾਂ ਨੂਰ ਦੀਆਂ ਬੰਨ੍ਹ
ਕੋਈ ਖਿੱਚਾਂ ਪਾਵੇ।

ਸੁੱਤੀ ਝੀਲ 'ਚ ਜਾਗਣ ਲਹਿਰਾਂ
ਨੱਚ ਉਠੇ ਚੰਨ ਤਾਰੇ,
ਸੋਚ ਮੇਰੀ ਦੇ ਬਚਪਨ ਨੂੰ
ਕੋਈ ਉਂਗਲੀ ਲਾਈਂ ਜਾਵੇ।

ਜਾਗੇ ਰਾਤ, ਸੌਂ ਰਹੇ ਲੋਕੀ
ਚਾਨਣ ਦਾ ਮੀਂਹ ਪੈਂਦਾ,
ਦਿਲ ਦੀ ਸੁੰਨੀ ਬਸਤੀ ਵਿਚ
ਕੋਈ ਕਿਰਨਾਂ ਵਾਂਗੂੰ ਆਵੇ।

ਮਨ ਦੀ ਫੁਲਵਾਰੀ ਵਿਚ ਸੁਣ ਰਹੀ
ਚਾਪ ਬਹਾਰਾਂ ਵਾਲੀ,
ਜਾਦੂ-ਛੋਹ ਸਦਕਾ ਸੁੱਕੇ ਪੱਤ
ਹੁੰਦੇ ਜਾਂਦੇ ਸਾਵੇ।

ਊਸ਼ਾ ਦੀ ਵਾ ਵਾਂਗੂੰ, ਰੂਹ ਦੀ
ਵਾਦੀ ਵਿਚ ਕੋਈ ਆਉਂਦਾ,
ਦਿਲ ਮੇਰਾ ਪਰਛਾਵੇਂ ਵਾਂਗੂੰ
ਉਸਦਾ ਹੁੰਦਾ ਜਾਵੇ।

ਸੋਅ ਆਵੇ ਜੀਵਨ ਦਾ ਪਲ ਪਲ
ਕਿਰਨ ਕਿਰਨ ਹੋ ਜਾਣਾ,
ਅਜ ਚਾਨਣ ਅਪਣੇ ਮੁਖੜੇ ਤੋਂ
ਪਰਦੇ ਆਪ ਹਟਾਵੇ।

ਜਿਉਂ ਧਰਤੀ ਦਾ ਭਰੇ ਕਲਾਵਾ,
ਸੂਰਜ ਨਿੱਤ ਪਰਭਾਤੀਂ
ਸੋਚਾਂ ਦੀ ਦੁਨੀਆਂ ਤੇ ਕੋਈ
ਅੰਬਰ ਵਾਂਗੂੰ ਛਾਵੇ।

ਸ਼ਿਬਲੀ ਨੇ ਤਲਵਾਰ ਚਲਾਈ

ਸ਼ਿਬਲੀ ਨੇ ਤਲਵਾਰ ਚਲਾਈ
ਅੱਜ ਦੇ ਮਿੱਤਰ ਫੁੱਲ ਮਾਰਨ ਦਾ ਸੁਘੜ ਸਲੀਕਾ ਨਹੀਂ ਜਾਣਦੇ।

ਮੇਰੇ ਮਾੜੇ ਭਾਗ ਕਿ ਮੇਰੀ ਮਰਹਮ ਵੀ ਉਸ ਮਹਿਰਮ ਕੋਲੇ
ਜਿਸ ਮੇਰੇ ਆਪਣੇਂ ਨੇ ਮੈਨੂੰ ਕੋਹਿਆ ਹੈ
ਦੁਖ ਹੈ ਮੈਥੋਂ ਪਹਿਲਾਂ ਕਾਹਤੋਂ
ਮਿੱਤਰਾਂ ਦਾ ਵਿਸ਼ਵਾਸ ਅਚਾਨਕ ਮੋਇਆ ਹੈ।

ਫੱਟੜ ਨੂੰ ਕੀ ਫਰਕ ਹੈ ਇਸ ਦਾ
ਕਿ ਖੰਜਰ ਦੇ ਮੁੱਠੇ ਦਾ ਰੰਗ ਹਈ ਕੇਸਰੀ,
ਨੀਲਾ, ਹਰਾ,ਤਿਰੰਗਾ,
ਵਗਦੀ ਰੱਤ ਦਾ ਰੰਗ ਤਾਂ ਇਕੋ ਸੂਹਾ ਹੈ।

ਮੇਰੇ ਮਿੱਤਰੋ !
ਬਦਲੇ ਦੇ ਚੱਕਰ ਵਿਚ ਘੁੰਮਦੇ
ਕਿਤੇ ਨਹੀਂ ਅਪੜਾਂਗੇ ਆਪਾਂ,
ਇਸ ਚੱਕਰ ਦਾ ਕੋਈ ਅੰਤ ਨਹੀਂ ਹੈ,
ਇਹ ਚੱਕਰ - ਵਯੂਹ ਤੋੜਨ ਖਾਤਰ ਸਬਰ, ਸਿਆਣਪ ਸਿਰ ਜੋੜੋ।

ਰਹਿਮ ਕਰੋ ਜ਼ਖਮੀ ਦੇ ਉਤੇ;
ਤੱਤਿਆਂ ਬੋਲਾਂ ਦੀ ਜ਼ਹਿਰੀਲੀ ਪੱਟੀ
ਫੱਟਾਂ ਦਾ ਅੰਗੂਰ ਨਾ ਬਣਦੀ
ਇਹ ਤਾਂ ਉਨ੍ਹਾਂ ਨੂੰ ਕੇਵਲ ਨਾਸੂਰ ਬਣਾ ਸਕਦੀ ਹੈ।
ਮੇਰੀ ਮਰਹਮ ਬਣਨਾ ਹੈ ਤਾਂ
ਬਣੋ ਪੀੜ ਦੇ ਹਾਣ ਦੇ।

ਖੁੱਲ੍ਹੀਆਂ ਗੱਲਾਂ ਚਿੱਤਰਕਾਰ ਸੋਭਾ ਸਿੰਘ ਨਾਲ

·ਡਾ. ਹਿਰਦੇ ਜੀਤ ਸਿੰਘ ਭੋਗਲ

ਸੋਭਾ ਸਿੰਘ ਦਾ ਨਾਮ ਕਿਹੜਾ ਪੰਜਾਬੀ ਨਹੀਂ ਜਾਣਦਾ। ਜਾਣੇ-ਅਨਜਾਣੇ ਲੱਖਾਂ ਲੋਕ ਰੋਜ਼ਾਨਾ ਉਸ ਦੇ ਚਿੱਤਰਾਂ ਨਾਲ ਇਕ-ਸੁਰ ਹੁੰਦੇ ਹਨ। 'ਪਦਮ ਸ੍ਰੀ' ਨਾਲ ਸਨਮਾਨਤ ਹੋ ਚੁੱਕੇ ਇਸ ਚਿੱਤਰਕਾਰ ਨੇ ਬਚਪਨ ਤੋਂ ਹੀ ਚਿੱਤਰਕਾਰੀ ਨਾਲ ਪਿਆਰ ਪਾਇਆ ਅਤੇ ਅੱਜ 84 ਸਾਲ ਦੀ ਉਮਰ ਵਿਚ ਵੀ ਇਸ ਕਲਾ ਨਾਲ ਇਸ਼ਕ ਕਰਦਾ ਹੈ। ਪੰਜਾਬੀ ਚਿਤਰਕਾਰਾਂ ਬਾਰੇ ਆਪਣੀ ਇਕ ਪੁਸਤਕ ਦੇ ਸਿਲਸਿਲੇ ਵਿਚ ਮੈਨੂੰ ਸ. ਸੋਭਾ ਸਿੰਘ ਨਾਲ ਇਕ ਲੰਬੀ ਦਿਲਚਸਪ ਇੰਟਰਵਿਊ ਕਰਨ ਦਾ ਮੌਕਾ ਮਿਲਿਆ। ਪੇਸ਼ ਹੈ ਇਸ ਦਾ ਕੁਝ ਹਿਸਾ :—

? ਆਪਣੀ ਕਲਾ-ਸਾਧਨਾ ਦੇ ਮੁੱਢਲੇ ਦੌਰ ਬਾਰੇ ਕੁਝ ਦੱਸੋ।

— ਮੇਰੇ ਪਿਤਾ ਜੀ ਰਸਾਲੇ ਦੇ ਰਟਾਇਰਡ ਦਫੇਦਾਰ ਸਨ। ਉਨ੍ਹਾਂ ਨੂੰ ਤਸਵੀਰਾਂ ਰੱਖਣ ਤੇ ਬਨਾਣ ਦਾ ਸ਼ੌਕ ਸੀ। ਅੰਗਰੇਜ਼ ਫੌਜੀ ਜਾਣ ਲੱਗੇ ਤਸਵੀਰਾਂ ਨਿਲਾਮ ਕਰਦੇ ਸਨ ਤੇ ਉਹ ਖਰੀਦ ਲੈਂਦੇ ਸਨ। ਉਹ 12,13 ਤਸਵੀਰਾਂ ਮੇਰੇ ਉਤੇ ਅਸਰ ਕਰਦੀਆਂ ਸਨ। ਪਿਤਾ ਜੀ ਦੀ ਗੈਰਹਾਜ਼ਰੀ ਵਿਚ ਕਦੇ ਕਦੇ ਨਕਲ ਕਰਨ ਦੀ ਕੋਸ਼ਿਸ਼ ਕਰਦਾ ਸਾਂ। ਅਸਲ ਵਿਚ ਉਹ ਤਸਵੀਰਾਂ ਬੜੀਆਂ ਟੇਸਟਫੁਲ ਹੁੰਦੀਆਂ ਸਨ।

? ਕੀ ਪਿਤਾ ਜੀ ਚਿੱਤਰਕਾਰੀ ਲਈ ਉਤਸ਼ਾਹਤ ਕਰਦੇ ਸਨ ?

— ਨਹੀਂ ਮੈਂ ਇਕ ਵਾਰੀ ਕਿਹਾ ਕਿ ਬਾਪੂ ਜੀ ਮੈਂ ਐਡੀਆਂ ਵੱਡੀਆਂ ਤਸਵੀਰਾਂ ਬਣਾਇਆ ਕਰਨੀਐਂ। ਉਹ ਕਹਿਣ ਲੱਗੇ ਉਹ ਹੋਰ ਹੀ ਮੱਖੀਆਂ ਹੁੰਦੀਆਂ ਜਿਨ੍ਹਾਂ ਦਾ ਹੱਗਿਆ ਖਾਈਦਾ। ਹੁਣ ਕਈ ਵਾਰ ਸੋਚਦਾ ਹਾਂ ਕਿ ਜੇ ਉਹ ਹੁਣ ਹੋਣ ਤਾਂ ਮੈਂ ਦੱਸਾਂ ਕਿ ਦੇਖੋ ਮੈਂ ਕਿਡੀ ਵੱਡੀ ਮੱਖੀ ਆਂ।

? ਫੇਰ ਚਿੱਤਰਕਾਰੀ ਦੀ ਪਰੇਰਨਾ ਕਿਥੋਂ ਮਿਲੀ ?

— ਕਈ ਵਾਰ ਸੋਚਦਾ ਹਾਂ ਕਿ ਸ਼ਾਇਦ ਇਕ ਹੋਰ ਫੈਕਟਰ ਨੇ ਪ੍ਰਭਾਵ ਪਾਇਆ ਹੈ। ਮੇਰੇ ਮਾਤਾ ਜੀ ਤੇ ਬਾਪੂ ਜੀ ਵਿਚ ਆਪਸੀ ਖਿਚੋਤਾਣ ਰਹਿੰਦੀ ਸੀ। ਮੇਰੀ ਮਾਤਾ ਮੈਨੂੰ ਦੋ ਸਾਲਾਂ ਦਾ ਛੱਡ ਕੇ ਪੇਕੇ ਚਲੇ ਗਈ। ਪਿਤਾ ਜੀ ਮੈਨੂੰ ਮਾਂ ਪਾਸ ਜਾਣ ਨਹੀਂ ਦਿੰਦੇ ਸਨ ਤੇ ਨਾ ਹੀ ਮੈਨੂੰ ਉਸ ਨੂੰ ਮਿਲਣ ਹੀ ਦਿੰਦੇ ਸਨ। ਫੇਰ ਪੇਕੇ ਹੀ ਉਨ੍ਹਾਂ ਦਾ ਇਕ ਜ਼ਖਮ ਵਿਗੜ ਗਿਆ ਤੇ ਤਪਦਿਕ ਹੋ ਗਿਆ। ਮਰਨ ਕਿਨਾਰੇ ਪਈ ਮਾਂ ਨੇ ਕਿਸੇ ਬੰਦੇ ਰਾਹੀਂ ਮੈਨੂੰ ਦੇਖਣ ਦੀ ਇੱਛਾ ਪ੍ਰਗਟ ਕੀਤੀ। ਕਾਫੀ ਜ਼ੋਰ ਪੈਣ ਤੋਂ ਬਾਅਦ ਪਿਤਾ ਜੀ ਮੰਨ ਗਏ ਕਿ ਉਹ ਖੁਦ ਇਥੇ ਆ ਕੇ ਪੁੱਤਰ ਨੂੰ ਦੂਰੋਂ ਹੀ ਦੇਖ ਲਏ। ਜਦੋਂ ਉਹ ਆਈ, ਤਾਂ ਇਕ ਮੰਜੇ ਉਤੇ ਪਈ ਹੋਈ ਮਾਤਾ ਦੇ ਮੂੰਹ ਉਤੇ ਮਲਮਲ ਦਾ ਕੱਪੜਾ ਪਾ ਦਿਤਾ ਗਿਆ। ਮੈਨੂੰ ਦੂਰ ਖੜ੍ਹਾਂ ਕਰਕੇ ਪਿਤਾ ਜੀ ਖੜੋ ਗਏ। ਮਲਮਲ ਦੇ ਕੱਪੜੇ ਵਿਚੋਂ ਮੈਨੂੰ ਆਪਣੀ ਮਾਂ ਵੱਲ ਇਕ ਹੱਥ ਉਠਦਾ ਦਿਸਿਆ ਤੇ ਫੇਰ ਡਿੱਗ ਪਿਆ। ਮੈਨੂੰ ਕਾਫੀ ਚਿਰ ਬਾਅਦ ਪਤਾ ਲਗਿਆ ਕਿ ਮੇਰੀ ਮਾਂ ਮਰ ਗਈ ਹੈ। ਮੈਨੂੰ ਮਾਂ ਨਾਲ ਹੀ ਪਿਆਰ ਸੀ ਤੇ ਉਹ ਵੀ ਨਹੀਂ ਮਿਲਿਆ। ਇਸ ਲਈ ਬਚਪਨ ਵਿਚ ਮਿਲੇ ਸਦਮਿਆਂ ਨੇ ਮੇਰੇ ਅਚੇਤ ਮਨ ਤੇ ਅਸਰ ਕੀਤਾ।

? ਤੁਹਾਡੀ ਸਿੱਖ ਇਤਿਹਾਸ ਤੇ ਸਿੱਖ ਗੁਰੂਆਂ ਵਿਚ ਰੁਚੀ ਕਿਵੇਂ ਬਣੀ।

— ਬਚਪਨ ਵਿਚ ਮੇਰੀ ਸੋਹਣੇ ਘਰ ਦੀ ਤਮੰਨਾ ਸੀ। ਪਰ ਕਿਉਂਕਿ ਘਰ ਹੈ ਨਹੀਂ ਸੀ, ਇਸ ਲਈ ਮੈਂ ਆਪਣੀ ਛੋਟੀ ਜਿਹੀ ਪਰਛੱਤੀ ਨੂੰ ਹੀ ਘਰ ਬਣਾ ਲਿਆ ਉਸ ਦੀਆਂ ਕੰਧਾਂ ਉਤੇ ਥਾਨਾਂ ਉਤੋਂ ਲਾਹੇ ਚਿੱਤਰ ਸਜਾ ਛੱਡਦਾ ਸਾਂ। ਮੈਂ ਉਥੇ ਇਕ ਪੀੜ੍ਹੀ ਉਤੇ ਪੰਜ ਗਰੰਥੀ ਵਾਂਗ ਕੋਈ ਚੀਜ਼ ਰੱਖ ਲੈਣੀ ਤੇ ਐਵੇਂ ਉਸ ਦਾ ਪ੍ਰਕਾਸ਼ ਕਰਨ ਦੀ ਕੋਸ਼ਿਸ਼ ਕਰਨੀ। ਤੇ ਉਦੋਂ ਦਿਲ ਕਰਨਾ ਕਿ ਕੰਧਾਂ ਉਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਹੋਣੀਆਂ ਚਾਹੀਦੀਆਂ ਹਨ। ਬੈਠਕ ਵਿਚ ਗੁਰੂ ਸਾਹਿਬ ਦੀ ਬਾਲੇ ਮਰਦਾਨੇ ਨਾਲ ਬੈਠਿਆਂ ਦੀ ਇਕ ਤਸਵੀਰ ਬਾਪੂ ਜੀ ਦੇ ਹੱਥਾਂ ਦੀ ਬਣੀ ਹੋਈ ਪਈ ਸੀ। ਮੈਂ ਉਸ ਦੀ ਵੀ ਕਾਪੀ ਕਰਨ ਦਾ ਯਤਨ ਕਰਦਾ ਰਹਿੰਦਾ ਸਾਂ।

? ਬਚਪਨ ਤੋਂ ਹੁਣ ਤੱਕ ਦੀ ਕਲਾ-ਸਾਧਨਾ ਦਾ ਸੰਖੇਪ ਇਤਿਹਾਸ ਬਿਆਨ ਕਰੋ।

— ਪਹਿਲਾਂ ਤਾਂ ਹਰ ਕਿਸਮ ਦੀ ਤਸਵੀਰ ਬਨਾਣ ਦਾ ਸ਼ੌਕ ਸੀ। ਪਿਛੋਂ ਮੂਰਤਾਂ ਦੇ ਮਹੱਤਵ ਵੱਲ ਧਿਆਨ ਦਿਤਾ। ਪਹਿਲਾਂ ਮੈਂ ਸੋਚਿਆ ਕਿ ਸੰਤ ਬੜੇ ਚੰਗੇ ਤੇ ਪਰਉਪਕਾਰੀ ਹੁੰਦੇ ਹਨ, ਸੋ ਸੰਤਾਂ ਦੀਆਂ ਤਸਵੀਰਾਂ ਬਣਾਈਆਂ। ਫਿਰ ਖਿਆਲ ਆਇਆ ਕਿ ਸੰਤ ਤਾਂ ਕਿਸੇ ਅਣਡਿੱਠੇ ਰੱਬ ਵਾਸਤੇ ਐਵੇਂ ਖੜਤਾਲਾਂ ਵਜਾਉਂਦੇ ਰਹਿੰਦੇ ਹਨ। ਫਿਰ ਜਾਪਿਆ ਕਿ ਆਸ਼ਕ ਬੜੇ ਵੱਡੇ ਹੁੰਦੇ ਨੇ, ਸੋ ਆਸ਼ਕਾਂ ਦੀਆਂ ਤਸਵੀਰਾਂ ਬਣਾਈਆਂ ਜਿਨ੍ਹਾਂ ਵਿਚ 'ਸੋਹਣੀ ਮਹੀਂਵਾਲ' ਤੇ 'ਹੀਰ ਰਾਂਝਾ' ਆਦਿ ਦੇ ਚਿਤਰ ਸਨ। ਫਿਰ ਸੋਚਿਆ ਕਿ ਜੇ ਇਨ੍ਹਾਂ ਦੇ ਵਿਆਹ ਹੋ ਜਾਂਦੇ ਤਾਂ ਕੀ ਪਤਾ ਇਹ ਵੀ ਜੂਤਪਤਾਂਗ ਹੋਏ ਰਹਿੰਦੇ। ਫਿਰ ਜਨਾਨੀ ਵੱਡੀ ਜਾਪਣ ਲੱਗੀ ਜਿਹੜੀ ਬੱਚਾ ਪੈਦਾ ਕਰਨ ਲਈ, ਸੀਡ ਲੈਣ ਲਈ ਕਿਸੇ ਅਣਜਾਣੇ ਬੰਦੇ ਨਾਲ ਨਾਤਾ ਜੋੜ ਲੈਂਦੀ ਹੈ। ਆਪਣਾ ਪਰਿਵਾਰ, ਰਿਸ਼ਤੇ ਤੇ ਨਾਂ ਤਕ ਛੱਡ ਦਿੰਦੀ ਹੈ। ਸੋ ਜਨਾਨੀਆਂ ਦੇ ਚਿਤਰ ਬਣਾਏ ਜਿਵੇਂ 'ਕਾਂਗੜਾ ਬਰਾਈਡ' ਤੇ ਹੋਰ ਘਰੋਗੀ ਇਸਤਰੀਆਂ ਦੇ ਚਿੱਤਰ। ਫਿਰ ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਜਨਾਨੀ ਤੋਂ ਤਾਂ ਫਰਿਸ਼ਤੇ ਵੀ ਜੰਮ ਪੈਂਦੇ ਨੇ ਤੇ ਸ਼ੈਤਾਨ ਵੀ। ਸੋ ਸਭ ਤੋਂ ਵੱਡੀ ਦੇਣ ਮਹਾਂਪੁਰਸ਼ਾਂ ਦੀ ਹੈ। ਇਸ ਲਈ ਮੈਂ ਸਿੱਖ ਗੁਰੂਆਂ ਦੀਆਂ ਤਸਵੀਰਾਂ ਬਣਾਈਆਂ। ਇਸ ਸਾਰੇ ਕੰਮ ਦੌਰਾਨ ਮੈਂ ਰੋਟੀ ਪਾਣੀ ਚਲਾਣ ਲਈ ਕਮਰਸ਼ੀਅਲ ਕੰਮ ਵੀ ਕੀਤਾ।

? ਕੰਮਕਾਰ ਦੌਰਾਨ ਕੋਈ ਖਾਸ ਮੁਸ਼ਕਲਾਂ ਪੇਸ਼ ਆਈਆਂ ਹੋਣ।

— ਮੈਨੂੰ ਕੰਮ ਲੈਣ ਜਾਣਾ ਬੜਾ ਕਸ਼ਟਦਾਇਕ ਲਗਦਾ ਸੀ। ਅੰਮ੍ਰਿਤਸਰ ਵਿਚ ਕੁਝ ਅਜਿਹੀਆਂ ਪਰੇਸ਼ਾਨੀਆਂ ਆਈਆਂ। ਜਿਸ ਪ੍ਰਕਾਸ਼ਕ ਤੋਂ ਬਹੁਤ ਕੰਮ ਮਿਲਦਾ ਸੀ, ਉਸਨੂੰ ਬੋਲਣ ਦੀ ਵੀ ਤਮੀਜ਼ ਨਹੀਂ ਸੀ ਤੇ ਪੈਸੇ ਦੇਣ ਲੱਗੇ ਵੀ ਨਖਰੇ ਕਰਦੇ ਸਨ। ਉਂਝ ਜਿੰਨੇ ਕੁ ਪੈਸੇ ਦੀ ਲੋੜ ਹੁੰਦੀ ਸੀ, ਓਨਾ ਕੰਮ ਕਰ ਲਈਦਾ ਸੀ। ਲਾਹੌਰ ਜਾ ਕੇ ਤਾਂ ਇਰਾਦਾ ਬਣਾਂ ਲਿਆ ਕਿ ਕਿਸੇ ਤੋਂ ਕੰਮ ਲੈਣ ਨਹੀਂ ਜਾਣਾ। ਉਥੋਂ ਦੇ ਬਾਕੀ ਚਿਤਰਕਾਰਾਂ ਨੂੰ ਵੀ ਇਸ ਗੱਲ ਲਈ ਮਨਾ ਲਿਆ। ਫਿਰ ਦਿੱਲੀ 1942 ਤਕ ਇਕ ਵੱਡੀ ਕੋਠੀ ਲੈ ਕੇ ਕੰਮ ਕਰਦਾ ਰਿਹਾ। ਆਪ ਭਾਵੇਂ ਛੋਲੇ ਚੱਬਕੇ ਵੀ ਕਈ ਵਾਰ ਗੁਜ਼ਾਰਾ ਕੀਤਾ ਪਰ ਆਪਣੀ ਬੀਵੀ ਤੇ ਨੌਕਰ ਨੂੰ ਕਦੇ ਕਸ਼ਟ ਨਹੀਂ ਹੋਣ ਦਿਤਾ। ਇਸ ਪਿਛੋਂ ਆਰਾਮਦਾਇਕ ਜ਼ਿੰਦਗੀ ਬਿਤਾਣ ਲਈ ਅੰਦਰੇਟੇ ਆ ਟਿਕਿਆ।

? ਫਿਰ ਆਰਾਮਦਾਇਕ ਜ਼ਿੰਦਗੀ ਬਿਤਾਣ ਲਈ ਕੀ ਕੀਤਾ।

— ਧੌਲਧਾਰ ਦੀ ਇਸ ਸੁੰਦਰ ਵਾਦੀ ਵਿਚ ਘਰ ਬਣਾਇਆ। ਤਸਵੀਰਾਂ ਵੇਚਣ ਦੀ ਥਾਂ ਆਪ ਪ੍ਰਿੰਟ ਕਰਾ ਕੇ ਕਮਾਈ ਕੀਤੀ।

? ਕਿਹੜੀ ਤਸਵੀਰ ਸਭ ਤੋਂ ਵੱਧ ਹਰਮਨ ਪਿਆਰੀ ਹੋਈ।

— ਸਭ ਤੋਂ ਵੱਧ 'ਸੋਹਣੀ ਮਹੀਂਵਾਲ' ਦਾ ਪ੍ਰਿੰਟ ਵਿਕਿਆ। ਤਕਰੀਬਨ ਇਕ ਲੱਖ ਤੋਂ ਵੱਧ ਵਿਕ ਚੁੱਕੀ ਹੈ। ਹਰ ਵਰਗ ਨੇ ਇਸ ਨੂੰ ਪਸੰਦ ਕੀਤਾ ਹੈ। ਆਰਟਿਸਟ ਵੀ ਇਸ ਦੀਆਂ ਕਾਪੀਆਂ ਕਰਦੇ ਨੇ। ਇਸ ਦੀ ਅਸਲ ਪੇਂਟਿੰਗ ਡਾ. ਕਰਨ ਸਿੰਘ ਦੇ ਸੰਗ੍ਰਹਿ ਵਿਚ ਹੈ। ਦੂਜੇ ਪ੍ਰਿੰਟਾਂ ਵਿਚ ਤੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਿੰਟ ਬਹੁਤ ਵਿਕੇ ਨੇ ਪਰ ਕੁਝ ਅਰਸਾ ਪਹਿਲਾਂ ਬਣਾਇਆ ਗੁਰੂ ਤੇਗ ਬਹਾਦਰ ਜੀ ਦਾ ਚਿਤਰ ਇਨ੍ਹਾਂ ਤੋਂ ਵੀ ਵੱਧ ਸਪੀਡ ਤੇ ਵਿਕ ਰਿਹਾ ਹੈ।

? ਤੁਹਾਡੀ ਤਸਵੀਰਾਂ ਲੋਕਾਂ ਦੀਆਂ ਸ਼ਰਧਾ ਬਣ ਗਈਆਂ ਹਨ। ਲੋਕ ਹਾਰ ਪਾ ਕੇ ਧੂਫ ਵੀ ਧੁਖਾਂਦੇ ਨੇ। ਕੈਸਾ ਲਗਦਾ ਹੈ।

- ਮੈਂ ਕੋਈ ਚੰਗਾ ਮਹਿਸੂਸ ਨਹੀਂ ਕਰਦਾ। ਇਹ ਹਿੰਦੂ ਧਰਮ ਦੀ ਬੁੱਤਪ੍ਰਸਤੀ ਅਜੇ ਗਈ ਨਹੀਂ। ਲੋਕਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਤਸਵੀਰ ਆਦਮੀ ਦੇ ਅੰਦਰ ਨੂੰ ਇਕ-ਸੁਰ ਕਰਨ ਲਈ ਹੈ।

? ਕੋਈ ਅਜਿਹੇ ਕਲਾਕਾਰ ਦੱਸੋ ਜਿਨ੍ਹਾਂ ਤੋਂ ਤੁਹਾਨੂੰ ਪ੍ਰੇਰਨਾ ਮਿਲੀ ਹੋਵੇ।

— ਮੈਨੂੰ ਬਹੁਤੇ ਇੰਗਲਿਸ਼ ਪੇਂਟਰਾਂ ਨੇ ਪ੍ਰੇਰਨਾ ਦਿਤੀ ਹੈ। ਜਿਹੜੇ ਇਟੇਲੀਅਨ ਪੇਂਟਰ ਸਨ, ਉਨ੍ਹਾਂ ਨੇ ਪੈਗੰਬਰਾਂ ਦੀਆਂ ਤਸਵੀਰਾਂ ਬਣਾਈਆਂ ਪਰ ਇੰਗਲਿਸ਼ ਪੇਂਟਰਾਂ ਨੇ ਘਰੋਗੀ ਤਸਵੀਰਾਂ ਬਣਾਈਆਂ, ਲੜਾਈਆਂ ਦੀਆਂ ਤਸਵੀਰਾਂ ਬਣਾਈਆਂ ਹਨ। ਮੈਂ ਸਿੱਖੀ ਵਿਚ ਇਹੀ ਵਡੱਤਣ ਸਮਝਦਾ ਹਾਂ ਕਿ ਉਹ ਗ੍ਰਹਿਸਤ ਨੂੰ ਵਡਿਆਉਂਦੀ ਹੈ, ਇਸ ਲਈ ਮੈਂ ਇਨ੍ਹਾਂ ਤੋਂ ਵਧੇਰੇ ਪ੍ਰਭਾਵਤ ਰਿਹਾਂ ਹਾਂ।

? ਕੀ ਕੋਈ ਵਿਸ਼ੇਸ਼ ਸ਼ਾਗਿਰਦ ਬਣਿਆ ਜਿਸ ਨੇ ਕੁਝ ਸਿੱਖ ਕੇ ਨਾਮਣਾ ਖੱਟਿਆ ਹੋਵੇ।

— ਸ਼ਾਗਿਰਦ ਤਾਂ ਬਥੇਰੇ ਬਣੇ ਪਰ ਮੈਂ ਉਨ੍ਹਾਂ ਨੂੰ ਅਸਲ ਸ਼ਾਗਿਰਦ ਨਹੀਂ ਮੰਨਦਾ। ਅਸਲ ਵਿਚ ਉਸਤਾਦ ਸ਼ਾਗਿਰਦ ਵਾਲੀ ਗੱਲ ਹੁਣ ਨਹੀਂ ਰਹੀ। ਹੁਣ ਜਿਹੜੇ ਵੀ ਆਉਂਦੇ ਹਨ, ਉਹ ਕਲਾ ਪੱਖੋਂ ਗੰਭੀਰ ਨਹੀਂ ਹੁੰਦੇ। ਕੁਝ ਦਿਨ ਜਾਂ ਕੁਝ ਹਫਤੇ ਰਹਿਣ ਬਾਅਦ ਕੋਈ ਸਮੱਸਿਆ ਦੱਸ ਕੇ ਚਲੇ ਜਾਂਦੇ ਰਹੇ। ਹੁਣ ਕਈ ਆਪਣੇ ਮਤਲਬ ਲਈ ਮੇਰਾ ਨਾਮ ਵਰਤਦੇ ਨੇ। ਤੁਹਾਨੂੰ ਆਪਣੀ ਗੁਡਵਿਲ ਬਣਾਈ ਰਖਣ ਲਈ ਅਗਲੇ ਦੀ ਮਦਦ ਕਰ ਦੇਣੀ ਚਾਹੀਦੀ ਹੈ, ਪਰ ਅਗਲੇ ਤੋਂ ਆਸ ਨਹੀਂ ਕਰਨੀ ਚਾਹੀਦੀ। ਮੈਂ ਆਪਣੇ ਘਰ ਦੇ ਬਾਹਰ ਵੀ ਇਹੀ ਲਿਖਿਆ ਹੈ - ਮੈਂ ਤਾਂ ਨੇਕੀ ਬੀਜਣ ਵਿਚ ਹੀ ਵਿ ਸ਼ਵਾਸ਼ ਰਖਦਾ ਹਾਂ।

? ਕੋਈ ਖਾਸ ਚਿੱਤਰਕਾਰ ਦੋਸਤ ਦੱਸੋ।

— ਮੇਰਾ ਖਿਆਲ ਹੈ ਕਿ ਆਰਟਿਸਟ ਕਿਸੇ ਦਾ ਦੋਸਤ ਨਹੀਂ ਹੁੰਦਾ। ਉਸ ਨੂੰ ਸੌਂਕਣ ਸਾੜਾ ਬਹੁਤ ਹੁੰਦਾ ਹੈ। ਇਹ ਸਾਡੇ ਵਿਚ ਹੀ ਨਹੀਂ, ਇਹ ਮਾਈਕਲਐਂਜਲੋ ਵੇਲੇ ਵੀ ਸੀ। ਲਿਉਨਾਰਡੋ ਬੱਚਿਆਂ ਨੂੰ ਕਹਿ ਕੇ ਮਾਈਕਲਐਂਜਲੋ ਨੂੰ ਵੱਟੇ ਮਰਵਾਂਦਾ ਹੁੰਦਾ ਸੀ। ਮੇਰੇ ਸ਼ਾਗਿਰਦ ਤੇ ਦੋਸਤ ਅਖਵਾਣ ਵਾਲੇ ਵੀ ਮੇਰੇ ਕੰਮ ਤੋਂ ਸੜਦੇ ਨੇ। ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਇਸ ਦੇ ਵਾਂਗ ਪ੍ਰਿੰਟ ਬਣਾ ਕੇ ਅਸੀਂ ਵੇਚੀਏ।

? ਮਾਡਰਨ ਆਰਟ ਬਾਰੇ ਕੁਝ ਕਹਿਣਾ ਚਾਹੋਗੇ।

— ਮਾਡਰਨ ਆਰਟ ਆਦਮੀ ਦੀ ਐਮਬਿਸ਼ਨ ਤੇ ਸੈਲਫਿਸ਼ ਦੌੜ ਕਾਰਨ ਪੈਦਾ ਹੋਇਆ। ਇਹ ਮਸ਼ੀਨੀ ਯੁੱਗ ਦੀ ਦੇਣ ਹੈ। ਬੰਦਾ ਥੋੜ੍ਹਾ ਜਿਹਾ ਕੰਮ ਕਰ ਕੇ ਵੀ ਵੱਧ ਨਾਮ ਕਮਾਣਾ ਚਾਹੁੰਦਾ ਹੈ। ਵੈਨਗਾਗ ਵਰਗੇ ਬਹੁਤ ਸਾਰੇ ਮਾਡਰਨ ਆਰਟਿਸਟ ਤਾਂ ਨੀਮ-ਪਾਗਲ ਸਨ। ਰੀਅਲਿਸਟਿਕ ਕੰਮ ਕਰਨ ਵਾਲਿਆਂ ਦੀ ਜਾਨ ਮਰ ਜਾਂਦੀ ਹੈ ਤੇ ਇਨ੍ਹਾਂ ਨੇ ਇਕ ਘੰਟੇ ਵਿਚ ਕੰਮ ਕਰ ਮਾਰਨਾ ਹੋਇਆ। ਜਿਵੇਂ ਖੋਤੇ ਦੀ ਦੁਮ ਨਾਲ ਰੰਗ ਲਾ ਕੇ ਬੁਰਸ਼ ਮਾਰਿਆ ਹੋਵੇ। ਇਹ ਸਭ ਨੱਕ ਕੱਟੇ ਹਨ।

? ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਕੰਮ ਕਰਦਿਆਂ ਕਿਵੇਂ ਮਹਿਸੂਸ ਕਰਦੇ ਹੋ।

— ਮੈਨੂੰ ਮਹਿਸੂਸ ਹੁੰਦਾ ਹੈ ਕਿ ਕੀ ਪਤਾ ਇਹ ਮੇਰਾ ਆਖਰੀ ਟੱਚ ਹੋਵੇ। ਸੋ ਮੈਂ ਹਰ ਟੱਚ ਪਰਫੈਕਟ ਲਾਣ ਦਾ ਯਤਨ ਕਰਦਾ ਹਾਂ।

? ਤੁਹਾਡੇ ਪ੍ਰਸ਼ੰਸਕ ਪੰਜਾਬ ਦੇ ਲੋਕ ਹਨ। ਕੀ ਕਦੀ ਪੰਜਾਬ ਵਿਚ ਆਰਟ ਗੈਲਰੀ ਖੋਲ੍ਹਣ ਬਾਰੇ ਨਹੀਂ ਸੋਚਿਆ।

— ਮੈਂ ਚਾਹੁੰਦਾ ਵੀ ਹਾਂ ਪਰ ਡਰਦਾ ਹਾਂ ਕਿ ਮੇਰੀ ਸ਼ਾਂਤੀ ਭੰਗ ਹੋ ਜਾਵੇਗੀ। ਮੈਂ ਜੋ ਕੁਟ ਵੀ ਕਰ ਸਕਿਆ ਹਾਂ, ਉਹ ਸ਼ਾਂਤ ਮਾਹੌਲ ਵਿਚ ਕਰ ਸਕਿਆ ਹਾਂ। ਇਥੇ ਲੋਕ ਮੇਰੇ ਚਿੱਤਰਾਂ ਨੂੰ ਖਾਸ ਤੌਰ 'ਤੇ ਦੇਖਣ ਆਉਂਦੇ ਨੇ। ਫਿਰ ਵੀ ਮੈਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਪੰਜਾਬ ਦੇ ਕਿਸੇ ਥਾਂ ਸੁਰੱਖਿਅਤ ਕਰਾਣਾ ਚਾਹੁੰਦਾ ਹਾਂ। ਇਥੋਂ ਦੇ ਲੋਕਾਂ ਨੂੰ ਕੋਈ ਕਦਰ ਨਹੀਂ। ਉਂਝ ਜੇ ਇਹ ਨਾ ਵੀ ਹੋ ਸਕਿਆ, ਤਾਂ ਆਪੇ ਗੁਰੂ ਰਾਖਾ।

? ਇਸ ਸਬੰਧ ਵਿਚ ਪੰਜਾਬ ਸਰਕਾਰ ਤੋਂ ਕੋਈ ਆਸ।

— ਲੀਡਰਾਂ ਨੂੰ ਤਾਂ ਇਕੋ ਕਲਾ ਆਉਂਦੀ ਹੈ ਕਿ ਕਿਵੇਂ ਝੂਠ ਬੋਲ ਕੇ, ਸ਼ਰਾਬਾਂ ਪਿਆ ਕੇ ਵੋਟਾਂ ਲੈਣੀਆਂ ਹਨ। ਇਨ੍ਹਾਂ ਪਾਸੋਂ ਆਸ ਕੋਈ ਨਹੀਂ ਕੀਤੀ ਜਾ ਸਕਦੀ ਡੈਮੋਕਰੇਸੀ ਵਿਚ ਕਲਚਰ ਨਹੀਂ ਬਣ ਸਕਦਾ।

? ਫੇਰ ਚਿੱਤਰਾਂ ਦੀ ਸਦੀਵੀ ਸੰਭਾਲ ਬਾਰੇ ਕੀ ਸੋਚਿਆ ਹੈ।

— ਮੇਰੇ ਪਾਸ ਇਹ ਲੜਕੀ ਰਹਿੰਦੀ ਹੈ। ਰੰਗਾਂ ਦੀ ਇਸ ਨੂੰ ਸਮਝ ਹੈ। ਧਾਰਮਿਕ ਵੀ ਹੈ। ਇਹ ਤਸਵੀਰਾਂ ਸਾਂਭ ਸਕਦੀ ਹੈ। ਇਸ ਨੂੰ ਪਤਾ ਹੈ ਕਿ ਤਸਵੀਰਾਂ ਕਿਵੇਂ ਛਪਦੀਆਂ ਤੇ ਕਿਵੇਂ ਬਣਦੀਆਂ ਨੇ। ਮੇਰੇ ਇਸ ਆਦਰਸ਼ ਦਾ ਕਿ ਚੰਗੇ ਕਾਗਜ਼ 'ਤੇ ਵਧੀਆ ਛਪਾਈ ਕਰਾਓ — ਇਸ ਨੂੰ ਪਤਾ ਹੈ। ਪਰ ਇਹ ਲੜਕੀ ਹੈ - ਇਸ ਲਈ ਕਈ ਵਾਰ ਮਨ ਵੀ ਨਹੀਂ ਮੰਨਦਾ। ਟਰੱਸਟ ਬਾਰੇ ਮੈਂ ਨਹੀਂ ਸੋਚਦਾ। ਕਦੀ ਸੋਚਦਾ ਹਾਂ ਕਿ ਪੰਜਾਬ ਦੇ ਕਿਸੇ ਸੈਂਟਰਲ ਸਥਾਨ ਉਤੇ ਮੌਨੂਮੈਂਟ ਬਣਾਈ ਜਾਵੇ ਜਿਸ ਦੀ ਸੰਚਾਲਕ ਇਹ ਲੜਕੀ ਹੋਵੇ। ਤਸਵੀਰਾਂ ਛਾਪਣ ਦਾ ਹੱਕ ਵੀ ਇਸ ਨੂੰ ਦੇਵਾਂਗਾ ਜਿਸ ਨਾਲ ਸਾਰਾ ਖਰਚਾ ਚਲਦਾ ਰਹੇ।

? ਕੀ ਪੰਜਾਬ ਦੇ ਚਿੱਤਰਕਾਰਾਂ ਲਈ ਕੁਝ ਕਰਨ ਦਾ ਮਨ ਹੈ।

— ਮੈਂ ਸ਼ਰੋਮਣੀ ਕਮੇਟੀ ਨੂੰ ਸੁਝਾਅ ਦਿਤਾ ਸੀ ਕਿ ਆਨੰਦਪੁਰ ਸਾਹਿਬ ਵਿਖੇ ਇਕ ਅਜਿਹਾ ਅਦਾਰਾ ਬਣਾਇਆ ਜਾਵੇ ਜਿਥੇ ਸਿੱਖ ਇਤਿਹਾਸ ਨਾਲ ਸਬੰਧਤ ਸਭ ਚੀਜ਼ਾਂ ਰੱਖੀਆਂ ਜਾਣ ਅਤੇ ਜਿਥੇ ਨਵੇਂ ਆਰਟਿਸਟ ਬੈਠ ਕੇ ਜ਼ਿਆਦਾ ਯਥਾਰਥਕ ਚਿੱਤਰ ਬਣਾ ਸਕਣ। ਮੈਂ ਆਪਣੇ ਕੁਝ ਚਿਤਰਾਂ ਦੀ ਆਮਦਨ ਵੀ ਇਸ ਅਦਾਰੇ ਨੂੰ ਦੇਣ ਲਈ ਤਿਆਰ ਸਾਂ। ਪਰ ਅਜੇ ਤਕ ਕੁਝ ਨਹੀਂ ਬਣਿਆ।


? ਅੰਦਰੇਟੇ ਦੇ ਲੋਕਾਂ ਦੀ ਭਲਾਈ ਬਾਰੇ ਕਦੀ ਸੋਚਿਆ।

— ਨਹੀਂ, ਨਹੀਂ ਹੋ ਸਕਦਾ। ਇਨ੍ਹਾਂ ਨੂੰ ਸਿੱਖਾਂ ਪ੍ਰਤੀ ਪੈਜੂਡਿਸ(ਈਰਖਾ) ਹੈ। ਮੇਰੇ ਚਿੱਤਰਾਂ ਦਾ ਅਸਰ ਕੇਵਲ ਧਰਮ ਵਿਚ ਵਿ ਸ਼ਵਾਸ਼ ਰਖਣ ਵਾਲਿਆਂ 'ਤੇ ਹੁੰਦਾ ਹੈ। ਇਨ੍ਹਾਂ 'ਤੇ ਕੋਈ ਅਸਰ ਨਹੀਂ। ਮੈਂ ਇਕ ਵਾਰ ਇਕ ਚੰਗੇ ਡੀ. ਸੀ. ਦੇ ਕਹਿਣ ਉਤੇ ਹਿਮਾਚਲ ਸਰਕਾਰ ਨੂੰ ਇਥੇ ਨੇੜੇ ਡਿੱਗਦੇ ਪਾਣੀ ਨੂੰ ਇਕੱਠਾ

(ਬਾਕੀ ਪੰਨਾ 13 ਤੇ)

ਮਾਸਟਰ ਕਾਬਲ ਸਿੰਘ ਗੋਬਿੰਦਪੁਰੀ

—ਰੇਸ਼ਮ ਕਲੇਰ—



ਜਿਹੜੇ ਕੌਮੀ ਪਰਵਾਨੇ ਧਰਮ ਤੇ ਜਾਤਪਾਤ ਜਿਹੀਆਂ ਸੌੜੀਆਂ ਪੱਧਰਾਂ ਤੋਂ ਉਚੇ ਉਠ ਕੇ ਹੱਥ ਕੜੀਆਂ ਤੇ ਬੇੜੀਆਂ ਨੂੰ ਆਪਣੇ ਮਨ ਪਸੰਦ ਦੇ ਗਹਿਣੇ ਸਮਝਦੇ ਰਹੇ, ਕਾਲ ਕੋਠੜੀਆਂ ਨੂੰ ਸ਼ੀਸ਼ ਮਹੱਲ ਤੋਂ ਵੀ ਵੱਧ ਪਿਆਰਦੇ ਰਹੇ, ਵਤਨ ਲਈ ਜਿਉਣਾ ਤੇ ਵਤਨ ਲਈ ਮਰਨਾ ਜਿਨ੍ਹਾਂ ਦਾ ਧਰਮ ਸੀ, ਜੋ ਮੌਤ ਨੂੰ ਉਮਰ ਭਰ ਮਖੌਲਾਂ ਕਰਦੇ ਰਹੇ, ਅਜਿਹੇ ਹੀ ਅਣਖੀ ਪ੍ਰਵਾਨਿਆਂ 'ਚੋਂ ਮਹਾਂਰਥੀ ਦੋਆਬੇ ਦੀ ਧਰਤੀ ਦੀ ਦੇਣ ਸੀ। ਮੇਰੀ ਮੁਰਾਦ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤੋਂ ਹੈ ਜਿਨ੍ਹਾਂ ਦੀ 11ਵੀਂ ਬਰਸੀ 13 ਦਸੰਬਰ 1985 ਨੂੰ ਉਨ੍ਹਾਂ ਦੇ ਪਿੰਡ ਗੋਬਿੰਦਪੁਰ ਵਿਖੇ ਮਨਾਈ ਗਈ।

ਮਾਸਟਰ ਜੀ ਦਾ ਜਨਮ 5 ਨਵੰਬਰ 1902 ਨੂੰ ਜ਼ਿਲਾ ਜਲੰਧਰ ਦੇ ਪਿੰਡ ਗੋਬਿੰਦਪੁਰ ਵਿਖੇ ਸ. ਰਲਾ ਸਿੰਘ ਦੇ ਘਰ ਬੜੇ ਸਿੱਧੇ ਸਾਦੇ ਜੱਟ ਪੀਰਿਵਾਰ ਵਿਚ ਹੋਇਆ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਸਵਾ ਸਾਲ ਦੀ ਉਮਰ ਵਿਚ ਹੀ ਆਪ ਪਿਤਾ ਦੇ ਪਿਆਰ ਤੋਂ ਵਾਂਝੇ ਹੋ ਗਏ। ਪੈਸੇ ਦੀ ਤੰਗੀ ਨੇ ਮਾਸਟਰ ਜੀ ਦੇ ਵੱਡੇ ਭਾਈ ਨੂੰ ਮਜ਼ਦੂਰੀ ਕਰਨ ਲਈ ਕੈਨੇਡਾ ਭੇਜ ਦਿਤਾ। ਵੱਡੀ ਭੈਣ ਦੇ ਵਿਆਹ ਤੋਂ ਬਾਅਦ ਮਾਸਟਰ ਜੀ ਦੀ ਦੇਖ-ਰੇਖ ਲਈ ਕੇਵਲ ਮਾਂ ਤੇ ਆਪ ਤੋਂ ਵੱਡੀ ਭੈਣ ਹੀ ਰਹਿ ਗਈ ਜਿਨ੍ਹਾਂ ਦੇ ਬੇਹੱਦ ਪਿਆਰ ਨੇ ਮਾਸਟਰ ਜੀ ਦਾ ਸੁਭਾਅ ਅੜਬ ਬਣਾ ਦਿਤਾ ਹੌਲੀ ਹੌਲੀ ਇਹ ਆਦਤ ਹੋਰ ਪੱਕਦੀ ਗਈ ਤੇ ਅੰਤ ਵਿਚ ਇਹ ਆਦਤ ਉਨ੍ਹਾਂ ਨੇ ਆਪਣੇ ਕੇਸਾਂ ਸਵਾਸਾਂ ਸੰਗ ਨਿਭਾਈ। ਇਸੇ ਤਾਨਾਸ਼ਾਹੀ ਵਤੀਰੇ ਨੇ ਮਾਸਟਰ ਜੀ ਦੀ ਜੇਲ੍ਹ ਯਾਤਰਾ ਸਮੇਂ ਅਨੇਕਾਂ ਪ੍ਰਕਾਰ ਦੀਆਂ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਤੇ ਵਾਰ ਵਾਰ ਜੇਲ੍ਹ ਦੀ ਸਜ਼ਾ ਵਧਾਈ ਗਈ।

ਪਿੰਡ 'ਹੀਉਂ' ਦੇ ਪ੍ਰਾਇਮਰੀ ਸਕੂਲ ਤੋਂ ਆਪ ਨੇ ਪੰਜਵੀਂ ਪਾਸ ਕੀਤੀ ਤੇ ਵਜ਼ੀਫਾ ਪ੍ਰਾਪਤ ਕੀਤਾ। 'ਬੰਗਾ' ਤੋਂ ਅੱਠਵੀਂ ਪਾਸ ਕੀਤੀ। ਆਪ ਦੇ ਅੜਬ ਵਤੀਰ੍ਹੇ ਨੇ ਦਸਵੀਂ ਪਾਸ ਕਰਨ ਲਈ ਖਾਲਸਾ ਹਾਈ ਸਕੂਲ ਜਲੰਧਰ ਵਿਖੇ ਦਾਖਲੇ ਸਮੇਂ ਵਿਘਨ ਪਾਇਆ। ਮਾਸਟਰ ਜੀ ਦੇ ਪਰਿਵਾਰ ਵਿਚ ਕਿਉਂਕਿ ਸਿੱਖੀ ਦੀ ਕੋਈ ਥਾਂ ਨਹੀਂ ਸੀ, ਇਸ ਲਈ ਮਾਸਟਰ ਜੀ ਨੇ ਖਾਲਸਾ ਹਾਈ ਸਕੂਲ ਵਿਚ ਦੋ ਸਾਲ ਦੀ ਪੜ੍ਹਾਈ ਸਮੇਂ ਕਛਹਿਰਾ ਪਹਿਨਣ ਤੋਂ ਇਨਕਾਰ ਕਰ ਦਿਤਾ ਕਿਉਂਕਿ ਕਛਹਿਰਾ ਪਹਿਨਣਾਂ ਧਰਮ ਦੀਆਂ ਹੱਦਾਂ ਅੰਦਰ ਸੀ ਤੇ ਕੌਮੀ ਪ੍ਰਵਾਨੇ ਅਜਿਹੀਆਂ ਹੱਦਾਂ ਟੱਪ ਚੁੱਕੇ ਹੁੰਦੇ ਹਨ। ਆਪ ਜੀ ਦੇ ਸੁਭਾਅ ਮੁਤਾਬਕ ਆਪ ਜੀ ਨੂੰ ਪਿਆਰ ਨਾਲ ਪ੍ਰੇਰਿਆ ਜਾ ਸਕਦਾ ਸੀ ਪ੍ਰੰਤੂ ਜ਼ੋਰ ਨਾਲ ਦਬਾਇਆ ਨਹੀਂ ਸੀ ਜਾ ਸਕਦਾ। ਮਾਸਟਰ ਜੀ ਨੇ ਇਹ ਸਕੂਲ ਛੱਡ ਕਿਸੇ ਆਮ ਸਕੂਲ ਤੋਂ ਜੇ. ਵੀ. ਦਾ ਕੋਰਸ ਕੀਤਾ ਤੇ ਹਾਈ ਸਕੂਲ 'ਬੱਡੋ', ਜ਼ਿਲਾ ਹੁਸ਼ਿਆਰਪੁਰ ਵਿਖੇ 'ਮਾਸਟਰ' ਵਜੋਂ ਕੰਮ ਸ਼ੁਰੂ ਕੀਤਾ ਜਿਸ ਕਰਕੇ ਬਾਅਦ ਵਿਚ ਆਪਣੇ ਨਾਂ ਨਾਲ 'ਮਾਸਟਰ ਜੀ' ਜੋੜਿਆ ਜਾਣ ਲੱਗਾ। ਇਸੇ ਸਕੂਲ ਵਿਚ ਉਨ੍ਹਾਂ ਨੇ ਦੌਲਤ ਰਾਇ ਦੀ ਲਿਖੀ ਪੁਸਤਕ 'ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ' ਪੜ੍ਹੀ ਜਿਸ ਵਿਚ ਲਿਖੀਆਂ ਘਟਨਾਵਾਂ ਨੇ ਆਪ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। ਇਸ ਪੁਸਤਕ ਵਿਚ ਪੜ੍ਹਿਆ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ 'ਸਰਬੰਸ-ਦਾਨੀ' ਦਾ ਰੁਤਬਾ ਪਾਇਆ। ਨਨਕਾਣੇ ਸਾਹਿਬ ਵਿਖੇ 200 ਸਿੰਘਾਂ ਦੀ ਸ਼ਹਾਦਤ ਦੀ ਘਟਨਾ ਨੇ ਮਾਸਟਰ ਜੀ ਨੂੰ ਝੰਜੋੜ ਕੇ ਰੱਖ ਦਿਤਾ। ਆਪ ਨੇ ਨੌਕਰੀ ਤੋਂ ਅਸਤੀਫਾ ਦੇ ਦਿਤਾ ਤੇ ਰਹਿੰਦੀ ਸਾਰੀ ਉਮਰ ਦੇਸ਼ ਦੀ ਆਜ਼ਾਦੀ ਲਈ ਜੂਝਣ ਦਾ ਪ੍ਰਣ ਲਿਆ।

ਆਪ ਬੱਬਰ ਅਕਾਲੀ ਜਥੇ ਵਿਚ ਸ਼ਾਮਲ ਹੋ ਗਏ ਤੇ ਆਪ ਜੀ ਦੀ ਪ੍ਰੇਰਨਾ ਨਾਲ ਬੱਬਰਾਂ ਨੇ 'ਬੱਬਰ ਅਕਾਲੀ ਦੁਆਬਾ' ਨਾਂ ਦੀ ਅਖਬਾਰ ਕੱਢੀ। 23 ਅਕਤੂਬਰ 1921 ਨੂੰ ਆਪ ਜੀ ਨੂੰ ਪਹਿਲੀ ਵਾਰ ਇਕ ਸਾਲ ਦੀ ਕੈਦ ਹੋਈ। 1922 ਵਿਚ ਮਿੰਟਗੁਮਰੀ ਜੇਲ੍ਹ ਵਿਚ ਆਪ ਜੀ ਦੀ ਮੁਲਾਕਾਤ ਸ. ਮੰਗਲ ਸਿੰਘ, ਗਿਆਨੀ ਸ਼ੇਰ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਸੋਹਨ ਸਿੰਘ ਜੋਸ਼ ਤੇ ਗੋਪਾਲ ਸਿੰਘ ਕੌਮੀ ਨਾਲ ਹੋਈ। 1923 ਈ: ਵਿਚ 22 ਮਹੀਨੇ ਦੀ ਕਾਲ ਕੋਠੜੀ ਦੀ ਸਜ਼ਾ ਹੋਈ ਤੇ ਡੰਡਾ-ਬੇੜੀ ਪਾਈ ਗਈ। 15 ਮਹੀਨੇ ਤਕ ਆਪ ਨੂੰ ਟਾਟ ਦੀ ਵਰਦੀ ਪਹਿਨਾਈ ਗਈ ਅਤੇ 37 ਦਿਨਾਂ ਤਕ ਲੱਤਾਂ ਵਿਚਕਾਰ 13-14 ਇੰਚ ਲੰਬਾ ਲੋਹੇ ਦਾ ਡੰਡਾ ਪਾਇਆ ਗਿਆ ਜਿਸ ਨਾਲ ਨਾਂ ਤਾਂ ਆਪ ਇਸ ਤੋਂ ਵੱਧ ਲੱਤਾਂ ਖੋਲ੍ਹ ਸਕਦੇ ਸਨ ਤੇ ਨਾ ਇਸ ਤੋਂ ਘੱਟ ਲੱਤਾਂ ਨੂੰ ਨੇੜੇ ਲਿਆ ਸਕਦੇ ਸਨ। 23 ਸਤੰਬਰ 1923 ਵਾਲੇ ਦਿਨ ਆਪ ਨੂੰ ਤੀਹ ਬੈਂਤ ਲਗਾਏ ਗਏ। 3-4 ਬੈਂਤਾਂ ਤੋਂ ਬਾਅਦ ਅਕਸਰ ਆਦਮੀ ਬੇਹੋਸ਼ ਹੋ ਜਾਇਆ ਕਰਦਾ ਸੀ ਤੇ ਬਾਕੀ ਦੀਆਂ ਬੈਂਤਾਂ ਬੇਹੋਸ਼ੀ ਦੀ ਹਾਲਤ ਵਿਚ ਹੀ ਲਗਾਈਆਂ ਜਾਂਦੀਆਂ ਸਨ। ਸਭ ਨੇ ਮਾਸਟਰ ਜੀ ਨੂੰ ਅਫੀਮ ਜਾਂ ਕੋਈ ਹੋਰ ਨਸ਼ਾਂ ਕਰ ਲੈਣ ਦੀ ਸਲਾਹ ਦਿਤੀ ਪ੍ਰੰਤੂ ਮਾਸਟਰ ਜੀ ਨੇ ਕੋਈ ਵੀ ਨਸ਼ਾ ਕੀਤੇ ਬਗੈਰ ਸਾਰੀਆਂ ਬੈਂਤਾਂ ਦੀ ਸੱਟ ਸਹਾਰੀ।

1927 ਵਿਚ ਆਪ ਰਾਵਲਪਿੰਡੀ ਜੇਲ੍ਹ ਤੋਂ ਰਿਹਾ ਹੋਏ। 1928 ਵਿਚ ਧੰਨਾ ਸਿੰਘ ਬਹਿਲਪੁਰੀ ਦੀ ਯਾਦ ਮਨਾਉਣ ਲਈ ਪਿੰਡ ਖੜੌਦੀ (ਹੁਸ਼ਿਆਰਪੁਰ) ਵਿਖੇ ਪਰੋਗਰਾਮ ਰੱਖਿਆ ਗਿਆ ਤੇ ਇਸੇ ਸਮਾਗਮ ਦੀ ਬਦੌਲਤ ਆਪ ਜੀ ਨੂੰ ਤਿੰਨ ਸਾਲ ਦੀ ਕੈਦ ਹੋਈ। 1931 ਈ: ਵਿਚ ਆਪ ਜੀ ਦੀ ਕੈਦ ਵਿਚ ਸੱਤ ਮਹੀਨਿਆਂ ਦਾ ਵਾਧਾ ਕੀਤਾ ਗਿਆ ਕਿਉਂਕਿ ਆਪ ਨੇ ਵਾਰ ਵਾਰ ਜੇਲ੍ਹ ਦੇ ਨਿਯਮਾਂ ਦੀ ਉਲੰਘਣਾ ਕੀਤੀ ਸੀ। 1932 ਈ: ਵਿਚ ਅਲੀਪੁਰ ਜ਼ਿਲਾ ਮਿਦਨਾਪੁਰ (ਬੰਗਾਲ) ਆਪ ਨੇ 122 ਦਿਨ ਦੀ ਭੁੱਖ ਹੜਤਾਲ ਕੀਤੀ ਤੇ ਆਪ ਦਾ 78 ਪੌਂਡ ਭਾਰ ਘਟਿਆ। ਕਪੂਰਥਲੇ ਦੇ ਕਿਸਾਨ ਅੰਦੋਲਨ 'ਚ ਸਹਾਇਤਾ ਕਰਨ ਕਰਕੇ ਆਪ ਦਾ ਕਪੂਰਥਲੇ ਦੀ ਹੱਦ ਅੰਦਰ ਜਾਣਾ ਬੰਦ ਕਰ ਦਿਤਾ ਗਿਆ ਤੇ ਜਦੋਂ ਆਪ ਨੇ ਰਿਆਸਤ ਦੀ ਹੱਦ 'ਤੇ ਤਕਰੀਰਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਆਪ ਨੂੰ ਜ਼ੁਬਾਨਬੰਦੀ ਦੀ ਸਜ਼ਾ ਹੋਈ ਜਿਸ ਤੋਂ ਪ੍ਰਭਾਵਿਤ ਹੋ ਕੇ ਆਪ ਨੇ 'ਦੁਖੀ ਕਿਸਾਨ' ਨਾਂ ਦਾ ਪਰਚਾ ਕੱਢਿਆ।

1936 ਵਿਚ ਆਪ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। 1940-41 ਵਿਚ ਆਪ ਮੁਜ਼ੱਫਰਪੁਰ ਤੇ ਦੇਵਲੀ ਜੇਲ੍ਹਾਂ ਵਿਚ ਬੰਦ ਰਹੇ। 1942 ਵਿਚ ਦੁਬਾਰਾ ਫੜ ਕੇ ਗੁਜਰਾਤ ਦੀ ਜੇਲ੍ਹ ਵਿਚ ਭੇਜ ਦਿਤਾ ਗਿਆ ਤੇ 1945 ਵਿਚ ਰਿਹਾ ਹੋਏ 1946 ਵਿਚ ਫੇਰ ਅਸੈਂਬਲੀ ਦੇ ਮੈਂਬਰ ਬਣੇ। 1948 ਵਿਚ ਜਲੰਧਰ ਮਿਉਂਸਪਲ ਕਮੇਟੀ ਦੇ ਪ੍ਰਧਾਨ ਬਣੇ ਤੇ ਭਾਰਗੋ ਵਜ਼ਾਰਤ ਵੇਲੇ ਆਪ ਪਾਰਲੀਮੈਂਟਰੀ ਸੈਕਟਰੀ ਰਹੇ। 1949 ਵਿਚ ਆਪ ਨੇ ਕੈਨੇਡਾ, ਇੰਗਲੈਂਡ ਸਵਿਟਜ਼ਰਲੈਂਡ, ਚੈਕੋਸਲਵਾਕੀਆ ਅਤੇ ਬੈਲਜ਼ੀਅਮ ਆਦਿ ਦੇਸ਼ਾਂ ਦਾ ਦੌਰਾ ਕੀਤਾ। 1962 ਈ: ਵਿਚ ਆਪ ਜਲੰਧਰ ਵਾਲੇ ਮਕਾਨ ਦਾ ਕਰਾਇਆ ਨਾ ਦੇ ਸਕੇ ਤੇ ਪੈਸੇ ਦੀ ਤੰਗੀ ਕਰਕੇ ਆਪ ਮੁੜ ਆਪਣੇ ਪਿੰਡ ਗੋਬਿੰਦਪੁਰ ਆ ਵਸੇ। ਆਜ਼ਾਦੀ ਲਹਿਰ ਦੀਆਂ ਸਰਗਰਮੀਆਂ ਦੌਰਾਨ ਆਪ ਜੀ ਦੀ ਪਰੇਰਨਾ ਸਦਕਾ ਹੀ ਪਿੰਡ ਗੋਬਿੰਦਪੁਰ ਦੇ ਜਥੇਦਾਰ ਹਰੀ ਸਿੰਘ, ਮਿਸਤਰੀ ਕਰਮ ਸਿੰਘ, ਜਥੇਦਾਰ ਮਹਾਂ ਸਿੰਘ ਤੇ ਜਥੇਦਾਰ ਰਤਨ ਸਿੰਘ ਜੀ ਨੇ ਜੈਤੋ ਦੇ ਗੁਰੂ ਕਾ ਬਾਗ ਮੋਰਚੇ ਦੌਰਾਨ ਜੇਲ੍ਹਾਂ ਕੱਟੀਆਂ। ਪਿੰਡ ਆ ਕੇ ਆਪ ਨੇ ਅਨੁਭਵ ਕੀਤਾ ਕਿ ਵਰਤਮਾਨ ਸਿਆਸਤ ਵਤਨ ਦੇ ਹਿਤ ਨੂੰ ਮੁੱਖ ਰੱਖ ਕੇ ਨਹੀਂ ਸਗੋਂ ਖੁਦ ਨੂੰ ਮੁੱਖ ਰਖ ਕੇ ਹੈ, ਇਸ ਲਈ ਸਿਆਸਤ ਵਿਚ ਆਈ ਗਿਰਾਵਟ ਨੂੰ ਵੇਖ ਆਪ ਸਿਆਸਤ ਤੋਂ ਲਾਂਭੇ ਹੋ ਗਏ ਤੇ ਸਿਆਸੀ ਅੰਦੋਲਨ ਕਰਨੇ ਛੱਡ ਗਏ। ਪਿੰਡ ਨੂੰ ਅਗਾਂਹਵਧੂ ਬਣਾਉਣ ਲਈ ਆਪ ਨੇ ਇਕ ਹਾਈ ਸਕੂਲ, ਸਰਕਾਰੀ ਡਿਸਪੈਂਸਰੀ, ਪਸ਼ੂਆਂ ਦਾ ਹਸਪਤਾਲ, ਬੰਗਾ ਪਿੰਡ ਦੇ ਅੱਗੇ ਕੋਟ ਤੱਕ ਪੱਕੀ ਸੜਕ, ਬੇਈਂ ਦੇ ਪੁਲ ਆਦਿ ਬਣਵਾਏ। 13 ਦਸੰਬਰ 1974 ਨੂੰ ਉਮਰ ਦੇ ਆਖਰੀ ਦਿਨ ਤਕ ਆਪ ਪਿੰਡ ਬਹਿ ਕੇ ਦੇਸ਼ ਤੇ ਪੰਜਾਬ ਦੀ ਮੰਦੀ ਹਾਲਤ 'ਤੇ ਹੰਝੂ ਵਹਾਉਂਦੇ ਰਹੇ।

ਕਰਕੇ ਝੀਲ ਬਣਾਉਣ ਦਾ ਬੜਾ ਸਸਤਾ ਪਲੈਨ ਬਣਾ ਕੇ ਦਿਤਾ ਪਰ ਇਨ੍ਹਾਂ ਲੋਕਾਂ ਨੇ ਇਹ ਸੋਚ ਕੇ ਅੜਿੱਕੇ ਖੜ੍ਹੇ ਕਰ ਦਿਤੇ ਕਿ ਇਹ ਆਪਣੇ ਮਤਲਬ ਲਈ ਕਰਨਾ ਚਾਹੁੰਦਾ ਹੈ।

? ਇਕ ਚਿਤਰਕਾਰ ਤੇ ਜਨਤਾ ਦਾ ਰਿਸ਼ਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ।

— ਚਿੱਤਰਕਾਰਾਂ ਦੇ ਚਿਤਰਾਂ ਨੂੰ ਅਸਿੱਧੇ ਤਰੀਕੇ ਨਾਲ ਜਨਤਾ ਦੀ ਲੋੜ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ ਤੇ ਪਬਲਿਕ ਦਾ ਇਹ ਫਰਜ਼ ਹੈ ਕਿ ਉਹ ਆਰਟਿਸਟ ਤੋਂ ਮੰਗ ਕਰੇ ਕਿ ਉਸ ਨੂੰ ਕੀ ਚਾਹੀਦਾ ਹੈ। ਇਸੇ ਤਰ੍ਹਾਂ ਕਲਾ ਆਲੋਚਕ ਦਾ ਇਹ ਫਰਜ਼ ਹੈ ਕਿ ਉਹ ਆਰਟਿਸਟ ਨੂੰ ਦੱਸੇ ਕਿ ਪਬਲਿਕ ਦੀ ਇਹ ਲੋੜ ਹੈ ਤੇ ਪਬਲਿਕ ਨੂੰ ਇਹ ਦੱਸੇ ਕਿ ਤੁਸੀਂ ਫਲਾਣੇ ਆਰਟਿਸਟ ਤੋਂ ਇਹ ਕੁਝ ਲੈ ਸਕਦੇ ਹੋ।

? ਆਉਣ ਵਾਲੇ ਜੀਵਨ ਦੀ ਕੋਈ ਖਾਹਿਸ਼।

— ਅਸੀਂ ਆਤਮਕ ਤੌਰ 'ਤੇ ਭੁੱਖੇ ਹਾਂ। ਹਰ ਧਰਮ ਦੇ ਆਗੂਆਂ ਨੇ ਪਬਲਿਕ ਨੂੰ ਦਵਾਈ ਦਿਤੀ ਹੈ ਪਰ ਪਬਲਿਕ ਹਿਲਾ ਕੇ ਪੀਣਾ ਭੁੱਲ ਗਈ ਹੈ। ਗੁਰੂ ਸਾਹਿਬਾਨ ਵਲੋਂ ਦਿਤੀ ਦਵਾਈ ਵੀ ਹੁਣ ਬੈਠ ਗਈ ਹੈ। ਮੈਂ ਆਪਣੇ ਚਿੱਤਰਾਂ ਰਾਹੀਂ ਉਹ ਬੈਠੀ ਹੋਈ ਦਵਾਈ ਹਲਾਣ ਦਾ ਯਤਨ ਕਰ ਰਿਹਾ ਹਾਂ। ਇਸੇ ਲਈ ਹਰ ਚਿੱਤਰ ਹੇਠਾਂ ਬਾਣੀ ਦੀਆਂ ਕੁਝ ਸਤਰਾਂ ਦੇ ਦਿੰਦਾ ਹਾਂ।

? ਕੀ ਤੁਹਾਡੀ ਕਲਾ ਦੀ ਕੀਮਤ ਪਈ ਹੈ।

(ਪੰਨਾ 12 ਦੀ ਬਾਕੀ)

— ਮੈਂ ਆਮ ਲੋਕਾਂ ਵਾਂਗ ਕੀਮਤ ਨਹੀਂ ਦੇਖਦਾ। ਜਦੋਂ ਕੋਈ ਪ੍ਰਸ਼ੰਸਕ ਮੇਰੇ ਚਿਤਰ ਵਿਚ ਮੁਗਧ ਹੋ ਕੇ ਆਨੰਦ ਮਾਣਦਾ ਹੈ, ਤਾਂ ਮੈਨੂੰ ਮੇਰੀ ਕੀਮਤ ਮਿਲ ਜਾਂਦੀ ਹੈ। ਬਾਕੀ ਪੈਸਿਆਂ ਤੋਂ ਕਦੀ ਕੀਮਤ ਨਹੀਂ ਦੇਖਦਾ।

? ਤੁਹਾਡੀ ਨਜ਼ਰ ਵਿਚ ਇਕ ਆਰਟਿਸਟ ਦਾ ਕੀ ਸੰਕਲਪ ਹੈ।

— ਉਸ ਨੂੰ ਆਪਣੇ ਕੰਮ ਦਾ ਮਹੱਤਵ ਸਮਝਣਾ ਚਾਹੀਦਾ ਹੈ ਤੇ ਉਸ ਅਨੁਸਾਰ ਮੰਤਵ ਪੂਰਾ ਕਰਨਾ ਚਾਹੀਦਾ ਹੈ। ਆਰਟਿਸਟ ਦਾ ਕੰਮ ਖੂਬਸੂਰਤੀ ਪੈਦਾ ਕਰਨਾ ਹੈ - ਇਸ ਨੁਕਤੇ ਤੋਂ ਉਹ ਜੋ ਚੀਜ਼ ਮਰਜ਼ੀ ਬਣਾਏ। ਉਸ ਨੂੰ ਆਪਣੇ ਚਿਤਰਾਂ ਦੇ ਵਿਸ਼ੇ ਚੁਣਨ ਤੋਂ ਪਹਿਲਾਂ ਉਸੇ ਤਰ੍ਹਾਂ ਆਪਣੀ ਸ਼ਖਸੀਅਤ ਵਿਚ ਗੁਣ ਪੈਦਾ ਕਰ ਲੈਣੇ ਚਾਹੀਦੇ ਹਨ।

? ਇਕ ਉਭਰ ਰਹੇ ਚਿਤਰਕਾਰ ਲਈ ਪਰਿਵਾਰ ਜਾਂ ਸਮਾਜ ਨੂੰ ਕੀ ਕਰਨਾ ਚਾਹੀਦਾ ਹੈ।

— ਜੇ ਉਸ ਅੰਦਰ ਚਿਣਗ ਹੈ, ਤਾਂ ਉਸ ਦੀਆਂ ਰੁਕਾਵਟਾਂ ਦੂਰ ਕਰ ਦੇਣੀਆਂ ਚਾਹੀਦੀਆਂ ਹਨ। ਉਸ ਨੂੰ ਖੁਦ ਆਰਟਿਸਟ ਨਹੀਂ ਬਣਾਇਆ ਜਾ ਸਕਦਾ। ਹੀਰੇ ਨੂੰ ਪਾਲਿਸ਼ ਕੀਤਾ ਜਾ ਸਕਦਾ ਹੈ, ਬਣਾਇਆ ਨਹੀਂ ਜਾ ਸਕਦਾ।

ਦੇਸ਼-ਵੰਡ ਦਾ ਘੱਲੂ-ਘਾਰਾ

(ਇਹ ਲੇਖ ਇਕ ਹੱਡਬੀਤੀ ਹੈ ਜਿਸ ਤੋਂ ਅੱਜ ਵੀ ਸਿੱਖਣ ਅਤੇ ਪਰੇਰਨਾ ਲੈਣ ਦੀ ਲੋੜ ਹੈ : ਸੰਪਾਦਕ)

ਰਾਮ ਸਿੰਘ ਢਿੱਲੋਂ ਸਰੀ (ਗੋਰਾਇਆ)



ਪਿੰਡ ਦੀ ਕੁਆਪ੍ਰੇਟਿਵ ਬੈਂਕਿੰਗ ਯੂਨੀਅਨ ਜੇਹਦਾ ਅਲਹਾਕ(ਲੈਣ-ਦੇਣ ਸਬੰਧ) ਤਸੀਲ ਫਿਲੌਰ ਦੇ ਅੱਧੇ ਪਿੰਡਾਂ ਭਾਵ 93 ਪੇਂਡੂ ਕੁਆਪ੍ਰੇਟਿਵ ਸੁਸਾਇਟੀਜ਼ ਨਾਲ ਸੀ, ਓਹਦਾ ਸੈਕਟਰੀ-ਇਨਚਾਰਜ ਹੋਣ ਕਰਕੇ, ਪਿੰਡ ਦਾ ਸਰਪੰਚ ਅਤੇ ਤਹਿਸਲੀ ਪੰਚਾਇਤ ਯੂਨੀਅਨ ਦਾ ਸੈਕਟਰੀ ਹੋਣ ਕਰਕੇ, ਪਿੰਡ ਦੀ ਰੱਸਾ, ਫੁਟਬਾਲ, ਵਾਲੀਵਬਾਲ ਤੇ ਕਬੱਡੀ ਟੀਮਾਂ (ਪ੍ਰਾਂਤਕ ਸਟੈਂਡਰਡ) ਦਾ ਮੈਨੇਜਰ ਹੋਣ ਕਰਕੇ ਜਾਣ ਪਛਾਣ ਵਾਹਵਾ ਸੀ।

1944 ਵਿਚ ਮੈਂ ਲਾਹੌਰ ਦੀ ਇਕ ਫ੍ਰਸਟ ਨੈਸ਼ਨਲ ਬੈਂਕ ਨਾਮੇ ਫਿਲੌਰ ਬਰਾਂਚ ਦਾ ਮੈਨੇਜਰ ਲਗ ਗਿਆ ਤੇ ਤਹਿਸੀਲ ਹੈਡ-ਕੁਆਟਰ ਹੋਣ ਕਰਕੇ ਵਾਕਫੀਅਤ 'ਚ ਹੋਰ ਵੀ ਵਾਧਾ ਹੋਇਆ।

ਤਹਿਸੀਲ ਫਿਲੌਰ ਦੀ ਪੰਚਾਇਤਾਂ ਦੀ ਗਿਣਤੀ ਸਾਰੇ ਪੰਜਾਬ ਦੀਆਂ ਤਹਿਸੀਲਾਂ ਦੇ ਮੁਕਾਬਲੇ ਵਧ ਸੀ। ਪਿੰਡ ਬਿਲਗੇ ਚੌਧਰੀ ਸ. ਛੋਟੂ ਰਾਮ, ਵਜ਼ੀਰ ਪੰਚਾਇਤ ਅਤੇ ਕੁਆਪ੍ਰੇਟਿਵ, ਨੂੰ ਇਕ ਬਹੁਤ ਵੱਡੇ ਸੂਬੇ-ਪੱਧਰ ਦੇ ਇਜਲਾਸ ਵਿਚ ਸੱਦਿਆ ਜਿਸ ਵਿਚ ਲਾਹੌਰ ਰਾਜਧਾਨੀ ਤੋਂ ਅਨੇਕ ਆਗੂ ਤੇ ਅਫਸਰ ਆਏ ਹੋਏ ਸਨ। ਸੂਬੇ ਦੀਆਂ ਪੰਚਾਇਤਾਂ ਵਲੋਂ ਉਰਦੂ ਵਿਚ ਐਡਰੈਸ ਪੜ੍ਹਨ ਦਾ ਮਾਣ ਮੈਨੂੰ ਮਿਲਿਆ। ਐਡਰੈਸ ਵਿਚਲੀ ਮੁਖ ਮੰਗ (ਪੰਚਾਇਤਾਂ ਨੂੰ ਪਿੰਡ-ਭਲਾਈ ਦੇ ਕੰਮਾਂ ਲਈ ਸਰਕਾਰੀ ਗਰਾਂਟ) ਦਾ ਐਲਾਨ ਵੀ ਮੌਕੇ ਤੇ ਹੀ ਵਜ਼ੀਰ ਨੇ ਕੀਤਾ।

ਦੇਸ਼ ਆਜ਼ਾਦੀ ਸਮੇਂ, ਦੇਸ਼ ਵੰਡ ਕਾਰਨ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਲੀਗ ਦਾ ਆਪਸ 'ਚ ਬੜਾ ਟਕਰਾਓ ਸੀ। 1946 ਵਿਚ ਹਿੰਦੂ ਤੇ ਮੁਸਲਿਮ ਪ੍ਰੈਸ, ਦੋਵਾਂ ਫਿਰਕਿਆਂ ਵਿਚ ਨਫਰਤ ਦੀ ਅੱਗ ਏਨੀ ਭੜਕਾ ਰਿਹਾ ਸੀ ਕਿ ਲਾਵਾ ਅਜ ਫਟਿਆ ਕਿ ਹੁਣ ਫਟਿਆ। ਮੁਸਲਿਮ-ਲੀਗ ਨੇ ਜਹਾਦ ਦਾ ਨਾਹਰਾ ਦਿਤਾ ਤੇ ਬੰਗਾਲ ਦੇ ਨਵਾਖਲੀ ; ਦੇ ਸ੍ਰੀ ਰਾਮ ਪੁਰ ਪਿੰਡ ਵਿਚ, ਮੁਸਲਿਮ ਬਹੁ-ਗਿਣਤੀ ਨੇ ਹਿੰਦੂ ਘਟ ਗਿਣਤੀ ਦਾ ਕਤਲੇਆਮ ਕੀਤਾ। ਗਾਂਧੀ ਨੂੰ ਏਸ ਭਾਣੇ ਦਾ ਬੜਾ ਦੁਖ ਹੋਇਆ ਤੇ ਓਹ ਆਪਣੇ ਥੋੜੇ ਜਿਹੇ ਸ਼ਰਧਾਲੂ ਨਾਲ ਲੈ ਬੰਗਾਲ ਦੇ ਓਸ ਇਲਾਕੇ ਉਪੜਿਆ। ਮੁਸਲਮਾਨਾਂ ਦੇ ਘਰੀਂ ਜਲ-ਪਾਨ ਕੀਤਾ ਤੇ ਮੁਸਲਮਾਨਾਂ ਨੂੰ ਆਪਣੀ ਦਲੀਲ ਨਾਲ ਕਾਇਲ ਕਰ ਤੇ ਉਨ੍ਹਾਂ ਤੋਂ ਮੁੜ ਆਪਸ 'ਚ ਭਰਾਵਾਂ ਵਾਂਗ ਵਸਣ ਦਾ ਪ੍ਰਣ ਲੈ ਕੇ ਵਾਪਸ ਆਇਆ।

ਗਾਂਧੀ ਦੇਸ਼ ਦੀ ਵੰਡ ਦੇ ਹੱਕ ਵਿਚ ਬਿਲਕੁਲ ਨਹੀਂ ਸੀ। ਹੋਣ ਵਾਲੇ ਘੱਲੂ ਘਾਰੇ ਭਾਵ ਹਿੰਦੂ-ਮਸਲਿਮ ਸਿਖ ਫਸਾਦਾਂ ਨੂੰ ਅਗਾਊਂ ਅਨੁਭਵ ਕਰਦਿਆਂ, ਮਿਸਟਰ ਜਿਨਾਹ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾ ਦੇਣ ਦੀ ਤਜਵੀਜ਼ ਵੀ ਰਖੀ ਜਿਹੜੀ ਨਹਿਰੂ ਤੇ ਪਟੇਲ ਨੇ ਪ੍ਰਵਾਨ ਨਾ ਕੀਤੀ ਕਿਉਂ ਜੋ ਓਹ ਹੋਣ ਵਾਲੇ ਫਸਾਦਾਂ ਨੂੰ ਅਨੁਭਵ ਹੀ ਨਹੀਂ ਸੀ ਕਰ ਸਕੇ। ਗਾਂਧੀ ਗੁੱਸੇ ਵਿਚ ਲਾਂਭੇ ਹੋ ਗਿਆ ਤੇ ਨਹਿਰੂ-ਪਟੇਲ ਦੇਸ਼ ਦੀ ਹੋਣੀ ਘੜਨ ਲਈ ਸਾਰਖਰੇ ਆਜ਼ਾਦ ਹੋ ਗਏ।

ਗਰਮ-ਖਿਆਲੀ ਅਕਾਲੀ ਲੀਡਰ, ਨਵਾਖਲੀ ਦੇ ਮੁਕਾਬਲੇ ਪੰਜਾਬ ਵਿਚ ਫਸਾਦਾਂ ਦੀ ਅੱਗ ਭੜਕਾਉਣ ਦੇ ਇੱਛਕ ਸਨ। ਗੁਰਾਇਆਂ ਦੇ ਨੇੜੇ ਇਕ ਛੋਟਾ ਜਿਹਾ ਜੰਡ ਨਾਮੇਂ, ਗਰੀਬ ਜੱਟ ਮੁਸਲਮਾਨਾਂ ਦਾ ਪਿੰਡ ਸੀ। ਇਕ ਅਕਾਲੀ ਲੀਡਰ ਦੀ ਕਮਾਣ ਹੇਠ, ਇਕ ਇਤਿਹਾਸਕ ਗੁਰਦੁਆਰੇ ਵਾਲੇ ਪਿੰਡੋਂ, ਰਾਤ ਨੂੰ 15 ਕੁ ਗੱਭਰੂਆਂ ਦਾ ਜਥਾ, ਤਲਵਾਰਾਂ, ਬਰਛਿਆਂ, ਇਕ ਦੋ ਬੰਦੂਕਾਂ ਨਾਲ ਲੈਸ ਹੋ ਜੰਡ ਪਿੰਡ ਦੇ ਇਕ ਵਾੜੇ (ਐਵੇਂ ਸਾਧਾਰਣ ਜੇਹੀ ਕਾਨਿਆਂ ਆਦਿ ਦੀ ਵਲਗਣ) ਆਪਣੇ ਪਸ਼ੂਆਂ ਕੋਲ ਸੁੱਤੇ ਪਏ, ਇਕੋ ਟੱਬਰ ਦੇ (ਜਿਨ੍ਹਾਂ ਵਿਚ ਇਕ ਬੱਚਾ ਵੀ ਸੀ) ਬੰਦਿਆਂ ਤੇ ਜਾ ਝਪਟੇ ਅਤੇ ਤਲਵਾਰਾਂ ਗੰਡਾਸਿਆਂ ਆਦਿ ਨਾਲ 5-6 ਕਤਲ ਕਰ ਰਾਤ ਦੇ ਹਨ੍ਹੇਰੇ ਵਿਚ ਭੱਜ ਗਏ। ਓਦੋਂ ਹਾਲੇ ਮੁਸਲਿਮ-ਅਫਸਰਾਂ ਦਾ ਤਬਦਾਲਾ ਨਹੀਂ ਸੀ ਹੋਇਆ, ਚੁਨਾਂਚਿ ਨੇੜੇ ਤੇੜੇ ਦੇ 8-10 ਸ਼ੱਕੀ ਬੰਦੇ ਪੁਲਸ ਨੇ ਫੜਕੇ, ਫਿਲੌਰ ਫੌਜੀ ਪੜ੍ਹਾਉਂਦੇ ਬੰਗਲਾ-ਘਰ ਲਿਜਾ ਉਨ੍ਹਾਂ ਤੇ ਬੜਾ ਤਸ਼ੱਦਦ ਕੀਤਾ। ਉਨ੍ਹਾਂ ਵਿਚੋਂ ਕੀ ਨਿਕਲਨਾ ਸੀ, ਹਮਲਾ-ਆਵਰ ਤੇ ਸਾਰੇ ਗਾਲਿਬਨ ਅੰਮ੍ਰਿਤਸਰ ਪੁੱਜ ਗਏ ਸਨ। ਜੰਡ ਕਤਲ ਦਾ ਇਲਾਕੇ ਵਿਚ ਹੀ ਨਹੀਂ ਸਾਰੇ ਦੇਸ਼ ਵਿਚ ਹਾ-ਹਾ-ਕਾਰ ਮਚ ਗਈ। ਪਟਿਆਲਾ, ਭਰਤਪੁਰ ਜਲੰਧਰ ਆਦਿ ਹਿੰਦੂ-ਸਿਖ ਬਹੁ-ਗਿਣਤੀ ਮੁਸਲਮਾਨ ਘਟ-ਗਿਣਤੀ ਨੂੰ ਕਤਲ ਕਰਨ ਲਗ ਪਏ ਤੇ ਉਤਰ ਵਿਚ ਪੋਠੋਹਾਰ ਭਾਵ ਰਾਵਲਪਿੰਡੀ, ਗੁਜਰਾਂਵਾਲਾ, ਮੀਆਂ ਵਾਲੀ ਆਦਿ ਹਰ ਥਾਂ ਹਿੰਦੂ-ਸਿਖ ਘਟ-ਗਿਣਤੀ ਕੁਰਬਾਨੀ ਦੇ ਬੱਕਰੇ ਬਣਨ ਲਗ ਪਏ ਜਿਨ੍ਹਾਂ ਵਿਚ ਬਹੁਤੇ ਔਰਤਾਂ ਤੇ ਬੱਚੇ-ਬੁੱਢੇ ਸਨ। ਫਿਲੌਰ ਤਹਿਸੀਲ ਇਕ ਮੁਸਲਿਮ ਬਹੁ ਗਿਣਤੀ ਤਲਵਣ ਪਿੰਡ ਸੀ, ਓਥੋਂ ਦੇ ਇਕ ਮੁਸਲਿਮ ਜਥੇ ਨੇ ਨੇੜੇ ਦੇ ਪਿੰਡ ਪਵਾਦੜਾ ਜਾ ਹਮਲਾ ਕੀਤਾ ਤੇ ਦੋ ਚਾਰ ਬੰਦੇ ਮਾਰ ਮੁਕਾਏ ਜਿਨ੍ਹਾਂ ਵਿਚ ਬਾਬਾ ਬੀਰ ਸਿੰਘ ਕੌਮਨਿਸਟ ਲੀਡਰ ਜਿਹੜਾ ਦਿਨ ਰਾਤ ਪਿੰਡ ਪਿੰਡ ਘੁੰਮਦਾ ਅਮਨ ਪਰਚਾਰ ਕਰਦਾ ਸੀ ਵੀ ਸ਼ਾਮਿਲ ਸੀ। ਪਵਾਦੜਾ ਹਮਲੇ ਦੀ ਖਬਰ ਅਗ ਵਾਂਗ ਸਾਰੇ ਫੈਲ ਗਈ ਤੇ ਲੋਕੀ ਪੈਦਲ, ਸਾਈਕਲਾਂ ਤੇ ਟਰੱਕਾਂ ਉਪਰ ਤਲਵਨ ਵੱਲ ਬਦਲਾ-ਭਾਵਨਾਂ ਨਾਲ ਛਿੱਪ ਵਾਂਗ ਇਕੱਠੇ ਹੋ ਗਏ। ਪਿੰਡ ਦੇ ਮੁਸਲਮਾਨ ਦੜੇ ਬੈਠੇ ਸਨ ਜਿਵੇਂ ਮੁਕਾਬਲੇ ਲਈ ਤਿਆਰ ਹੋਣ। ਪਿੰਡੋਂ ਬਾਹਰ ਸ਼ਾਮ ਨੂੰ ਘੁਸਮੁਸੇ ਵੇਲੇ, ਕਿਸੇ ਕਾਰਖਾਨੇ ਵਾਲੇ ਦੀ ਬਣਾਈ ਦੇਸੀ ਤੋਪ ਜਿਸਦਾ ਹਾਲੇ ਲਾਂਚਿੰਗ-ਪੈਡ ਵੀ ਤਿਆਰ ਨਹੀਂ ਸੀ, ਕਿਸੇ ਦਰਖੱਤ ਨਾਲ ਬੰਨ੍ਹ, ਓਹਦੇ ਵਿਚੋਂ ਦੋ ਤਿੰਨ ਗੋਲੇ ਦਾਗੇ ਜਿਨ੍ਹਾਂ ਦਾ ਖੜਾਕ ਬੜਾ ਦੂਰ ਦੂਰ ਤਕ ਸੁਣਿਆ ਤੇ ਲੋਕਾਂ ਹੋਰ ਅਗਾਂਹ ਵਧ ਪਿੰਡ ਨੇੜੇ ਤੂੜੀ ਦੇ ਕੁੱਪਾਂ ਨੂੰ ਵੀ ਜਾ ਅੱਗ ਲਾਈ। ਚੌਹੀਂ ਪਾਸੀਂ ਹਜ਼ਾਰਾਂ ਲੋਕਾਂ ਦਾ ਇਕੱਠ, ਤੋਪਾਂ-ਬੰਬਾਂ ਦੇ ਖੜਾਕ ਅਗੋਂ ਹਨ੍ਹੇਰੀ ਰਾਤ ਦੇਖ ਪਿੰਡ ਦੇ ਮੁਸਲਮਾਨ ਘਾਬਰ ਗਏ ਤੇ ਉਨ੍ਹਾਂ ਰਾਤ ਦੇ ਹਨ੍ਹੇਰੇ ਦਰਿਆ ਸਤਲੁਜ ਦੇ ਨਾਲ ਨਾਲ (ਇਕੋ ਇਕ ਨਿਕਲਨ ਰਾਹ) ਨਕੋਦਰ ਮੁਸਲਿਮ-ਕੈਂਪ ਵਲ ਪੈਦਲ ਚਾਲੇ ਪਾ ਦਿਤੇ। ਬਾਹਰੋਂ ਆਏ ਲੋਟੂਆਂ ਨੂੰ ਜਦ ਪਤਾ ਲਗਾ ਕਿ ਪਿੰਡ ਖਾਲੀ ਹੈ ਤਾਂ ਉਨ੍ਹਾਂ ਡੰਗਰ-ਪਸ਼ੂ ਤੇ ਹੋਰ ਜੋ ਹੱਥ ਆਇਆ ਵਿਚ-ਧੂ ਲਿਆਂਦਾ। ਏਸ ਹਮਲੇ ਵਿਚ ਨਾਂ ਤੇ ਪਿੰਡ ਦੇ ਹਿੰਦੂ ਦੁਕਾਨ ਦਾਰਾਂ ਦਾ ਹੀ ਤੇ ਨਾ ਹੀ ਮੁਸਲਮਾਨਾਂ ਦਾ ਖਾਸ ਨੁਕਸਾਨ ਹੋਇਆ।

ਜਲੰਧਰ ਛਾਉਣੀ ਇਕ ਟੂਰਨਾਮੈਂਟ ਸੀ, ਮੈਂ ਵੀ ਆਪਣੀ ਕਬੱਡੀ-ਟੀਮ ਲੈ ਕੇ ਗਿਆ ਹੋਇਆ ਸਾਂ। ਮੈਚ ਖਤਮ ਹੋਣ ਤੇ ਪਤਾ ਲੱਗਾ ਕਿ ਜਲੰਧਰ ਸ਼ਹਿਰ, ਬਾਬੂ ਲਾਭ ਸਿੰਘ (ਅਕਾਲੀ ਲੀਡਰ) ਅਮਨ ਪਰਚਾਰ ਕਰਦਾ ਰੈਨਿਕ ਬਾਜ਼ਾਰ ਮੁਸਲਮਾਨਾਂ ਛੂਰਾ ਮਾਰ ਮਾਰ ਦਿਤਾ ਹੈ। ਇਕ ਦਮ ਮੁੰਡਿਆਂ ਨੂੰ ਰੇਲਵੇ ਸਟੇਸ਼ਨ ਉਪੜਾ ਤੇ ਇਕੱਠੇ ਰਹਿਣ ਦੀ ਨਸੀਹਤ ਕਰ, ਮੈਂ ਤੇ ਦਰਸ਼ਨ ਆਪਣੇ ਮੋਟਰ-ਸਾਈਕਲਾਂ ਉਪਰ ਪਿੰਡ ਨੂੰ ਤੁਰ ਪਏ। ਜਦ ਚਹੇੜੂ ਕੋਲ ਗਏ ਤਾਂ ਸਤਲੁਜ ਬੱਸ ਵਾਲਿਆਂ ਸਾਨੂੰ ਰੋਕ ਲਿਆ(ਸਾਰੇ ਜਾਣਦੇ ਸਨ) ਤੇ ਮੱਲੋ-ਮੱਲੀ ਇਕ ਇਕ ਪੈਗ ਦੇਸੀ ਦਾ ਸਾਨੂੰ ਪਲਾਇਆ, ਓਹ ਵੀ ਬਾਬੂ ਲਾਭ ਸਿੰਘ ਦੇ ਕਤਲ ਦੇ ਪ੍ਰਤੀਕਰਮ, ਬਦਲਾ-ਲਊ ਭਾਵਨਾਂ ਨਾਲ ਹੀ ਜਲੰਧਰ ਜਾ ਰਹੇ ਸਨ। ਪਿੰਡ ਉਪੜ ਸਾਰੇ ਮੁੰਡਿਆਂ ਦੀ ਰਾਜ਼ੀ ਖੁਸ਼ੀ ਦਾ ਪਤਾ ਕਰ ਤਾਂ ਚੈਨ ਆਈ।

ਮੇਰੀ ਬੈਂਕ ਦਾ ਫਿਲੌਰ ਦਫਤਰ ਜੀ. ਟੀ. ਰੋਡ ਉਪਰ ਰੇਲਵੇ ਸਟੇਸ਼ਨ ਦੇ ਸਾਹਮਣੇ ਸੀ। ਗਿਆਰਾਂ ਵਜੇ ਸੁਨੇਹਾ ਉਪੜਿਆ, ਅੱਜ ਗੁਰਾਇਆਂ ਦੇ ਮੁਸਲਮਾਨ ਮਾਰਨ-ਲੁੱਟਣ ਦਾ ਪਰੋਗਰਾਮ ਹੈ, ਮੈਨੂੰ ਤੇ ਜਿਵੇਂ ਅੱਗ ਲੱਗ ਗਈ। ਸੁਨੇਹੇ ਵਾਲੇ ਨੂੰ ਪਿਛੇ ਬਠਾ, ਇਕਦਮ ਮੋਟਰਸਾਈਕਲ ਤੇ ਪਿੰਡ ਉਪੜਿਆ। ਸੈਂਕੜਿਆਂ ਦੀ ਗਿਣਤੀ 'ਚ ਹਮਲਾ-ਆਵਰ, ਤਲਵਾਰਾਂ, ਬਰਛਿਆਂ, ਗੰਡਾਸਿਆਂ ਤੇ ਲਾਠੀਆਂ ਫੜੀ ਤੇ ਸਿਰਾਂ ਤੇ ਪਟਕੇ ਬੰਨ੍ਹੀ, ਰੇਲਵੇ ਲਾਈਨ ਉਪਰ ਤੇ ਐਧਰ ਔਧਰ ਬੈਠੇ ਤੇ ਘੁੰਮਦੇ ਫਿਰਦੇ ਕਿਸੇ ਹੁਕਮ ਦਾ ਇੰਤਜ਼ਾਰ ਕਰ ਰਹੇ ਜਾਪਦੇ ਸਨ। ਮੈਂ ਆਪਣੇ ਦੋ ਚਾਰ ਮਿਤਰ ਨਾਲ ਲੈ ਜਿਨ੍ਹਾਂ ਵਿਚ ਸ. ਗੁਰਬੰਸ ਸਿੰਘ ਬਰਾੜ ਥਾਣੇਦਾਰ ਇਕ ਬੰਦੂਕ ਵਾਲੇ ਸਿਪਾਹੀ ਨਾਲ ਵੀ ਸੀ, ਇਕ ਦਮ ਜਥੇਦਾਰ ਦੁਸਾਂਝ ਨੂੰ, ਡਾ. ਲੇਖਰਾਜ ਦੀ ਦੁਕਾਨ ਤੇ ਸੱਦਿਆ। ਮੈਂ ਪੁੱਛਿਆ, "ਐਹ ਕਠ-ਮਠ ਕਾਹਦਾ?" ਓਹ ਕਹਿੰਦਾ, ਅਜ ਐਥੋਂ ਦਾ ਪਰੋਗਰਾਮ ਹੈ ਤੇ ਮੈਂ ਕਿਹਾ ਤੂੰ ਕੌਣ ਹੁੰਨਾਂ ਮੇਰੇ ਪਿੰਡ ਤੇ ਹਮਲਾ ਕਰਾਉਣ ਵਾਲਾ ? ਜਾਹ ਜਾ ਕੇ ਆਪਣੇ ਪਿੰਡ ਕਰਮ੍ਹੋ ਤੈਨੂੰ ਪਤਾ ! ਐਥੇ ਖੂਨ ਦੀਆਂ ਨਦੀਆਂ ਬਹਿ ਜਾਣਗੀਆਂ ਤੇ ਉਨ੍ਹਾਂ ਵਿਚ ਤੂੰ ਤੇ ਮੈਂ ਦੋਵੇਂ ਹੋਵਾਂਗੇ। ਸ਼ਾਇਦ ਇਸ ਲਈ ਕਿ ਮੇਰੇ ਪਿੰਡੋਂ ਦੁਸਾਂਝ ਨੂੰ ਇਕ ਵੀ ਹਮਲਾਆਵਰ ਨਹੀਂ ਸੀ ਮਿਲ ਸਕਿਆ, ਓਹ ਇਕਦਮ ਹੀ ਬਦਲ ਗਿਆ ਤੇ ਕਹਿੰਦਾ, "ਮੈਂ ਇਕ ਬ੍ਰੇਨਗੰਨ ਖਰੀਦਣੀ ਹੈ ਤੇ ਓਹਦਾ ਮੁਲ 1200 ਰੁਪੇ ਹੈ, ਕਰਮ ਦੀਨ (ਖੰਡ-ਤੇਲ ਦਾ ਡੀਪੂ ਹੋਲਡਰ ਦੁਕਾਨਦਾਰ) ਤੋਂ ਸਾਨੂੰ 1200 ਲੈ ਦੇ, ਮੈਂ ਸਭ ਕੁਝ ਕੈਂਸਲ ਕਰ ਦਿੰਦਾ ਹਾਂ।" ਮੈਂ ਇਕਦਮ ਡਾਕਟਰ ਨਾਲ ਸਲਾਹ ਕਰਕੇ, "ਟਕੇ ਦੀ ਹਾਂਡੀ ਬਦਲੇ ਕੁੱਤੇ ਦੀ ਜਾਤ ਪਛਾਣੀ ਜਾਊ" ਅਸੀਂ ਕਰਮਦੀਨ ਨੂੰ ਨਾਲ ਲੈ ਕੁਟੀਆ ਵਲ ਤੁਰ ਪਏ। ਕਰਮਦੀਨ ਨੇ 600 ਮੇਰੇ ਹੱਥ ਫੜਾਏ ਤੇ ਬਾਕੀ ਸ਼ਾਮ ਤਕ ਦੇਣ ਦਾ ਵਾਅਦਾ ਕੀਤਾ। ਮੈਂ ਦੁਸਾਂਝ ਨੂੰ ਫੜਾ ਬਾਕੀ,ਕਰਮਦੀਨ ਨਹੀਂ ਮੈਂ ਤੈਨੂੰ ਕੱਲ੍ਹ ਨੂੰ ਦੇ ਦੇਵਾਂਗਾ ਪਰ ਓਹ ਕਹਿੰਦਾ ਏਹੋ ਜੇਹੇ ਸੌਦੇ 'ਚ ਉਧਾਰ ਨਹੀਂ ਹੁੰਦੇ, ਪਰ ਜਦ ਓਹਨੇ ਮੈਨੂੰ ਦ੍ਰਿੜ ਦੇਖਿਆ ਤਾਂ ਓਹ ਇਕਦਮ ਫੇਰ ਬਦਲ ਗਿਆ ਤੇ ਕਹਿੰਦਾ, "ਢਿੱਲੋਂ ਸਾ: ਜਦ ਤੁਸੀਂ ਇਹਦੇ ਲਈ ਏਨਾਂ ਕਰਨ ਤੇ ਤੁਲੇ ਹੋ ਤਾਂ ਮੈਂ ਵੀ ਕੁਝ ਨਹੀਂ ਲੈਣਾ, ਆਪੇ ਕਿਧਰੋਂ ਹੋਰ ਸਾਰ ਲਊਂ, ਓਹਨੇ ਓਹ 6 ਸੌ ਵੀ ਮੋੜ ਦਿਤਾ ਤੇ ਆ ਕੇ ਆਪਣੇ ਦੋ ਅਸਿਸਟੈਂਟ ਸੱਦੇ ਤੇ ਇਕਦਮ ਹੀ ਸਾਰਾ ਜਥਾ ਤਿਤਰ ਬਿਤਰ ਹੋ ਗਿਆ। ਘਰ ਉਪੜ ਰਾਤ ਨੂੰ ਪ੍ਰਸ਼ਾਦ ਕੀਤਾ, ਅਰਦਾਸਾ ਸੋਧ ਦਾਤੇ ਦਾ ਲਖ ਲਖ ਸ਼ੁਕਰ ਕੀਤਾ। ਕਿ ਬਤੌਰ ਸਰਪੰਚ, ਪਿੰਡ ਦੇ ਸੈਂਕੜੇ ਮੁਸਲਮਾਨਾਂ ਦੀ ਜਾਨਾਂ ਦੀ ਜ਼ਿੰਮੇਵਾਰੀ ਸੰਭਾਲ ਤੈਂ ਅੱਜ ਰਖ ਦਿਖਾਈ।

ਓਸੇ ਰਾਤ f ਪਿੰਡ ਦੇ ਮੁਸਲਮਾਨ ਆਗੂ ਡਰੇ ਤੇ ਠਠੰਬਰੇ ਮੇਰੇ ਘਰ ਆਏ ਤੇ ਮੇਰੀ ਰਾਏ ਪੁੱਛੀ। ਮੈਂ ਕਿਹਾ ਮੈਂ ਬੜਾ ਸ਼ਰਮਸਾਰ ਹਾਂ, ਕਈ ਲੋਕਾਂ ਦੀਆਂ ਅੱਖਾਂ ਬਦਲੀਆਂ ਮੈਨੂੰ ਜਾਪਦੀਆਂ ਸਨ ਸੋ ਮੈਂ ਤੁਹਾਨੂੰ ਹੁਣ ਰਖ ਨਹੀਂ ਸਕਦਾ, ਪਰ ਤੁਹਾਨੂੰ ਰਾਜ਼ੀ ਖੁਸ਼ੀ ਫਿਲੌਰ -ਕੈਂਪ ਜ਼ਰੂਰ ਅਪੜਾਵਾਂਗਾ। ਪਿੰਡ ਵਿਚ ਜ਼ਿਮੀਂਦਾਰ ਮੁਸਲਮਾਨ ਕੋਈ ਨਹੀਂ ਸੀ, ਦੁਕਾਨਦਾਰ, ਨੌਕਰੀਪੇਸ਼ਾ, ਤੇਲੀ, ਜੁਲਾਹੇ, ਮਰਾਸੀ, ਚੰਗੜ ਤੇ ਬਹੁਤ ਸਾਰੇ ਰੇਲ ਮੁਲਾਜ਼ਮ ਸਨ। ਪਿੰਡ ਦੇ ਗੜੇ-ਵਾਲੇ ਸਰਦਾਰਾ ਸਿੰਘ, ਨੰਜੂ ਆਦਿ ਕਈ ਮਿੱਤਰਾਂ ਨੂੰ ਗਡੇ ਤਿਆਰ ਕਰ ਇਨ੍ਹਾਂ ਨੂੰ ਰਾਜ਼ੀ ਖੁਸ਼ੀ ਅਪੜਾਉਣ ਦੇ ਪਰੋਗਰਾਮ ਬਾਰੇ ਦੱਸਿਆ ਤੇ ਸਵੇਰੇ ਸਾਰੇ ਮੁਸਲਮਾਨ 20 ਗੱਡਿਆਂ ਤੇ ਬਠਾਲ ਕਾਫਲਾ ਜਰਨੈਲੀ ਸੜਕ ਚਾੜ੍ਹ ਦਿਤਾ ਤੇ ਆਪ ਸਾਈਕਲਾਂ ਤੇ ਅਲਵਿਦਾ ਆਖਣ ਨਾਲ ਤੁਰ ਪਏ। ਰਾਹ ਵਿਚ ਸਰਗੋਂਦੀ ਦਾ ਜੈਲਦਾਰ ਸ. ਬਸੰਤ ਸਿੰਘ ਤੇ ਜੋਗਿੰਦਰ ਸਿੰਘ ਓਥੋਂ ਦੇ ਕਾਫਲੇ ਸਮੇਤ ਤੇ ਅੱਟੇ ਪਿੰਡ ਬਰਾਬਰ ਓਥੋਂ ਦੇ ਮੁਸਲਮਾਨ ਰਾਜਪੂਤਾਂ ਦਾ ਕਫਲਾ ਨਾਲ ਸ਼ਾਮਲ ਹੋ ਗਿਆ ਜਰਨੈਲੀ ਸੜਕ ਦੇ ਗਡੇ ਨਾਲ ਗਡਾ ਲਗਾ ਜਾਂਦਾ ਸੀ ਤੇ ਇਨ੍ਹਾਂ ਦੀ ਰਾਖੀ ਲਈ ਕਦੀ ਕਦੀ ਬਲੋਚ ਮਿਲਟਰੀ ਦੀ ਜੀਪ ਗੇੜਾ ਮਾਰਦੀ ਦਿਸਦੀ ਸੀ। ਅੱਟੇ ਪਿੰਡ ਦਾ ਮੁਨਸ਼ੀ ਖਾਂ ਬੜਾ ਚਲਦਾ ਪੁਰਜ਼ਾ ਪੁਲਸ ਦਾ ਬੰਦਾ ਸੀ, ਓਹਨੂੰ ਪੁਲਸ ਵਾਲਿਆਂ ਫਿਲੌਰ ਉਪੜਾਂਣ ਦੀ ਇਕ ਦਿਨ ਪਹਿਲਾਂ ਪੇਸ਼ਕਸ਼ ਕੀਤੀ ਪਰ ਓਹਨੇ ਆਪਦੀ ਸ਼ਖਸੀਅਤ ਦੇ ਬਲਬੋਤੇ ਉਨ੍ਹਾਂ ਨੂੰ ਇਨਕਾਰ ਕਰ ਦਿ ਤਾ। ਅੱਟੇ ਕਾਫਲਾ ਸੜਕ ਚੜ੍ਹ ਚੁਕਿਆ ਸੀ ਤੇ ਮੁਨਸ਼ੀ ਖਾਂ ਜ਼ਰਾ ਪਿੱਛੇ ਪਿਛੇ ਪੈਦਲ ਆ ਰਿਹਾ ਸੀ। ਇਕ ਦਮ ਕਮਾਦ ਵਿਚੋਂ ਇਕ ਮੂੰਹ-ਸਿਰ ਲਪੇਟੀ ਬਰਛਾ ਹੱਥ ਫੜੀ ਬੰਦਾ ਨਿਕਲਿਆ ਤੇ ਓਹਨੇ ਮੁਨਸ਼ੀ ਖਾਂ ਨੂੰ ਲਲਕਾਰਿਆ ; ਮੁਨਸ਼ੀ ਖਾਂ ਬੜਾ ਸੌਖਾ ਦਸ ਕਦਮ ਦੌੜ ਕਾਫਲੇ ਵਿਚ ਸ਼ਾਮਿਲ ਹੋ ਸਕਦਾ ਸੀ ਪਰ ਜਿਵੇਂ ਓਹਦੀ ਹੋਣੀ ਆਈ ਹੋਵੇ ਓਹ ਥਾਂ-ਖਲੋਤਾ ਹੀ ਟੱਪਣ ਲਗ ਪਿਆ ਤੇ ਟੱਪੀ ਹੀ ਗਿਆ ਤੇ ਛੇਤੀਂ ਹੀ ਬਰਛੇ ਨੇ ਓਹਨੂੰ ਥਾਂ ਹੀ ਢੇਰੀ ਕਰ ਦਿਤਾ। ਗੱਡੇ ਤੇ ਬੈਠਾ ਓਹਦਾ ਪਰਵਾਰ ਚੀਕਾਂ ਮਾਰਦਾ ਤੁਰਿਆ ਜਾਂਦਾ ਸੀ ਤੇ ਅਸੀਂ ਸਾਰੇ ਓਹਦੀ ਲਾਸ਼ ਓਥੇ ਰੁਲਦੀ ਛੱਡ ਆਪਣੇ ਘਰੀਂ ਵਾਪਸ ਪਰਤ ਆਏ। ਮੁਸਲਮਾਨਾਂ ਨੂੰ ਪਨਾਹ ਦੇਣ ਕਰਕੇ ਮੇਰੇ ਘਰ ਤੇ ਬੰਬ ਸੁੱਟਣ ਦੇ ਸੁਨੇਹੇ ਵੀ ਮੈਨੂੰ ਸਾਵਧਾਨ ਕਰਦੇ ਰਹੇ ਆਖਰ ਮੈਨੂੰ ਆਪਣੀ ਰੱਖਿਆ ਲਈ ਰੀਵਾਲਵਰ ਖਰੀਦਣਾ ਪਿਆ, ਬੇਸ਼ੱਕ ਮੇਰੇ ਪਿੰਡ ਵਿਚੋਂ ਗਿਣਤੀ ਦੇ ਦੋ ਤਿੰਨ ਘਰ ਹੀ ਮੁਸਲਮਾਨ-ਮਾਰੂ ਲੁਟਣ ਨੀਤੀ ਦੇ ਸਨ ਜਿਨ੍ਹਾਂ ਦੀ ਕੋਈ ਵੁਕਤ ਨਹੀਂ ਸੀ

ਐਨ ਉਨ੍ਹਾਂ ਦਿਨਾਂ ਵਿਚ ਇਕ ਮਿੱਤਰ ਥਾਣੇਦਾਰ, ਬਹਾਨਾ ਲਾ ਕੇ ਕਿ ਓਹਦੀ ਭੈਣ ਕੋਠਿਓਂ ਡਿਗ ਪਈ ਹੈ ਤੇ ਸਵਾਰੀ ਦਾ ਕੋਈ ਸਾਧਨ ਹੈ ਨਹੀਂ, ਮੇਰਾ ਮੋਟਰ ਸਾਈਕਲ ਮੰਗ ਕੇ ਲੈ ਗਿਆ। ਉਡੀਕ ਉਡੀਕ ਤੇ ਥੋੜਾ ਅਮਨ ਚੈਨ ਹੋਣ ਤੇ ਮਹੀਨਾਂ ਕੁ ਮਗਰੋਂ ਮੈਂ ਫੀਰੋਜ਼ਪੁਰ ਨੇੜੇ ਓਹਦੇ ਥਾਣੇ ਓਪੜਿਆ। ਓਹਦੇ ਸਿਪਾਹੀਆਂ ਮੈਨੂੰ ਦੱਸਿਆ ਕਿ ਸ. ਹੋਰੀਂ ਤੇ ਅੱਜ ਵੀ ਸ਼ਿਕਾਰ ਗਏ ਹੋਏ ਹਨ ਤੇ ਤੁਹਾਡੇ ਸਾਈਕਲ ਦੀ ਕਿਰਪਾ ਉਨ੍ਹਾਂ ਮੁਸਲਮਾਨਾਂ ਦੇ ਗਹਿਣੇ ਆਦਿ ਨਾਲ ਵਾਹਵਾ ਹੱਥ ਰੰਗੇ ਹਨ ਤੇ ਸੈਂਕੜਿਆਂ ਨੂੰ ਏਸ ਰਖਵਾਲੇ ਨੇ ਮਾਰ ਮੁਕਾਇਆ ਹੈ। ਮੇਰੇ ਪੁਛੇ ਬਗੈਰ ਹੀ ਓਹਨੇ ਮੇਰਾ ਨਵਾਂ ਮੋਟਰ ਸਾਈਕਲ ਵੇਚ ਦਿਤਾ ਤੇ ਮੈਨੂੰ ਪੈਸੇ ਵੀ ਮਸਾਂ ਦਿਤੇ।

ਉਨ੍ਹਾਂ ਦਿਲਾਂ 'ਚ ਬਾਰਸ਼ਾਂ ਬੜੀਆਂ ਹੋਈਆਂ, ਚਹੇੜੂ ਦਾ ਬੜਾ ਮਜ਼ਬੂਤ ਰੇਲ-ਪੁਲ ਵੀ ਟੁੱਟ ਗਿਆ ਤੇ ਕੈਂਪਾਂ 'ਚ ਬੇ-ਸਰੋ-ਸਾਮਾਨ ਦੀ ਹਾਲਤ ਮੁਸਲਮਾਨ ਸ਼ਰਨਾਰਥੀਆਂ ਦੀ ਬੜੀ ਤਰਸਯੋਗ ਹਾਲਤ ਸੀ ਅਨੇਕ ਮੌਤਾਂ ਵੀ ਹੋਈਆਂ। ਛੇਤੀ ਹੀ ਪਾਕਿਸਤਾਨ ਤੋਂ ਉਜੜਕੇ ਆਏ ਹਿੰਦੂ-ਸਿਖਾਂ ਦੇ ਕਾਫਲੇ ਆਉਣੇ ਸ਼ੁਰੂ ਹੋ ਗਏ। ਮੇਰੇ ਸਹੁਰੇ, ਸਾਂਢੂ, ਮਾਸੀਆਂ, ਭੂਆ ਤੇ ਅਨੇਕ ਮਿੱਤਰ ਦੋਸਤ (ਜਿਵੇਂ ਅਜ ਵੀ ਮੇਰੇ ਅਨੇਕ ਪਿਆਰੇ ਪੰਜਾਬ ਤੋਂ ਬਾਹਰ ਦੂਜੇ ਪ੍ਰਾਂਤਾਂ ਵਿਚ ਬੈਠੇ ਹਨ) ਓਧਰੋਂ ਸਿਧੇ ਆ ਮੇਰੇ ਕੋਲ ਹੀ ਉਪੜੇ। ਉਨ੍ਹਾਂ ਨੂੰ ਜ਼ਮੀਨਾਂ ਅਲਾਟ ਕਰਾਉਣ, ਮਕਾਨ ਤੇ ਹੋਰ ਲਕਾ ਤੁਕਾ ਦਵਾਉਣ, ਪਿੰਡ ਦੇ ਗੈਰ ਜ਼ਿਮੀਂਦਾਰਾਂ ਨੂੰ ਮੁਸਲਮਾਨਾਂ ਦੇ ਮਕਾਨ ਅਲਾਟ ਕਰਨ (ਸਰਪੰਚ ਹੀ ਕਰਦੇ ਸਨ) ਤੇ ਆਏ ਗਏ ਦਾ ਏਨਾਂ ਰੁਝੇਵਾਂ ਸੀ ਕਿ ਸਿਰ-ਖੋਹੀ ਗੁਜ਼ਰਦੀ ਸੀ ਪਰ ਫੁਟਬਾਲ ਗਰਾਊਂਡ ਜਾਂ ਖੇਡਣ ਦਾ ਨਾਗਾ ਘਟ ਹੀ ਪਾਇਆ ਸੀ। ਬੰਦਿਆਂ ਤੇ ਪਸ਼ੂਆਂ ਦੀਆਂ ਲਾਸ਼ਾਂ ਆਮ

(ਬਾਕੀ ਪੰਨਾ 15 ਤੇ)



ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਮਾਈ ਭਗਵਾਨ ਕੌਰ ਦਾ ਸਨਮਾਨ ਕਰਦੇ ਹੋਏ ।

ਖੈਰਾਤ ਵੰਡਦੇ ਹੱਥ .....

ਬਠਿੰਡਾ — ਜ਼ਿਲਾ ਬਠਿੰਡਾ ਦੇ ਪਿੰਡ ਨਰੂਆਣਾ ਵਿਚ ਰਹਿਣ ਵਾਲੀ ਮਾਈ ਭਗਵਾਨ ਕੌਰ ਨੇ ਕਿਸੇ ਅੰਗ-ਸਾਕ ਦੀ ਅਣਹੋਂਦ ਅਤੇ ਆਪਣੇ ਪਤੀ ਸ. ਸੱਜਣ ਸਿੰਘ ਦੇ ਸਦੀਵੀ ਵਿਛੋੜੇ ਦੇ ਦਰਦ ਨੂੰ ਮਨ ਦੇ ਕਿਸੇ ਕੋਨੇ ਵਿਚ ਛੁਪਾ ਕੇ ਆਪਣੀ ਹਯਾਤੀ ਦੇ 85 ਸਾਲਾਂ ਪਿਛੋਂ ਪਿਛਲੇ 55 ਵਰ੍ਹੇ ਖੈਰਾਇਤੀ ਕੰਮਾਂ ਦੇ ਲੇਖੇ ਲਾ ਕੇ ਮਾਨਵ-ਸੇਵਾ 'ਚੋਂ ਹੀ ਆਤਮਕ-ਸੁਖ ਦੀ ਤਲਾਸ਼ ਕੀਤੀ ਹੈ। ਉਸ ਨੇ ਬਾਕਾਇਦਾ ਤਾਲੀਮ ਹਾਸਿਲ ਨਹੀਂ ਕੀਤੀ, ਪਰ ਪੰਜਾਬੀ ਚੰਗੀ ਤਰ੍ਹਾਂ ਪੜ੍ਹ-ਲਿਖ ਸਕਦੀ ਹੈ । ਉਸ ਪਾਸ ਆਪਣੇ ਪਿੰਡ 20 ਕਮਰਿਆਂ ਦੇ ਸ਼ਾਨਦਾਰ ਘਰ ਤੋਂ ਇਲਾਵਾ 25 ਏਕੜ ਜ਼ਮੀਨ ਹੈ, ਪਰ ਇਹ ਸਭ ਕੁਝ ਉਸ ਨੇ ਜ਼ਿਲਾ ਰੈਡ ਕਰਾਸ ਸੁਸਾਇਟੀ ਨੂੰ ਦਾਨ ਕਰਨ ਲਈ ਵਸੀਅਤ ਕਰ ਦਿਤੀ ਹੈ ।

ਇਸ ਸਮਾਜ ਸੇਵੀ ਔਰਤ ਵਲੋਂ ਕੀਤੇ ਗਏ ਦਾਨ ਦਾ ਵੇਰਵਾ ਕਾਫੀ ਵਿਸਥਾਰ ਦੀ ਮੰਗ ਕਰਦਾ ਹੈ। ਬਠਿੰਡਾ ਵਿਚ ਰੈਡ ਕਰਾਸ ਬਿਰਧ ਆਸ਼ਰਮ ਦੀ ਉਸਾਰੀ ਲਈ ਮਾਈ ਭਗਵਾਨ ਕੌਰ ਨੇ ਇਕ ਲੱਖ ਰੁਪਏ ਦਾਨ ਕੀਤੇ ਹਨ। ਪਿੰਡ ਨਰੂਆਣਾ ਦੇ ਵਾਟਰ ਵਰਕਸ ਲਈ ਉਸ ਨੇ ਪੰਜ ਏਕੜ ਜ਼ਮੀਨ ਦਾਨ ਕੀਤੀ ਹੈ ਪਿੰਡ ਦਾ ਰੇਲਵੇ ਸਟੇਸ਼ਨ ਬਣਾਉਣ ਲਈ ਵੀ ਉਸ ਨੇ ਜ਼ਮੀਨ ਦਾਨ ਕੀਤੀ ਸੀ।

ਉਸ ਨੇ ਹੀ ਪਿੰਡ ਦੇ ਸਰਕਾਰੀ ਸਕੂਲ ਦੀ ਵਿਸ਼ਾਲ ਇਮਾਰਤ ਦੀ ਪੜਾਅ ਵਾਰ ਉਸਾਰੀ ਕਰਵਾਈ ਅਤੇ ਪਿੰਡ ਵਿਚ ਧਰਮਸ਼ਾਲਾ ਵੀ ਬਣਵਾਈ । ਉਸ ਨੇ ਆਪਣੇ ਰਿਹਾਇਸ਼ੀ ਮਕਾਨ ਵਿਚੋਂ 14 ਕਮਰੇ ਹਸਪਤਾਲ ਲਈ ਦਿਤੇ ਅਤੇ ਹੋਰ ਸਮਾਨ ਖਰੀਦਣ ਲਈ 11,000 ਰੁਪਏ ਤੇ ਡਾਕਟਰ ਦੀ ਰਿਹਾਇਸ ਲਈ ਇਮਾਰਤ ਦੀ ਉਸਾਰੀ ਲਈ 14,000 ਰੁਪਏ ਦਾਨ ਵਜੋਂ ਦੇ ਕੇ ਪਿੰਡ ਦੇ ਲੋਕਾਂ ਨੂੰ ਡਾਕਟਰੀ ਸੇਵਾ ਮੁਹੱਈਆ ਕਰਨ ਵਿਚ ਯੋਗਦਾਨ ਪਾਇਆ । ਉਸ ਨੇ ਨਰੂਆਣ-ਬਠਿਡਾ ਸੜਕ ਉਪਰ ਢੁਕਵੀਆਂ ਥਾਵਾਂ 'ਤੇ ਦੋ ਖੂਹ ਤੇ ਚਾਰ ਨਲਕੇ ਵੀ ਲਗਵਾਏ। ਸਿਵਲ ਹਸਪਤਾਲ ਬਠਿੰਡਾ ਵਿਚ ਕੰਟੀਨ ਖੋਲ੍ਹਣ ਲਈ ਉਸ ਨੇ 10,000 ਰੁਪਏ ਦਿ ਤੇ ਹਨ । ਉਸ ਨੇ ਕਈ ਹਸਪਤਾਲਾਂ, ਗੁਰਦੁਆਰਿਆਂ ਤੇ ਮੰਦਰਾਂ ਵਿਚ ਬਿਜਲੀ ਦੇ ਪੱਖੇ ਵੀ ਲਗਵਾਏ ਹਨ ।

ਜ਼ਿਲਾ ਪੱਧਰ ਤੇ ਰਾਜ ਪੱਧਰ ਦੇ ਸਨਮਾਨ ਉਪਰੰਤ ਮਾਈ ਭਗਵਾਨ ਕੌਰ ਨੂੰ 1 ਅਕਤੂਬਰ 1985 ਨੂੰ ਰਾਸ਼ਟਰਪਤੀ ਭਵਨ ਵਿਚ ਆਯੋਜਤ ਇਕ ਸਮਾਰੋਹ ਵਿਚ ਭਾਰਤ ਦੇ ਰਾਸ਼ਟਰਪਤੀ ਡਾ. ਗਿਆਨੀ ਜ਼ੈਲ ਸਿੰਘ ਵਲੋਂ ਸਨਮਾਨਿਤ ਕੀਤਾ ਗਿਆ ।

ਹਰਨੇਕ ਸਿੰਘ ਕੋਮਲ

(ਪੰਨਾ 14 ਦੀ ਬਾਕੀ)

ਦਿਸਦੀਆਂ ਸਨ ਤੇ ਸੜਿਆਂਦ ਕਾਰਨ ਆਲਾ ਦੁਆਲਾ ਨਰਕ ਦਾ ਦ੍ਰਿਸ਼ ਪੇਸ਼ ਕਰਦਾ ਸੀ ।

ਜਿਵੇਂ ਬਾਬਰ ਦੇ ਹਮਲੇ ਦਾ ਬਾਬਾ ਨਾਨਕ ਜੀ ਜ਼ਿਕਰ ਕਰਦੇ ਹਨ, "ਜਿਨ ਸਿਰ ਸੋਹਨ ਪੱਟੀਆਂ ਮਾਂਗੀਂ ਪਏ ਸੰਧੂਰ ..." ਸੱਚੀਂ ਮੁੱਚੀਂ ਮੁਸਲਮਾਨ ਰਾਜਪੂਤਾਂ ਦੀਆਂ ਬਹੂ-ਬੇਟੀਆਂ ਜੇਹੜੀਆਂ ਪਰਦਿਆਂ ਤੇ ਬੁਰਕਿਆਂ 'ਚ ਲਪੇਟੀਆਂ ਰਹਿੰਦੀਆਂ ਸੀ, ਉਨ੍ਹਾਂ ਦੇ ਹੀ ਨੌਕਰ ਚਾਕਰ ਬਦੋ ਬਦੀ ਆਪਣੇ ਘਰੀਂ ਘੜੀਸ ਕੇ ਲੈ ਗਏ, ਇਹ ਸਭ ਕੁਝ ਅਖੀਂ ਦੇਖਿਆ, ਪਰ ਕਿਸੇ ਦੀ ਮਦਦ ਕਰ ਸਕਣ ਤੋਂ ਹਰ ਕੋਈ ਲਾਚਾਰ ਨਜ਼ਰ ਆ ਰਿਹਾ ਸੀ ।

ਏਸ ਘੱਲੂ-ਘਾਰੇ ਵਿਚ ਕਰੋੜਾਂ ਰੁਪੈ ਦੇ ਮਾਲੀ ਨੁਕਸਾਨ ਤੋਂ ਇਲਾਵਾ 10 ਲੱਖ ਨਿਰਦੋਸ਼, ਹਿੰਦੂ ਸਿੱਖ ਤੇ ਮੁਸਲਮਾਨ, ਔਰਤਾਂ, ਬੱਚੇ ਤੇ ਬੁੱਢੇ ਬੜੀ ਬੇ-ਰਹਿਮਾਨਾਂ ਮੌਤ ਮਰੇ ਅਤੇ ਦੋਵਾਂ ਪਾਸਿਆਂ ਦੇ ਕਾਤਿਲਾਂ ਨੂੰ ਸਜ਼ਾ ਤੇ ਕੀ ਹੋਣੀ ਸੀ ਇਕਦਮ ਅਮੀਰ ਬਣ ਗਏ ਤੇ ਕਿਸੇ ਦੇ ਝਰੀਟ ਸਾਰਖੀ ਨਾ ਆਈ। ਦੇਸ਼-ਵੰਡ ਤੇ ਅਦਲਾ ਬਦਲੀ ਵਿਚ ਘਟ ਗਿਣਤੀ ਸਿਖ ਜਿਨ੍ਹਾਂ ਦਾ ਖੇਤੀਬਾੜੀ ਕਿੱਤਾ ਤੇ ਹੋਰ ਕਈ ਪ੍ਰਕਾਰ ਦੇ ਕਾਰੋਬਾਰ ਪਾਕਿਸਤਾਨ ਵਿਚ ਹੈ ਸਨ ਨੂੰ ਦੇਸ਼ਵੰਡ ਦਾ ਬੜਾ ਤਲਖ ਤਜਰਬਾ ਹੈ। ਬਹੁਤੇ ਓਹ ਲੋਕ ਹੀ ਹਨ, ਚਾਹੇ ਓਹ ਲੌਂਗੋਵਾਲ ਪਖੀ ਆਖੋ, ਨਰਮ ਖਿਆਲੀਏ ਅਕਾਲੀ ਆਖੋ, ਕਾਂਗਰਸੀ, ਕੌਮਿਊਨਿਸਟ ਜਾਂ ਰਾਧਾ ਸਵਾਮੀ ਤੇ ਨਾਮਧਾਰੀ ਸਿਖ ਆਖੋ ਜਾਂ ਫਿਰ 70 ਲੱਖ ਸਿਖ ਜਿਹੜੇ ਪੰਜਾਂਬ ਤੋਂ ਬਾਹਰ ਦੂਜੇ ਪ੍ਰਾਂਤਾਂ ਵਿਚ ਕੈਨੇਡਾ-ਅਮਰੀਕਾ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਨਾਲੋਂ ਵੀ ਵਧੀਆ ਜੀਵਨ ਬਤੀਤ ਕਰ ਰਹੇ ਓਹ ਕਦੀ ਦੇਸ਼ਵੰਡ ਦੇ ਹੱਕ ਵਿਚ ਨਹੀਂ ਹੋ ਸਕਦੇ। ਜਦ ਅਸੀਂ ਐਧਰੋਂ ਜਾ ਕੇ ਪੰਜਾਬ ਵਸਣਾ ਪਸੰਦ ਨਹੀਂ ਕਰਦੇ ਤਾਂ ਉਨ੍ਹਾਂ 70 ਲੱਖ ਤੋਂ ਕਿਵੇਂ ਆਸ ਰਖ ਸਕਦੇ ਹਾਂ ਕਿ ਓਹ ਪੰਜਾਬ ਜਾ ਕੇ ਵਸਣ ।

ਪਾਕਿਸਤਾਨ ਬਣਨ ਵੇਲੇ ਮਜ਼ਬੀ-ਸੋਚਣੀ ਦੇਸ਼ਵੰਡ ਦਾ ਆਧਾਰ ਸੀ, ਕੀ ਪਾਕਿਸਤਾਨੀ ਜਨਤਾ ਦੇਸ਼ ਵੰਡ ਹੋਣ ਉਪਰੰਤ ਸੁਖੀ ਹੋ ਗਈ ਹੈ ? ਜਿਸ ਤਨ ਲਾਗੇ ਸੋਈ ਜਾਣੇ ਵਾਲੀ ਗੱਲ ਹੈ। ਡੇਢ੍ਹ ਕੁ ਸਾਲ ਪਹਿਲਾਂ ਜਦ ਅਸੀਂ ਬੜੇ ਬੜੇ ਜਲੂਸ ਕੱਢ ਸਟੇਜਾਂ ਤੇ ਖਲੋ ਭਾਰਤੀ ਲੀਡਰਾਂ ਨੂੰ ਮੋਟੀਆਂ ਮੋਟੀਆਂ ਗਾਲਾਂ ਕੱਢਦੇ ਸਾਂ ਤਾਂ ਮੈਂ ਇਕ ਪਾਕਿਸਤਾਨੀ ਕੈਨੇਡੀਅਨ ਗੱਭਰੂ ਪੁੱਛਿਆ, "ਤੁਹਾਡੀ ਸਰਕਾਰ ਤੁਹਾਡੇ ਵੋਟ-ਹਕ ਵੀ ਖੋਹ ਚੁੱਕੀ ਹੈ ਤੇ ਓਥੇ ਆਜ਼ਾਦੀ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ, ਤੁਸੀਂ ਜਲੂਸ ਕੱਢ ਆਪਣੇ ਲੀਡਰਾਂ ਤੋਂ ਹੱਕ ਲੈਣ ਲਈ ਗਾਲਾਂ ਕਿਉਂ ਨਹੀਂ ਕੱਢਦੇ ?" ਉਹ ਕਹਿੰਦਾ, "ਗਾਲਾਂ ਤੇ ਬਹੁਤ ਵੱਡੀ ਗੱਲ ਹੈ ਅਸੀਂ ਤੇ ਨੁਕਤਾ-ਚੀਨੀ ਵੀ ਨਹੀਂ ਕਰ ਸਕਦੇ ਅਤੇ ਮੈਂ ਹੈਰਾਨ ਹਾਂ ਭਾਰਤੀ ਸਰਕਾਰੀ ਏਨਾਂ ਬਰਦਾਸ਼ਤ ਕੈਸੇ ਕਰ ਰਹੀ ਹੈ ?" ਇਹ ਠੀਕ ਹੈ ਕਿ ਭਾਰਤੀ ਜਨਤਾ ਨੂੰ ਬੜੀਆਂ ਪ੍ਰਾਬਲਮਜ਼ ਹੈਨ ਤੇ ਦੇਸ਼, ਪਛੜੇ ਦੇਸ਼ਾਂ ਵਿਚੋਂ ਇਕ ਹੈ ਪਰ ਇਹਦਾ ਇਲਾਜ ਦੇਸ਼ ਵੰਡ ਨਹੀਂ, 80 ਪ੍ਰਤੀਸ਼ਤ ਗਰੀਬ ਜਨਤਾ ਨੂੰ ਨਾਲ ਲੈ ਕੇ ਸੰਗਠਨ ਦੀ ਲੋੜ ਹੈ ।

ਸਿੱਖ ਧਰਮ ਦੇ ਪਰਚਾਰਕ

ਸ਼ਰੋਮਣੀ ਅਕਾਲੀ ਦਲ ਨੇ ਬਹੁਤ ਸਾਰੇ ਸਿੱਖ ਪਰਚਾਰਕ ਬਾਹਰਲੇ ਮੁਲਕਾਂ ਵਿਚ ਸਿੱਖ ਧਰਮ ਨੂੰ ਫੈਲਾਉਣ ਲਈ ਭੇਜੇ। ਬਹੁਤ ਸਾਰੇ ਸਿੱਖ ਪਰਚਾਰਕਾਂ ਨੇ ਗੋਰੀਆਂ ਨਾਲ ਵਿਆਹ ਕਰਵਾ ਲਿਆ ਕੇਸ ਕਟਵਾ ਦਿਤੇ ਤੇ ਕਈਆਂ ਦੀ ਕਹਾਣੀਆਂ ਅਜੀਬ ਅਤੇ ਦਿਲਚਸਪ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਦ ਦੇਸ਼ ਨਹੀਂ ਪਰਤੇ। ਸਿਖ ਧਰਮ ਵਿਚ ਕੁਰਬਾਨੀਆਂ ਦੀ ਸ਼ਲਾਘਾ ਹੈ ਤੇ ਬਹੁਤ ਸਾਰਾ ਇਤਿਹਾਸ ਸ਼ੁਭ ਕਰਮਨ ਨਾਲ ਭਰਿਆ ਪਿਆ ਹੈ। ਜਿਸ ਵਿਚ ਸਿੱਖ ਕੌਮ ਨੂੰ ਫਕਰ ਹੈ। ਉਸਦੇ ਨਾਲ ਨਾਲ ਹੀ ਇਤਿਹਾਸ ਵਿਚ ਬੜੀਆਂ ਨਿਮਾਣੀਆਂ ਗੱਲਾਂ ਭੀ ਹੋਈਆਂ ਜਿਨ੍ਹਾਂ ਨੂੰ ਵੇਖਕੇ ਸਿਰ ਸ਼ਰਮ ਨਾਲ ਝੁਕਦਾ ਹੈ। ਅੱਜ ਭੀ ਬਹੁਤ ਸਾਰੇ ਸਿਖ ਪਰਚਾਰਕ ਤੇ ਗਿਆਨੀ ਧਿਆਨੀ ਆਏ ਹੋਏ ਹਨ ਜੋ ਸਟੇਜਾਂ ਤੇ ਬੜੀਆਂ ਕੜਾਕੇਦਾਰ ਤਕਰੀਰਾਂ ਕਰਕੇ ਲੋਕਾਂ ਦੇ ਰੌਂਗਟੇ ਖੜੇ ਕਰ ਦਿੰਦੇ ਹਨ ਪਰ ਇਸ ਤੋਂ ਬਾਅਦ ਰਾਤ ਦੀ ਜ਼ਿੰਦਗੀ, ਮਨੋਰੰਜਨ ਤੇ ਖਾਣਾ ਪੀਣਾ ਮੁਗਲੀ ਰਾਜਿਆਂ ਨਾਲੋਂ ਘੱਟ ਨਹੀਂ। ਇਨ੍ਹਾਂ ਨੂੰ ਜਣੇ ਕਣੇ ਕੋਈ ਬੋਲ ਭੀ ਨਹੀਂ ਸਕਦਾ। ਤੇ ਨਾ ਹੀ ਨੁਕਤਾਚੀਨੀ ਕਰ ਸਕਦਾ ਹੈ ਕਿਉਂਕਿ ਇਨ੍ਹਾਂ ਦੇ ਬੋਤਲ ਦੇ ਯਾਰ ਬਹੁਤ ਬਣਾਏ ਹੋਏ ਹਨ ਜੋ ਕਿ ਦੋ ਬੋਤਲਾਂ ਤੇ ਹੀ ਕਿਸੇ ਬੰਦੇ ਦੀ ਬੇਇਜ਼ਤੀ ਕਰਨ ਲਈ ਤਤਪਰ ਰਹਿੰਦੇ ਹਨ। ਇਨ੍ਹਾਂ ਦਾ ਮਾਟੋ ਇਹ ਹੈ ਕਿ ਗੁਰੂ ਦੇ ਸਿਖ ਨੂੰ ਸੱਚ ਬੋਲਣ ਦੀ ਜਾਚ ਨਾ ਦੇਵੋ, ਅੱਖੀਂ ਦੇਖਕੇ ਅਣਡਿਠ ਕਰੋ, ਸਬਰ ਕਰੋ ਤੇ ਫਿਰ ਤੇ ਫਿਰ ਵਾਪਹਗੁਰੂ ਆਪਤੇ ਕਿਰਪਾ ਕਰੇਗਾ !

ਇਨ੍ਹਾਂ ਵਿਚੋਂ ਬਹੁਤ ਚੌਧਵੀਂ ਸਦੀ ਦੇ ਪੰਡਤਾਂ ਨਾਲੋਂ ਭੀ ਵੱਧ ਗਏ ਹਨ। ਗਿੜਗਿੜਾ ਕੇ ਨੌਕਰੀ ਮੰਗਦੇ ਹਨ ਤੇ ਸ਼ਹੀਦੀਆਂ ਪਾਉਥਣ ਤੋਂ ਡਰਦੇ ਹਨ। ਖੁਸ਼ਹਾਲੀ ਦੀ ਜ਼ਿੰਦਗੀ ਤੇ ਆਰਾਮ ਦੀਆਂ ਰੋਟੀਆਂ ਤੇ ਐਸ਼ੋ ਇਸ਼ਰਤ ਟੀਚੇ ਤੇ ਗੁਰਸਿਖੀ ਅਸੂਲਾਂ ਨੂੰ ਭਲਾਉਣ ਵਿਚ ਕਾਫੀ ਸਹਾਈ ਹੁੰਦੇ ਹਨ। ਈਸਾਈ ਮੱਤ ਦੇ ਮਿਸ਼ਨਰੀਆਂ ਵੱਲ ਵੇਖੋ ਜਿਨ੍ਹਾਂ ਨੇ ਹਰ ਦੁਨੀਆਂ ਤੇ ਜਾਕੇ ਬਰਤਾਨੀਆ ਰਾਜ ਦੀ ਸਲਤਨਤ ਦਾ ਫਾਇਦਾ ਉਠਾਕੇ ਦੁਨੀਆਂ ਦੇ ਕੋਨੇ ਕੋਨੇ ਵਿਚ ਈਸਾਈ ਮੱਤ ਫੈਲਾ ਦਿਤਾ। ਸਭ ਤੋਂ ਪਹਿਲਾਂ ਇਹ ਲੋਕ ਭਲਾਈ ਤੇ ਸੁਧਾਰ ਕਰਕੇ ਲੋਕਾਂ ਦਾ ਮਨ ਜਿਤਦੇ ਤੇ ਫੇਰ ਪਰੇਰਨਾ ਕਰਕੇ ਆਪਦੇ ਮਗਰ ਲਾਉਂਦੇ। ਇਨ੍ਹਾਂ ਪਿਆਰ ਨੂੰ ਵਧੀਆ ਢੰਗ ਨਾਲ ਇਸਤੇਮਾਲ ਕਰਕੇ ਲੋਕਾਂ ਨੂੰ ਜਿਤਿਆ। ਸਾਡੇ ਮਿਸ਼ਨਰੀਆਂ ਦੀਆਂ ਕਰਤੂਤਾਂ ਦਾ ਗਰੰਥ ਲਿਖਿਆ ਜਾ ਸਕਦਾ ਹੈ। ਜਦੋਂ ਧਰਮ ਦੀਆਂ ਜੜ੍ਹਾਂ ਹੀ ਕਮਜ਼ੋਰ ਹਨ, ਗੁਰੂ ਦੇ ਵਜ਼ੀਰ ਰਿਸ਼ਵਤ, ਵੱਢੀ ਖੋਰੀ ਝੂਠ ਤੇ ਬਦਚਲਣੀ ਦਾ ਸ਼ਿਕਾਰ ਹੋ ਚੁਕੇ ਹਨ ਉਹ ਕੌਮ ਦਾ ਬੇੜਾ ਗਰਕ ਹੀ ਹੋਵੇਗਾ ? ਤਰੇਗਾ ਕਿਵੇਂ ? ਸੁਧਾਰਵਾਦ ਦੇ ਨਾਂ ਥੱਲੇ ਗੁਰੂ ਸਾਹਿਬਾਨ ਦੇ ਬੁਨਿਆਦੀ ਸਿਧਾਂਤਾਂ ਦੀ ਵਿਰੋਧਤਾ ਹੋ ਰਹੀ ਹੈ ਤੇ ਇਨ੍ਹਾਂ ਗੱਲਾਂ ਦੀ ਜੋ ਨੁਕਤਾਚੀਨੀ ਕਰਕੇ ਕੋਈ ਸੇਧ ਦੇਣਾ ਚਾਹੇ ਉਨ੍ਹਾਂ ਨੂੰ ਗਦਾਰ, ਕਾਂਗਰਸੀ ਤੇ ਕੋਮਨਿਸਟ ਦਾ ਫਤਵਾ ਤਾਂ ਕੇ ਰੱਦ ਕੀਤਾ ਜਾਂਦਾ ਹੈ ਤਾਂਕਿ ਭਰਿਸ਼ਟਾਚਾਰੀ ਵਧਦੀ ਫੁਲਦੀ ਰੇ। ਜੋ ਕੌਮੀ ਆਪਦੀਆਂ ਗਲਤੀਆਂ ਤੇ ਪਰਦਾ ਪਾਉਂਦੀ ਹੈ ਤੇ ਸਿਰ ਉਚਾ ਕਰਕੇ ਆਪਦੀਆਂ ਗਲਤੀਆਂ ਦੀ ਮੁਆਫੀਆਂ ਨਹੀਂ ਮੰਗ ਸਕਦੀ, ਉਹ ਕੌਮ ਤਰੱਕੀ ਤੇ ਨਹੀਂ ਜਾ ਸਕਦੀ ਕਿਉਂਕਿ ਜਿਨਾਂ ਚਿਰ ਊਣਤਾਈਆਂ ਦੇ ਰੋੜੇ ਹਟਾਏ ਨਾ ਜਾਣ ਤੇ ਅਗੇ ਵਧ ਨਹੀਂ ਸਕਾਂਗਾ ਇਹ ਭੀ ਨਾ ਮੰਨਿਆ ਜਾਵੇ ਕਿ ਸਾਡੇ ਪਰਚਾਰਕ ਬੁਧੀਵਾਨ ਹੋਣ ਜੋ ਸਾਡੀ ਪਨੀਰੀ ਤੇ ਬਾਹਰਲੇ ਲੋਕਾਂ ਨੂੰ ਸਿਖ ਸਿਧਾਂਤ ਦੱਸਕੇ ਕੀਲ ਕਰ ਸਕਣ, ਨਾ ਕਿ ਤੋਤੇ ਵਾਂਗ ਰੱਟ ਲੱਗੀ ਵਾਂਗ ਮੋੜ ਮੋੜ ਇਕ ਗੱਲ ਹੀ ਕਰੀ ਜਾਣ, ਜਿਸ ਨਾਲ ਪਰਭਾਵਤ ਤਾਂ ਕੀ ਹੋਣਾ ਸੀ ਪਰ ਨੌਜੁਆਨ ਬੱਚਿਆਂ ਨੂੰ ਰੜ ਰੜ ਨਾਲ ਨਫਰਤ ਹੋ ਜਾਵੇ ਤੇ ਉਨ੍ਹਾਂ ਦੇ ਗੁਰਦੁਆਰੇ ਜਾਣ ਤੋਂ ਮੂੰਹ ਮੁੜ ਜਾਣ, ਸਿਖ ਧਰਮ ਦਾ ਪਰਚਾਰ ਨਹੀਂ ਹੋ ਸਕਦਾ। ਜਿਨਾ ਚਿਰ ਪਰਚਾਰਕ ਨੂੰ ਆਪਦੇ ਤੇ ਦੂਸਰੇ ਧਰਮਾਂ ਦਾ ਪੂਰਾ ਗਿਆਨ ਨਹੀਂ। ਝਾਤ ਮਾਰੋ ਕਿ ਸ਼ਾਡੇ ਕਿੰਨੇ ਕੁ ਪਰਚਾਰਕ ਸਮਕਾਲੀ ਵੇਦਾਂਤਾਂ ਤੇ ਧਾਰਮਕ ਸਿਧਾਂਤਾਂ ਤੋਂ ਜਾਣੂ ਹਨ ? ਉਂਗਲਾਂ ਤੇ ਗਿਣ ਸਕਦੇ ਹਾਂ। ਕਿੰਨੇ ਕੁ ਗੁਰਮਤ ਪਰਚਾਰ ਨੂੰ ਦਿਲਚਸਪ ਬਣਾ ਕੇ ਦਸਦੇ ਹਨ ਕਿ ਸਰੋਤੇ ਪਰਭਾਵਤ ਹੋ ਜਾਣਾ। ਸਿਰਫ ਦੋ ਚਾਰ ਹੀ ਹਨ। ਜਿਨਾ ਚਿਰ ਪਰਚਾਰਕ ਆਪ ਸਿਧਾਂਤਾਂ ਤੋਂ ਪਰਭਾਵਤ ਨਹੀਂ ਉਹ ਕਿਸੇ ਨੂੰ ਭੀ ਸਿਖਿਆ ਨਹੀਂ ਦੇ ਸਕਦਾ। ਰੀਸੋ ਰੀਸ ਕਈ ਲੋਕ ਅਮ੍ਰਿਤ ਸ਼ੱਕ ਲੈਂਦੇ ਹਨ ਪਰ ਅੰਦਰੂਨੀ ਤੌਰ ਤੇ ਬਹੁਤ ਲੋਕਾਂ ਨੂੰ ਇਸਦੀ ਅਹਿਮੀਅਤ ਦਾ ਪਤਾ ਨਹੀਂ। ਇਸੇ ਕਰਕੇ ਕਈਆਂ ਦੇ ਸ਼ਰਾਬ ਪੀਕੇ ਗਾਤਰੇ ਗੁਆਚਣ ਦੀਆਂ ਕਹਾਣੀਆਂ ਆਮ ਸੁਣੀਆਂ ਹਨ। ਜਦ ਮੈਂ ਇਸ ਗੱਲ ਦੀ ਨਿੰਦਿਆ ਕਰਦਾ ਹਾਂ ਮੈਂ ਸਾਰੇ ਸਿੱਖਾਂ ਨੂੰ ਇਕੋ ਰੱਸੇ ਨਹੀਂ ਖਿਚਦਾ ਤੇ ਨਾ ਹੀ ਸਾਰੇ ਪਰਚਾਰਕਾਂ ਨੂੰ ਨਿੰਦਦਾ ਹਾਂ ਕਿਉਂਕਿ ਸਾਡੇ ਵਿਚ ਚੋਟੀ ਦੇ ਪਰਚਾਰਕ ਤੇ ਉਤਮ ਸਿਖ ਹਨ ਪਰ ਮੈਂ ਕੁਝ ਉਨ੍ਹਾਂ ਸਿੱਖਾਂ ਤੇ ਕਿੰਤੂ ਕਰਦਾ ਹਾਂ ਤੇ ਉਨ੍ਹਾਂ ਪਰਚਾਰਕਾਂ ਦੀ ਭੰਡੀ ਕਰਨਾ ਮੰਗਦਾ ਹਾਂ ਜਿਨ੍ਹਾਂ ਨੇ ਸਿੱਖ ਕੌਮ ਦੀ ਹੇਠੀ ਕੀਤੀ ਹੈ। ਇਹੋ ਜਿਹੇ ਥੋੜੇ ਜਿਹੇ ਲੋਕਾਂ ਨੂੰ ਪਹਿਚਾਨਣਾ ਸਿੱਖ ਕੌਮ ਦਾ ਫਰਜ਼ ਹੈ ਨਹੀਂ ਇਹ ਸਾਰਿਆਂ ਨੂੰ ਨਾਲ ਹੀ ਡੋਬਣਗੇ। ਸਿੱਖ ਧਰਮ ਨਾਲ . ਚਲ ਇਸੇ ਕਰਕੇ ਹੀ ਰਿਹਾ ਹੈ ਕਿ ਬਹੁ-ਗਿਣਤੀ ਲੋਕਾਂ ਨੂੰ ਇਨ੍ਹਾਂ ਸਿਧਾਂਤਾਂ ਨਾਲ ਪਿਆਰ ਹੈ ਤੇ ਗੁਰੂ ਗਰੰਥ ਸਾਹਿਬ ਦਾ ਬਾਣੀ ਦਾ ਬਹੁਤ ਹੀ ਸਤਿਕਾਰ ਹੈ। ਝੁਲੜਾਂ ਵਿਚ ਦੀ ਗੁਜ਼ਰਕੇ ਫਿਰ ਭੀ ਜਿਉਂਦੇ ਰਹਿਣਾ, ਇਕ ਜ਼ਬਰਦਸਤ ਸਿਧਾਂਤ ਦਾ ਸੰਕੇਤ ਹੈ ਜਿਸਨੇ ਮਨੁਖਵਾਦ ਤੇ ਇਨਸਾਨੀਅਤ ਦੇ ਅਸੂਲਾਂ ਨੂੰ ਚੋਟੀ ਤੇ ਚੁਣਿਆ ਹੈ।

ਚਰਨਪਾਲ ਗਿੱਲ

ਬੜਾ ਦਿਲ ਕਰਦਾ ਹੈ

ਬੜਾ ਦਿਲ ਕਰਦਾ ਹੈ
ਕਿ ਜ਼ਿੰਦਗੀ ਫੁੱਲਾਂ ਬਾਰੇ ਕੀਤੀ
ਬਹਿਸ ਵਰਗੀ ਹੋਵੇ
ਨਦੀ ਦੇ ਤੱਟ ਤੇ ਤੈਰ ਰਹੀ
ਕਿਸ਼ਤੀ ਵਾਂਗ ਹੋਵੇ
ਜਾਂ ਸਵੇਰ ਸਾਰ ਨਵੇਂ ਉਗੇ
ਗੁਲਾਬ ਵਰਗੀ...
ਬੜਾ ਦਿਲ ਕਰਦਾ ਹੈ
ਕਿ ਜ਼ਿੰਦਗੀ ਥੱਕੀ ਹਾਰੀ ਸ਼ਾਮ ਦੀ ਥਾਂ
ਸਵੇਰ ਵਰਗੀ ਹੋਵੇ
ਕਿਸੇ ਨਵ-ਵਿਆਹੁਤਾ ਔਰਤ ਦੀ
ਪਹਿਲੀ ਮੁਸਕਾਨ ਵਰਗੀ ਹੋਵੇ
ਪਹਾੜੀ ਚਸ਼ਮੇ ਦੀ ਆਬਸ਼ਾਰ ਵਰਗੀ ਹੋਵੇ
ਜਾਂ ਕਿਸੇ ਫਿਰੋਜ਼ੀ ਬੁੱਲ੍ਹਾਂ ਤੇ ਖਿੜੀ
ਬਹਾਰ ਵਰਗੀ ਹੋਵੇ...
ਬੜਾ ਦਿਲ ਕਰਦਾ ਹੈ
ਕਿ ਜ਼ਿੰਦਗੀ ਕਿਸੇ ਸੁੰਦਰ ਝੀਲ ਜਾਂ
ਪਹਾੜ ਵਰਗੀ ਹੋਵੇ
ਜਾਂ ਫਿਰ ਨੀਲੇ ਅਕਾਸ਼ ਤੇ
ਤਾਰਿਆਂ ਜੜ੍ਹੀ ਰਾਤ ਵਰਗੀ...
ਬੜਾ ਦਿਲ ਕਰਦਾ ਹੈ
ਕਿ ਜ਼ਿੰਦਗੀ ਮੁਹੱਬਤ ਦੇ ਪਹਿਲੇ
ਗੀਤ ਵਰਗੀ ਹੋਵੇ
ਕਿਸੇ ਸੰਨਿਆਸੀ ਦੀ ਦਿੱਤੀ ਦੁਆ ਵਰਗੀ
ਜਾਂ ਫਿਰ ਅੱਖਾਂ 'ਚ ਮਚਲਦੇ ਚਾਅ ਵਰਗੀ ਹੋਵੇ
ਬੜਾ ਦਿਲ ਕਰਦਾ ਹੈ...
ਕਿ ਜ਼ਿੰਦਗੀ
ਕਿਸੇ ਰਮਤੇ ਦੇ ਪੈਰਾਂ ਦੇ ਵਹਾਅ
ਵਰਗੀ ਹੋਵੇ।

-ਅਜੀਤ ਸਿੰਘ ਚੰਦਨ

ਭੁੱਲੇ ਵਿਸਰੇ ਕਵੀ ——

ਹਸ਼ਮਤ ਸ਼ਾਹ ਚਿਸ਼ਤੀ

ਹਰਬੰਸ ਕੈਂਥ

ਧਾਰਮਕ ਤੇ ਸਮਾਜਕ ਕਾਵਿ-ਨਾਟਕਾਂ ਦੇ ਰਚਣਹਾਰੇ ਹਸ਼ਮਤ ਸ਼ਾਹ ਚਿਸ਼ਤੀ ਨੂੰ ਪੰਜਾਬੀ ਸਾਹਿਤ ਪ੍ਰੇਮੀ ਬਿਲਕੁਲ ਭੁੱਲ ਚੁੱਕੇ ਹਨ। ਉਸ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਜ਼ਿਕਰ ਤਕ ਨਹੀਂ ਕੀਤਾ ਗਿਆ। ਜਿਥੇ ਉਸ ਨੇ ਪੰਜਾਬੀ ਸਾਹਿਤ ਨੂੰ 70-75 ਕਾਵਿ-ਨਾਟਕ ਦਿਤੇ ਹਨ, ਉਥੇ ਉਹ ਕਵਾਲੀਆਂ, ਕਾਫੀਆਂ, ਗਜ਼ਲਾਂ, ਗੀਤ ਤੇ ਬਹੁਤ ਸਾਰੇ ਸ਼ਿਅਰ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਉਹਦੇ ਲਿਖੇ ਹੋਏ ਗੀਤ ਤਾਂ ਲੋਕ ਗੀਤਾਂ ਦਾ ਖਿਤਾਬ ਪਾ ਗਏ ਪਰ ਉਸ ਦਾ ਨਾਮ ਕਿਸੇ ਨੂੰ ਯਾਦ ਨਹੀਂ। ਉਸ ਦੇ ਲਿਖੇ ਗੀਤਾਂ ਨੂੰ ਸਵਰਗੀ ਗਾਇਕਾਂ ਨੂਰਾਂ ਨੇ ਅਨੇਕਾਂ ਵਾਰ ਰੇਡੀਓ ਸਟੇਸ਼ਨ ਤੋਂ ਗਾਇਆ ਹੈ। ਪਿਛੇ ਜਿਹੇ ਇਕ ਗੀਤ ਹੰਸ ਰਾਜ 'ਹੰਸ' ਨੇ ਵੀ ਐਚ. ਐਮ. ਵੀ. ਰਿਕਾਰਡਿੰਗ ਕੰਪਨੀ ਤੋਂ ਰਿਕਾਰਡ ਕਰਵਾਇਆ ਹੈ।

ਹਸ਼ਮਤ ਸ਼ਾਹ ਚਿਸ਼ਤੀ ਦੀਆਂ ਰਚਨਾਵਾਂ ਪੰਜਾਬੀ ਸਭਿਆਚਾਰ ਦਾ ਅਟੁੱਟ ਅੰਗ ਬਣ ਚੁੱਕੀਆਂ ਹਨ। ਉਸ ਦੇ ਲਿਖੇ ਕਾਵਿ-ਨਾਟਕ ਪੰਜਾਬ ਦੇ ਹਰ ਪਿੰਡ ਤੇ ਹਰ ਕਸਬੇ ਵਿਚ ਹਜ਼ਾਰਾਂ ਵਾਰ ਖੇਡੇ ਜਾ ਚੁੱਕੇ ਹਨ ਤੇ ਅੱਜ ਵੀ ਖੇਡੇ ਜਾ ਰਹੇ ਹਨ। ਪੰਜਾਬ ਦੀ ਕੋਈ ਵੀ ਰਾਸ ਮੰਡਲੀ, ਨਕਲੀਏ ਤੇ ਧਾਰਮਕ ਡਰਾਮਾ ਕਲੱਬਾਂ 'ਚੋਂ ਕੋਈ ਅਜਿਹਾ ਨਹੀਂ ਜਿਸ ਨੇ ਹਸ਼ਮਤ ਸ਼ਾਹ ਦਾ ਲਿਖਿਆ ਡਰਾਮਾ ਨਾ ਖੇਡਿਆ ਹੋਵੇ। ਉਸ ਦੇ ਲਿਖੇ ਡਰਾਮੇ ਹਿੰਦੀ ਵਿਚ ਅਨੁਵਾਦ ਹੋ ਕੇ ਪੰਜਾਬ ਦੇ ਨਾਲ ਲਗਦੇ ਸੂਬਿਆਂ ਵਿਚ ਜਾ ਚੁੱਕੇ ਹਨ।

ਹਸ਼ਮਤ ਸ਼ਾਹ ਚਿਸ਼ਤੀ ਦਾ ਜਨਮ ਇਸ ਸਦੀ ਦੇ ਪਹਿਲੇ ਦਹਾਕੇ ਪਿੰਡ ਇੰਦਨਾ ਕਲਾਸਕੇ ਤਹਿਸੀਲ ਫਲੌਰ ਜ਼ਿਲਾ ਜਲੰਧਰ ਵਿਚ ਹੋਇਆ। ਉਸਦੇ ਪਿਤਾ ਦਾ ਨਾਂ ਦਰੇੜੇ ਸ਼ਾਹ ਮਾਤਾ ਦਾ ਨਾਂ ਮੀਰੋ, ਵੱਡੇ ਭਰਾ ਦਾ ਨਾਂ ਬਰਕਤ ਅਲੀ ਤੇ ਚਾਚੇ ਦਾ ਨਾਂ ਜਮਾਤ ਸ਼ਾਹ ਅਲੀ ਸੀ। ਆਪ ਜਾਤ ਦੇ ਮੁਸਲਮਾਨ ਫਕੀਰ ਸਨ। ਹਸ਼ਮਤ ਸ਼ਾਹ ਚਿਸ਼ਤੀ ਦਾ ਪਹਿਲਾ ਨਾਮ ਅਲੀ ਮੁਹੰਮਦ ਸੀ।

ਹਸ਼ਮਤ ਸ਼ਾਹ ਚਿਸ਼ਤੀ ਨੇ ਪੰਜਵੀਂ ਤਕ ਵਿਦਿਆ ਮੁਨਸ਼ੀ ਮੌਲਾ ਬਖਸ਼ ਲਾਦੀਆਂ ਵਾਲੇ ਤੋਂ ਦੋਸਾਂਝ ਕਲਾਂ ਵਿਖੇ ਪ੍ਰਾਪਤ ਕੀਤੀ। ਬਾਅਦ ਵਿਚ ਦਰਜੀ ਦਾ ਕੰਮ ਸਿਖਣ ਲੱਗ ਪਏ। 17-18 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਕਸਬਾ ਅੱਪਰਾ (ਜਲੰਧਰ) ਵਿਖੇ ਹੋਇਆ। ਵਿਆਹ ਤੋਂ ਥੋੜ੍ਹਾ ਚਿਰ ਬਾਅਦ ਇੰਦਨਾ ਕਲਾਸਕੇ ਰਹੇ ਤੇ ਫਿਰ 1947 ਤਕ ਅੱਪਰਾ ਵਿਖੇ ਹੀ ਰਹੇ। ਉਨ੍ਹਾਂ ਆਪਣਾ ਬਹੁਤਾ ਸਮਾਂ ਦੁਆਬੇ ਦੇ ਮਸ਼ਹੂਰ ਨਕਲੀਏ ਰਹਿਮਾ ਤੇ ਘਮਨਾ, ਚੱਕ ਰਾਮੂ (ਜਲੰਧਰ) ਵਾਲਿਆਂ ਨਾਲ ਹੀ ਗੁਜ਼ਾਰਿਆ। ਹਸ਼ਮਤ ਸ਼ਾਹ ਚਿਸ਼ਤੀ ਦੀ ਮੌਤ ਦਸ ਸਾਲ ਪਹਿਲਾਂ ਪਾਕਿਸਤਾਨ ਵਿਖੇ ਹੋਈ।

ਹਸ਼ਮਤ ਸ਼ਾਹ ਚਿਸ਼ਤੀ ਨੇ ਵੀਹ ਸਾਲ ਦੀ ਉਮਰ ਵਿਚ ਲਿਖਣਾ ਸ਼ੁਰੂ ਕੀਤਾ ਪਹਿਲਾਂ ਕਾਫੀਆਂ ਤੇ ਕਵਾਲੀਆਂ ਲਿਖਦੇ ਸਨ ਤੇ ਫਿਰ ਕਾਵਿ ਨਾਟਕ 'ਹੀਰ ਰਾਂਝਾ ਲਿਖਿਆ ਜੋ ਲੋਕਾਂ ਵਲੋਂ ਬਹੁਤ ਪਸੰਦ ਕੀਤਾ ਗਿਆ। ਫਿਰ ਨਕਲੀਆਂ ਤੇ ਰਾਸਧਾਰੀਆਂ ਦੇ ਮੰਗ ਕਰਨ 'ਤੇ ਸੱਤ ਆਸ਼ਕਾਂ ਤੇ ਬਹੁਤ ਸਾਰੇ ਰਾਜਿਆਂ, ਭਗਤਾਂ ਤੇ ਸੂਰਮਿਆਂ 'ਤੇ ਨਾਟਕ ਲਿਖ ਦਿਤੇ ਜਿਨ੍ਹਾਂ ਦੀ ਗਿਣਤੀ ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਸਿਲਵਰ ਜੁਬਲੀ ਸਮਾਰੋਹ ਸਮੇਂ ਪੜ੍ਹੇ ਗਏ ਪੇਪਰ ਪਾਕਿਸਤਾਨੀ ਪੰਜਾਬੀ ਦੀ ਪੰਜਾਬੀ ਸਾਹਿਤ ਨੂੰ ਦੇਣ ਵਿਚ ਡਰਾਮਿਆਂ ਦੀ ਗਿਣਤੀ 70-75 ਦੱਸੀ ਗਈ ਹੈ। ਹਸ਼ਮਤ ਸ਼ਾਹ ਚਿਸ਼ਤੀ ਦੇ ਲਿਖੇ ਕਾਵਿ ਨਾਟਕ ਭਾਵੇਂ 32 ਜਾਂ 36 ਸਫੇ ਦੇ ਕਿੱਸਿਆਂ ਦੇ ਅਕਾਰ ਵਿਚ ਹਨ ਪਰ ਸਾਰੇ ਆਸ਼ਕਾਂ, ਭਗਤਾਂ, ਰਾਜਿਆਂ ਤੇ ਸੂਰਮਿਆਂ ਦੀ ਪੂਰੀ ਪੂਰੀ ਜੀਵਨੀ 'ਤੇ ਅਧਾਰਤ ਹਨ। ਹਰ ਕਾਵਿ ਨਾਟਕ ਕਾਗੜਾ, ਜੋਗ, ਕਾਨੜੀ, ਜੋਗਨੀ, ਭੀਮ ਮਰੰਗ, ਪਹਾੜੀ, ਲਹਿੰਦਾ, ਭੈਰਵੀ, ਤਿਲੰਗ, ਕਲੰਗੜਾ ਆਦਿ ਰਾਗਾਂ ਰਾਗਨੀਆਂ ਵਿਚ ਲਿਖੇ ਹਨ।

ਹਸ਼ਮਤ ਸ਼ਾਹ ਚਿਸ਼ਤੀ ਦੇ ਲਿਖੇ ਕਾਵਿ ਨਾਟਕ ਸੋਹਣੀ ਦਾ ਘੜਾ, ਸੋਹਣੀ ਮਹੀਂਵਾਲ, ਹੀਰ ਰਾਂਝਾ, ਲੈਲਾ ਮਜਨੂੰ, ਸ਼ੀਰੀਂ ਫਰਿਆਦ, ਕੀਮਾ ਮਲਕੀ, ਸੱਸੀ ਪੁੰਨੂੰ, ਮਿਰਜਾ ਸਾਹਿਬਾਂ, ਪੂਰਨ ਭਗਤ, ਰਾਜਾ ਹਰੀ ਚੰਦ, ਰਾਜਾ ਭਰਥਰੀ, ਰਾਜਾ ਗੋਪੀ ਚੰਦ, ਜੈਮਲ ਫੱਤਾ, ਰਾਜਾ ਰਸਾਲੂ, ਗੁਗਾ ਚੌਹਾਨ, ਪ੍ਰਹਲਾਦ ਭਗਤ, ਮੋਹਣਾ ਜੈਨੀ ਤੇ ਹੋਰ ਬਹੁਤ ਸਾਰੇ ਪ੍ਰਕਾਸ਼ਕਾਂ ਕੋਲ ਮੌਜੂਦ ਹਨ।

ਅਬਦੁਲ ਮਜ਼ੀਦ ਪਿੰਡ ਕਰਿਆਮ(ਜਲੰਧਰ) ਇਨ੍ਹਾਂ ਦੇ ਸ਼ਗਿਰਦ ਸਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਸੋਹਣਾ ਜੈਨੀ ਤੇ ਕੀਮਾ ਮਲਕੀ ਪ੍ਰਸਿੱਧ ਡਰਾਮੇ ਦਿਤੇ ਹਨ। ਪੰਜਾਬੀ ਦੇ ਪ੍ਰਸਿੱਧ ਸ਼ਾਇਦਰ ਚਾਨਣ ਗੋਬਿੰਦਪੁਰੀ ਵੀ ਉਨ੍ਹਾਂ ਦੇ ਸ਼ਗਿਰਦ ਹਨ।

ਬੀ. ਸੀ. ਸੰਘਰਸ਼ ਸੰਮਤੀ ਦੀ ਪੰਜਵੀਂ ਵਰ੍ਹੇ ਗੰਢ ਤੇ ਭਾਰੀ ਕਾਨਫਰੰਸ

ਨਵੰਬਰ 22,23 ਅਤੇ 24 ਨੂੰ ਬੀ. ਸੀ. ਸੰਘਰਸ਼ ਸੰਮਤੀ ਨੇ ਪੰਜਵੀਂ ਵਰ੍ਹੇ ਗੰਢ ਮਨਾਈ। ਇਸ ਦਾ ਕੇਂਦਰੀ ਵਿ ਸ਼ਾ ਨਸਲਵਾਦ ਬਾਰੇ ਜਮਾਂਵੰਦੀ ਕਰਨੀ ਸੀ। ਭਾਵ ਇਹ ਕਿ ਪਿਛਲੇ ਸਾਲਾਂ ਵਿਚ ਇਸ ਨੇ ਕੀ ਸਫਲਤਾ ਕੀਤੀ ਅਤੇ ਇਸ ਦਾ ਅਨੁਮਾਨ ਲਾਉਣਾ ਸੀ ਕਿ ਅੱਗੇ ਕੀ ਕੁਝ ਕਰਨ ਵਾਲਾ ਰਹਿੰਦਾ ਹੈ। ਇਸ ਕਾਨਫਰੰਸ ਦਾ ਉਦਘਾਟਨ ਪ੍ਰਧਾਨ ਚਰਨਪਾਲ ਨੇ ਕੀਤਾ। ਉਹਨਾਂ ਨੇ ਦੱਸਿਆ ਕਿ ਪੰਜਾਂ ਸਾਲਾਂ ਦੀ ਜਦੋ ਜਹਿਦ ਵਿਚ ਅਸੀਂ ਕਈ ਜਿੱਤਾਂ ਪ੍ਰਾਪਤ ਕੀਤੀਆਂ। ਪਹਿਲੀ ਇਹ ਕਿ ਕੂ ਕਲੱਕਸ ਕਲੈਨ ਨੂੰ ਭਾਜੜਾਂ ਪਾਈਆਂ ਅਤੇ ਉਹਨਾਂ ਨੂੰ ਵੈਨਕੂਵਰ ਵਿਚ ਦਫਤਰ ਖੋਲ੍ਹਣ ਵਿਚ ਨਾਕਾਮਯਾਬ ਕੀਤਾ। ਇਸਦੇ ਨਾਲ ਹੀ ਸੋਕਰਿਡ ਸਰਕਾਰ ਉਤੇ ਜ਼ੋਰ ਪਾਇਆ ਜਿਸਦੇ ਸਿੱਟੇ ਵਜੋਂ ਸਰਕਾਰ ਨੇ ਇਕ-ਪੁਰਸ਼ ਕਮਿਸ਼ਨ, ਕੂ ਕਲੱਕਸ ਕਲੈਨ ਦੀ ਪੜਚੋਲ ਕਰਨ ਲਈ ਬਿਠਾਇਆ। ਇਸ ਦਾ ਨਤੀਜਾ ਇਹ ਹੋਇਆ ਕਿ ਬੀ. ਸੀ. ਸਰਕਾਰ ਨੇ ਸਿਵਲ ਰਾਈਟਸ ਪਰੋਟੈਕਸ਼ਨ ਐਕਟ ਪਾਸ ਕੀਤਾ। ਇਹ ਬੀ. ਸੀ. ਸੰਘਰਸ਼ ਸੰਮਤੀ ਦੇ ਅਣਥੱਕ ਘੋਲ ਦਾ ਹੀ ਸਿੱਟਾ ਸੀ। ਬਹੁਤ ਸਾਰੇ ਵਰਕਰਾਂ ਦੇ ਇਕੱਠੇ ਹੋ ਕੇ ਬੀੜਾ ਚੁਕਿਆ ਅਤੇ ਕੋਈ ਵੀਹ ਹਜ਼ਾਰ ਤੋਂ ਵੀ ਉਪਰ ਦਸਖਤ ਇਕੱਠੇ ਕੀਤੇ ਕਿ ਇਹੋ ਜਿਹੀ ਜਾਲਮਾਨਾ ਅਤੇ ਹਤਿਆਰੀ ਜਥੇਬੰਦੀ ਨੂੰ ਬੀ. ਸੀ. ਵਿਚ ਅੱਡਾ ਜਮਾਉਣ ਦਾ ਕੋਈ ਹੱਕ ਨਹੀਂ। ਇਸ ਮੁਹਿੰਮ ਨਾਲ ਲੋਕਾਂ ਦੇ ਹੌਂਸਲੇ ਬੁਲੰਦ ਹੋਏ ਅਤੇ ਆਪਣੇ ਭੈਣਾਂ, ਭਰਾਵਾਂ ਉਤੇ ਜੋ ਹਮਲੇ ਹੁੰਦੇ ਸਨ ਉਹ ਬੰਦ ਹੋਏ। ਚਰਨਪਾਲ ਗਿੱਲ ਨੇ ਕਿਹਾ ਅਸੀਂ ਉਮੀਦ ਕਰਦੇ ਹਾਂ ਕਿ ਅਗਲੇ ਦੋ ਦਿਨ ਚਲ ਰਹੀ ਕਾਨਫਰੰਸ ਵਿਚ ਅਸੀਂ ਇਕ ਦੂਜੇ ਤੋਂ ਕਾਫੀ ਕੁਝ ਸਿਖਾਂਗੇ ਅਤੇ ਆਪਣੀਆਂ ਖਾਮੀਆਂ ਨੂੰ ਦੂਰ ਕਰਕੇ ਤਾਕਤ ਨਾਲ ਨਸਲਵਾਦ ਦਾ ਸਾਹਮਣਾ ਕਰਨ ਵਿਚ ਇਸ ਜਦੋ ਜਹਿਦ ਨੂੰ ਹੋਰ ਵੀ ਤਿਖਾ ਕਰਾਂਗੇ।

ਇਸ ਕਾਨਫਰੰਸ ਵਿਚ ਸਭ ਤੋਂ ਵੱਧ ਪ੍ਰਸੰਸਾ ਯੋਗ ਗੱਲ ਇਹ ਸੀ ਕਿ ਹਰ ਘੱਟ ਗਿਣਤੀ ਵਾਲੀ ਕਮਿਊਨਿਟੀ ਦੇ ਲੀਡਰ ਇਸ ਵਿਚ ਸ਼ਾਮਲ ਸਨ। ਇਹ ਪਹਿਲੀ ਵਾਰੀ ਹੀ ਹੈ ਕਿ ਆਦਿ ਵਾਸੀ, ਜਪਾਨੀ, ਚੀਨੇ, ਪਾਕਿਸਤਾਨੀ, ਵੱਖਰੇ ਵੱਖਰੇ ਧਰਮਾਂ ਅਤੇ ਸਥਾਨਕ ਕਮਿਊਨਿਟੀ ਵਿਚੋਂ ਉਚ ਕਿਤਿਆਂ ਵਾਲੇ ਬੁਲਾਰੇ ਇਸ ਕਾਨਫਰੰਸ ਵਿਚ ਸ਼ਾਮਲ ਹੋਏ।

ਰੌਨ ਜਾਰਜ, ਪ੍ਰਧਾਨ ਯੂਨਾਈਟਿਡ ਨੇਟਿਵ ਨੇਸ਼ਨਜ਼ ਨੇ ਆਦਿਵਾਸੀਆਂ ਤੇ ਸਦੀਆਂ ਤੋਂ ਹੋ ਰਹੇ ਅਤਿਆਚਾਰ, ਵਿਤਕਰੇ ਅਤੇ ਬੇਇਨਸਾਫੀਆਂ ਤੇ ਚਾਨਣ ਪਾਇਆ ਅਤੇ ਦੱਸਿਆ ਕਿ ਅੱਜ ਭੀ ਲਾਇਲ ਆਈਲੈਂਡ ਤੇ ਉਹਨਾਂ ਨਾਲ ਧੱਕਾ ਸ਼ਾਹੀ ਹੋ ਰਹੀ ਹੈ। ਬੀ. ਸੀ. ਦੀ ਸਰਕਾਰ ਅਜ ਵੀ ਉਹਨਾਂ ਦੇ ਜਮਾਂਦਰੂ ਹੱਕਾਂ ਬਾਰੇ ਗਲਬਾਤ ਕਰਨ ਲਈ ਤਿਆਰ ਨਹੀਂ। ਏਸੇ ਤਰ੍ਹਾਂ ਹੀ ਜਪਾਨ-ਕੈਨੇਡਾ ਐਸੋਸੀਏਸ਼ਨ ਦੇ ਬੁਲਾਰੇ ਡਾਕਟਰ ਰਾਇ ਮਿਕੀ ਨੇ ਦੂਜੇ ਸੰਸਾਰ ਯੁੱਧ ਵੇਲੇ ਕੈਨੇਡਾ ਵਾਸੀ ਜਪਾਨੀਆਂ ਨਾਲ ਧੱਕੇ ਸ਼ਾਹੀਆਂ ਤੇ ਜ਼ੁਲਮ ਦੇ ਪਾੜ ਖੋਲ੍ਹਿਆ। ਉਹਨਾ ਦੱਸਿਆ ਕਿ ਜਪਾਨੀਆਂ ਦੀਆਂ ਜਾਇਦਾਦਾਂ, ਘਰ ਅਤੇ ਸਮਾਨ ਗੈਰ-ਕਾਨੂੰਨੀ ਢੰਗ ਨਾਲ ਖੋਹ ਲਿਆ ਗਿਆ ਅਤੇ ਉਹਨਾਂ ਨੂੰ ਬੇਘਰ ਕਰ ਦਿਤਾ ਗਿਆ। ਅੱਜ ਤੱਕ ਇਸ ਦਾ ਮੁਆਵਜ਼ਾ ਉਹਨਾਂ ਨੂੰ ਨਹੀਂ ਮਿਲਿਆ। ਬਲਕਿ ਜਦੋਂ ਵੀ ਕੈਨੇਡੀਅਨ ਜਪਾਨੀਆਂ ਨੇ ਇਕੱਠੇ ਹੋ ਕੇ ਅਵਾਜ਼ ਉਠਾਈ ਤਾਂ ਬਿਜਾਏ ਇਹਨਾਂ ਦੀ ਜਥੇਬੰਦੀ ਨਾਲ ਗੱਲ ਕਰਨ ਦੇ ਕੈਨੇਡਾ ਸਰਕਾਰ ਨੇ ਜਪਾਨੀਆਂ ਨੂੰ ਪਾੜਨ ਦੀ ਕੋਸ਼ਿਸ਼ ਕੀਤੀ। ਅਜ ਭੀ ਇਹ ਸਰਕਾਰ ਚਾਲਾਂ ਖੇਡ ਰਹੀ ਹੈ। ਤੀਜੇ ਬੁਲਾਰੇ ਟੋਨੀ ਟਾਉ ਜੋ ਕਿ ਚਾਈਨੀਜ਼ ਬਿਨੇਵਲੈਂਟ ਐਸੋ: ਵਲੋਂ ਆਏ ਸਨ, ਨੇ ਕਿਹਾ ਕਿ ਕੈਨੇਡਾ ਗੌਰਮਿੰਟ ਨੇ ਚੀਨਿਆਂ ਤੇ ਹੈਡ ਟੈਕਸ ਲਾਏ ਅਤੇ 1950 ਵਿਚ ਇਹਨਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ। ਉਹਨਾਂ ਦੱਸਿਆ ਕਿ ਅੱਜ ਤੱਕ ਭੀ ਚੀਨਿਆਂ ਨਾਲ ਵਿਤਕਰਾ ਹੋ ਰਿਹਾ ਹੈ। ਜੋ ਰੇਲ ਦੀ ਪਟੜੀ ਬਣਾਉਣ ਵਿਚ ਇਹਨਾਂ ਕੁਰਬਾਨੀਆਂ ਕੀਤੀਆਂ ਉਸ ਉਤੇ ਭੀ ਚਾਨਣਾਂ ਪਾਇਆ। ਉਹਨਾਂ ਦੱਸਿਆ ਕਿ ਕੈਨੇਡੀਅਨ ਚੀਨਿਆਂ ਨੂੰ ਇਥੋਂ ਦੇ ਵਸ਼ਿੰਦੇ ਨਹੀਂ ਸਮਝਿਆ ਜਾਂਦਾ। ਬੀ. ਸੀ. ਟੀ. ਵੀ. ਨੇ ਕੈਂਪਸ ਗਿਵ-ਅਵੇ ਦੇ ਨਾਂ ਥੱਲੇ ਚੀਨਿਆਂ ਦੇ ਬਰਖਲਾਫ ਬਹੁਤ ਹੀ ਭੜਕਾਊ ਤੇ ਨਸਲੀ ਪਰਚਾਰ ਕੀਤਾ। ਕੈਨੇਡਾ ਦੇ ਜੰਮੇ ਪਲੇ ਚੀਨਿਆਂ ਨੂੰ ਭੀ ਪ੍ਰਦੇਸੀ ਕਰਾਰ ਦਿਤਾ ਗਿਆ। ਪੂਨਮ ਖੋਸਲਾ, ਇੰਡੀਆ ਮਹਿਲਾ ਐਸੋ: ਦੇ ਪ੍ਰਤੀਨਿਧ ਦੇ ਔਰਤਾਂ ਦੀਆਂ ਮੁਸ਼ਕਲਾਂ ਤੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਔਰਤਾਂ ਨੂੰ ਇਸ ਕਮਿਊਨਿਟੀ ਵਿਚ ਮਰਦਾਂ ਨਾਲੋਂ ਵੀ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ। ਅੰਗਰੇਜ਼ੀ ਨਾ ਆਉਣ ਦੇ ਨਾਤੇ ਅਤੇ ਇਥੋਂ ਦੇ ਨਵੇਂ ਵਾਤਾਵਰਣ ਕਰਕੇ ਬਾਹਰਲੀਆਂ ਕਮਿਊਨਿਟੀਆਂ ਤੇ ਹੋਰ ਸਮਾਜਿਕ ਪੱਖਾਂ ਤੋਂ ਔਰਤਾਂ ਵਾਂਝੀਆਂ ਰਹਿ ਜਾਂਦੀਆਂ ਹਨ ਅਤੇ ਇਸ ਦੇ ਸਿੱਟੇ ਵਜੋਂ ਉਹਨਾਂ ਨੂੰ ਸਮਾਜਕ ਤੌਰ ਤੇ ਇਕੱਲੇਪਨ ਵਿਚ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ।

ਦੂਸਰੇ ਦਿਨ ਦੀ ਪੈਨਲ ਵਿਚ ਅਜ਼ੀਜ਼ ਖਾਕੀ, ਐਡ ਮੇਅ ਅਤੇ ਹੇਅਨ ਵਾਈ ਨੇ ਭਾਗ ਲਿਆ। ਅਜ਼ੀਜ਼ ਖਾਕੀ ਨੇ ਘੱਟ ਗਿਣਤੀ ਦੀਆਂ ਕਮਿਊਨਿਟੀਆਂ ਤੇ ਰੰਗਦਾਰ ਲੋਕਾਂ ਨੂੰ ਬਿਜਾਏ ਜ਼ਾਤੀ ਮੱਤਭੇਦ ਦੇ ਇਕੱਠੇ ਹੋਣ ਲਈ ਪਰੇਰਨਾ ਕੀਤੀ। ਉਹਨਾਂ ਕਿਹਾ ਸਾਡੀਆਂ ਮੁਸ਼ਕਲਾਂ ਕੈਨੇਡਾ ਵਿਚ ਸਾਂਝੀਆਂ ਹਨ। ਜਿੰਨ੍ਹਾਂ ਦਾ ਮੁਕਾਬਲਾ ਸਿਰਫ ਇਕੱਠ ਨਾਲ ਹੀ ਹੋ ਸਕਦਾ ਹੈ। ਐਡ ਮੇਅ ਅਤੇ ਹੇਅਨ ਵਾਈ ਨੇ ਸਕੂਲਾਂ ਦੀਆਂ ਰੇਸ ਰੀਲੇਸ਼ਨ ਪਾਲਸੀਆਂ ਤੇ ਟੀਕਾ ਟਿਪਣੀ ਕੀਤੀ ਉਹਨਾਂ ਕਿਹਾ ਕਿ B.C.T.F. ਦਾ ਨਸਲਵਾਦ ਵਿਰੁੱਧ ਪਰੋਗਰਾਮ ਬਹੁਤ ਵਧੀਆ ਸਾਬਿਤ ਹੋਇਆ, ਪਰ ਅਫਸੋਸ ਹੈ ਕਿ ਕਈ ਵਾਰੀ ਕਈ ਸਕੂਲ ਬੋਰਡਾਂ ਨੇ ਇਸ ਪਰੋਗਰਾਮ ਦੀ ਵਿਰੋਧਤਾ ਕੀਤੀ। B.C.T.F. ਨੇ ਟੀਚਰਾਂ ਲਈ ਇਕ ਵਿਸ਼ੇਸ਼ ਸਿਖਲਾਈ ਦਾ ਨਵਾਂ ਪਰੋਗਰਾਮ ਤਿਆਰ ਕਰਕੇ ਥਾਂ ਥਾਂ ਸਿਖਲਾਈ ਦਿਤੀ ਜਿਸ ਵਿਚ ਖਾਸ ਕਰ ਕੇ ਨਸਲੀ ਬੱਚਿਆਂ ਨਾਲ ਹੋ ਰਹੇ ਵਿਤਕਰੇ (ਸਕੂਲਾਂ ਵਿਚ) ਨੂੰ ਸੁਲਝਾਉਣ ਦੇ ਸੁਚੱਜੇ ਤਰੀਕੇ ਦੱਸੇ। ਉਹਨਾਂ ਦੱਸਿਆ ਕਿ ਮੌਜੂਦਾ ਸਰਕਾਰ ਵਲੋਂ E.S.L. ਪਰੋਗਰਾਮ ਦੀ ਕਟੌਤੀ ਦਾ ਅਸਰ ਸਭ ਤੋਂ ਜ਼ਿਆਦਾ ਨਵੀਂ ਪਨੀਰੀ ਤੇ ਹੈ।

ਉਪਰਲੀਆਂ ਸੰਸਥਾਵਾਂ ਤੋਂ ਇਲਾਵਾ ਟੈਲੀਫੋਨ ਤੇ ਫਾਰਮ ਵਰਕਰ ਯੂਨੀਅਨਾਂ ਦੇ ਪ੍ਰਤੀਨਿਧ ਭੀ ਕਾਨਫਰੰਸ ਤੇ ਬੋਲੇ। T.W.A. ਦੇ ਬੁਲਾਰੇ ਲਿੰਡਾ ਹਰਬਰਟ ਨੇ ਦੱਸਿਆ ਕਿ ਇਸ ਯੂਨੀਅਨ ਦੇ ਕੁਝ ਕਾਮੇ ਵੀ ਕਾਫੀ ਨਸਲਵਾਦ ਦੇ ਸੁਭਾ ਵਾਲੇ ਹਨ। ਇਹਨਾਂ ਨੇ ਇਸ ਦਾ ਹੱਲ ਲੱਭਣ ਲਈ ਹਰ ਪਲਾਂਟ ਵਿਚ ਹਿਊਮਨ ਰਾਈਟਸ ਅਤੇ ਨਸਲਵਾਦ ਦੀ ਕਮੇਟੀ ਬਣਾਈ ਹੋਈ ਹੈ। ਹਰ ਮਸਲੇ ਦਾ ਹੱਲ ਤੁਰਤ ਇਹ ਕਮੇਟੀ ਕਰਦੀ ਹੈ ਅਤੇ ਕਮੇਟੀ ਦੀ ਇਹ ਭੀ ਜ਼ਿੰਮੇਵਾਰੀ ਹੈ ਕਿ ਕਾਮਿਆਂ ਨੂੰ ਨਸ਼ਲਵਾਦ ਵਿਰੋਧ ਅਤੇ ਹਿਊਮਨ ਰਾਈਟਸ ਬਾਰੇ ਵਿਦਿਆ ਦਿਤੀ ਜਾਵੇ। ਉਹਨਾਂ ਕਿਹਾ ਕਿ ਇਸ ਯੂਨੀਅਨ ਦੇ ਲੀਡਰ ਅਗਾਂਹ ਵਧੂ ਹਨ ਤੇ ਨਸਲਵਾਦ ਦਾ ਵਿਰੋਧ ਕਰਦੇ ਹਨ ਫਾਰਮ ਵਰਕਰਾਂ ਦੀ ਯੂਨੀਅਨ ਦੇ ਬੁਲਾਰੇ ਸਰਵਣ ਬੋਲ ਨੇ ਦੱਸਿਆ ਕਿ ਫਾਰਮ ਵਰਕਰਾਂ ਨਾਲ ਮੌਜੂਦਾ ਸਰਕਾਰ ਦਾ ਰਵੱਈਆ ਸਰਾਸਰ ਨਸਲਵਾਦੀ W.C.B. ਅਤੇ ਹੈਲਥ ਅਤੇ ਸੇਫਟੀ ਬਾਰੇ, ਜੋ ਭੀ ਇਸ ਸਰਕਾਰ ਨੇ ਵਾਅਦੇ ਕੀਤੇ ਸਨ ਉਹ ਸਾਰੇ ਤੋੜ ਦਿਤੇ ਹਨ। ਬਹੁਤੇ ਫਾਰਮ ਵਰਕਰ ਰੰਗਦਾਰ ਲੋਕ ਹਨ। ਜੋ ਕਿ ਸਖਤ ਮਜ਼ਦੂਰੀ ਕਰਦੇ ਹਨ ਪਰ ਫਿਰ ਵੀ ਇਹਨਾਂ ਨਾਲ ਨਸਲਵਾਦੀ ਵਤੀਰਾ ਹੁੰਦਾ ਹੈ। ਨਵੇਂ ਇਮੀਗਰੈਂਟਾਂ ਨੂੰ ਹੀ ਇਹੋ ਜਿਹੇ ਕੰਮ ਕਰਨੇ ਪੈਂਦੇ ਹਨ ਜਦੋਂ ਕਿ ਕੈਨੇਡੀਅਨ ਸ਼ਹਿਰੀ ਇਹ ਕੰਮ ਕਰਨੇ ਪਸੰਦ ਨਹੀਂ ਕਰਦੇ। ਫਿਰ ਵੀ ਨਵੇਂ ਆਏ ਲੋਕ ਹਰ ਕੰਮ ਨੂੰ ਚਾਉ ਨਾਲ ਕਰਦੇ ਹਨ ਕਿਉਂਕਿ ਵੈਲਫੇਅਰ ਤੇ ਜਾਣਾ ਆਪਣੀ ਨਿੱਜੀ ਹੱਤਕ ਸਮਝਦੇ ਹਨ

ਇਸ ਤੋਂ ਇਲਾਵਾ ਦੋਨੋਂ ਦਿਨ ਹੀ ਬੀ. ਸੀ. ਆਫਰ ਦੇ ਹੋਰ ਬੁਲਾਰਿਆਂ ਨੇ ਵੀ ਕਾਨਫਰੰਸ ਵਿਚ ਕਾਫੀ ਹਿਸਾ ਪਾਇਆ। ਆਪਣੇ ਤਜਰਬੇ ਅਨੁਸਾਰ ਵੱਖ ਵੱਖ ਵਿਸ਼ਿਆਂ ਤੇ ਵਿਚਾਰ ਦੱਸੇ ਅਤੇ ਕਾਨਫਰੰਸ ਵਿਚ ਭਾਗ ਲੈ ਰਹੇ ਲੋਕਾਂ ਦੇ ਸਵਾਲਾਂ ਦੇ ਜਵਾਬ ਦਿਤੇ।

ਇਸ ਕਾਨਫਰੰਸ ਦਾ ਅਹਿਮ ਨਤੀਜਾ ਇਹ ਨਿਕਲਿਆ ਕਿ ਹਰ ਘੱਟ ਗਿਣਤੀ ਦੀ ਕਮਿਊਨਿਟੀ ਦੀਆਂ ਔਕੜਾਂ ਇਕ ਸਾਂਝੀ ਔਕੜ ਵਾਂਗ ਸਾਬਤ ਹੋਈਆਂ। ਇਹ ਵੀ ਸਾਬਤ ਹੋਇਆ ਕਿ ਨਸਲਵਾਦ ਦੀਆਂ ਜੜ੍ਹਾਂ ਇਕ ਹਨ ਪਰ ਰੂਪ ਵੱਖਰੋ ਵੱਖਰੇ ਹਨ। ਹਕੂਮਤਾਂ ਅਤੇ ਸਰਮਾਏਦਾਰੀ ਨੂੰ ਕੰਟਰੋਲ ਕਰਨ ਵਾਲੇ ਲੋਕ, ਨਸਲਵਾਦ ਦਾ ਸਿਧਾ ਪ੍ਰਯੋਗ ਕਰਦੇ ਹਨ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਮਜ਼ਦੂਰ ਅਤੇ ਕਮਿਊਨਿਟੀਆਂ ਵੰਡੀਆਂ ਜਾਂਦੀਆਂ ਹਨ ਇਸ ਵੰਡ ਨਾਲ ਹਕੂਮਤ ਆਪਣੀਆਂ ਕੁਰਸੀਆਂ ਕਾਇਮ ਰਖਦੀ ਹੈ। ਇਸ ਵਿਚਾਰਧਾਰਾ ਦਾ ਧੁਰਾ ਇਕੋ ਹੀ ਹੈ, ਇਸ ਕਰਕੇ ਸਾਨੂੰ ਆਪਣੋ ਆਪਣੀ ਲੜਾਈ ਇਕਲੌਤੇ ਲੜਨ ਦੀ ਲੋੜ ਨਹੀਂ ਬਲਕਿ ਇਕੱਠ ਨਾਲ ਇਸ ਵਿਚਾਰਧਾਰਾ ਦਾ ਸਾਹਮਣਾ ਕਰਨਾ ਚਾਹੀਦਾ ਹੈ। ਸਾਰਿਆਂ ਨੇ ਇਹ ਪਰੇਰਨਾ ਕੀਤੀ ਕਿ ਇਕ ਦੂਜੇ ਦੀ ਜਦੋ ਜਹਿਦ ਨੂੰ ਆਪਣੀ ਜਦੋ ਜਹਿਦ ਸਮਝ ਕੇ ਵੱਧ ਤੋਂ ਵੱਧ ਸਹਾਇਤਾ ਕੀਤੀ ਜਾਵੇ। ਇਸ ਤੋਂ ਇਲਾਵਾ ਹੋਰ ਕਈ ਸਾਂਝੇ ਰੈਜ਼ੂਲੇਸ਼ਨ ਪਾਸ ਕੀਤੇ ਗਏ ਜਿਹਨਾਂ ਵਿਚੋਂ ਇਕ ਮਤਾ ਹਾਈਡਾ ਲੋਕਾਂ ਦੀ ਜਦੋ ਜਹਿਦ ਦੀ ਮਦਦ ਲਈ ਵੀ ਪਾਸ ਕੀਤਾ ਗਿਆ।

ਗੁਰਬੀਰ ਗਿੱਲ

B.C.O.F.R.

ਸ਼ਬਦਾਂ ਦੇ ਮਨ-ਮੋਹਕ ਤਿੱਤਰੋ ਕਦ ਤਕ ਉਡਦੇ ਜਾਓਗੇ।
ਆਖਰ ਨੂੰ ਤਾਂ ਥੱਕ ਕੇ ਮੇਰੀ ਬੁੱਕਲ ਦੇ ਵਿਚ ਆਓਗੇ।

ਉਚੇ ਪਰਬਤ, ਝੀਲਾਂ, ਝਰਨੇ ਮੰਨਿਆਂ ਕਿ ਮਨਮੋਹਣੇ ਹਨ,
ਐਪਰ ਮਨ ਦੀ ਘੋਰ - ਨਿਰਾਸ਼ਾ ਛੱਡ ਕੇ ਕਿੱਥੇ ਜਾਓਗੇ।

ਫ਼ਿਲਮਦਰਪਣ

ਸ੍ਰੀ ਦੇਵੀ ਤੇ ਜਯ ਪ੍ਰਦਾ ਦੀ ਸਿਹਤਮੰਦ ਸ਼ਰੀਕਾਚਾਰੀ

ਸ਼ਮਸ਼ੇਰ ਸਿੰਘ ਸੰਧੂ

ਭਾਰਤੀ ਫਿਲਮਾਂ ਵਿਚ ਦੋ ਅਭਿਨੇਤਰੀਆਂ ਸ੍ਰੀ ਦੇਵੀਅਤੇ ਜਯ ਪ੍ਰਦਾ ਦੀ ਹੁਣ ਪੂਰੀ ਤਰ੍ਹਾਂ ਗੁੱਡੀ ਚੜ੍ਹੀ ਹੋਈ ਹੈ। ਉਨ੍ਹਾਂ ਦੋਹਾਂ ਵਿਚ ਸਮੇਂ ਸਮੇਂ ਸਿਰ ਤਣਾਅ, ਮਨ-ਮੁਟਾਵ ਅਤੇ ਇਕ-ਦੂਜੀ ਤੋਂ ਅੱਗੇ ਲੰਘਣ ਦੀ ਦੌੜ ਚਲਦੀ ਆਈ ਹੈ। ਪਰ ਹੁਣ ਇਕ ਪੜਾਅ 'ਤੇ ਆ ਕੇ ਦੋਹਾਂ ਨੇ ਜਿਵੇਂ ਸਮਝ ਲਿਆ ਹੈ ਕਿ ਇਸ ਦੌੜ ਦਾ ਕਿਧਰੇ ਅੰਤ ਨਹੀਂ ਹੋਵੇਗਾ। ਹੁਣ ਸ੍ਰੀ ਦੇਵੀ ਅਕਸਰ ਜਯ ਪ੍ਰਦਾ ਬਾਰੇ ਟਿਪਣੀ ਕਰਨ ਤੋਂ ਪਰਹੇਜ਼ ਕਰਦੀ ਹੈ ਤੇ ਜਯ ਪ੍ਰਦਾ ਵੀ ਸ੍ਰੀ ਦੇਵੀ ਬਾਰੇ ਸਖ਼ਤ ਬਿਆਨਬਾਜ਼ੀ ਕਰਨੀ ਛੱਡ ਗਈ ਹੈ। ਜਿਤਨਾ ਮਰਜ਼ੀ ਜ਼ੋਰ ਲਾ ਲਓ, ਹੁਣ ਸ੍ਰੀ ਦੇਵੀ ਇਹ ਨਹੀਂ ਕਹੇਗੀ ਕਿ ਜਯਾ ਪ੍ਰਦਾ ਨੂੰ ਉਸ ਦਾ ਮੁਕਾਬਲਾ ਕਰਨ ਲਈ ਜਨਮ ਲੈਣੇ ਪੈਣਗੇ ਤੇ ਦੂਜੇ ਪਾਸੇ ਜਯਾ ਪ੍ਰਦਾ ਦੇ ਮੂੰਹੋਂ ਵੀ ਕੋਈ ਹੁਣ ਇਹ ਨਹੀਂ ਕਢਾ ਸਕਦਾ ਕਿ ਸ੍ਰੀ ਦੇਵੀ ਕੋਲ ਅੰਗਾਂ ਦੀ ਨੁਮਾਇਸ਼ ਤੋਂ ਸਿਵਾ ਹੈ ਹੀ ਕੀ।


ਦੋਹਾਂ ਅਭਿਨੇਤਰੀਆਂ ਦੀ ਸ਼ਰੀਕਾਚਾਰੀ ਨੇ ਹੁਣ ਸਿਹਤਮੰਦ ਮੋੜ ਅਖਤਿਆਰ ਕਰ ਲਿਆ ਹੈ। ਉਹ ਇਕ-ਦੂਜੀ ਦੀ ਸਿਫਤ ਵੀ ਕਰਨ ਲਗ ਪਈਆਂ ਹਨ। ਕਿਹਾ ਜਾਂਦਾ ਹੈ ਕਿ ਸ੍ਰੀ ਦੇਵੀ ਤੇ ਜਯਾ ਪ੍ਰਦਾ ਵਿਚਕਾਰ ਪਹਿਲਾਂ-ਪਹਿਲ ਵੀ ਵਾਹਵਾ ਸਹੇਲਪੁਣਾ ਹੁੰਦਾ ਸੀ ਪਰ ਅਭਿਨੇਤਾ ਜਤਿੰਦਰ ਨੇ ਦੋਹਾਂ ਕਿਸ਼ਤੀਆਂ ਵਿਚ ਸਵਾਰ ਹੋਣ ਲਈ ਉਨ੍ਹਾਂ ਦੋਹਾਂ ਨੂੰ ਲੜਾਈ ਰੱਖਿਆ। ਦੱਬੀ-ਘੁੱਟੀ ਅਵਾਜ਼ 'ਚ ਸ੍ਰੀ ਦੇਵੀ ਵੀ ਜਤਿੰਦਰ ਸਿਰ ਇਹ ਦੋਸ਼ ਮੜ੍ਹਦੀ ਹੈ ਤੇ ਜਯਾ ਪ੍ਰਦਾ ਵੀ ਜਤਿੰਦਰ ਨੂੰ ਦੋਸ਼ੀ ਗਰਦਾਨਦੀ ਹੈ। ਉਨ੍ਹਾਂ ਦੋਹਾਂ ਦੀ ਸੂਝ ਇਥੋਂ ਤਕ ਵਿਕਾਸ ਕਰ ਗਈ ਹੈ ਕਿ ਹੁਣ ਨਾ ਤਾਂ ਸ੍ਰੀ ਦੇਵੀ ਆਪਣੇ ਆਪ ਨੂੰ "ਦੂਜੀ ਹੇਮਾ ਮਾਲਿਨੀ" ਅਖਵਾਉਂਦੀ ਹੈ ਅਤੇ ਨਾ ਹੀ ਜਯਾ ਪ੍ਰਦਾ ਖੁਦ ਨੂੰ "ਦੂਜੀ ਰੇਖਾ" ਕਹਾਉਂਦੀ ਹੈ। ਦੋਹਾਂ ਅਭਿਨੇਤਰੀਆਂ ਕੋਲ ਇਹਨੀਂ ਦਿਨੀਂ ਅੰਤਾਂ ਦਾ ਰੁਝੇਵਾਂ ਹੈ ਜਿਤਨੀਆਂ ਫਿਲਮਾਂ ਉਹ ਸਾਈਨ ਕਰ ਚੁਕੀਆਂ ਹਨ, ਸਿਰਫ ਉਨ੍ਹਾਂ ਨੂੰ ਪੂਰੀਆਂ ਕਰਨ ਵਾਸਤੇ ਸ੍ਰੀ ਦੇਵੀ ਤੇ ਜਯਾ ਪ੍ਰਦਾ ਦੇ 6-6 ਸਾਲ ਸਹਿਜੇ ਲੰਘ ਜਾਣਗੇ।

ਸ੍ਰੀ ਦੇਵੀ

ਦੱਖਣ ਦੀਆਂ ਫਿਲਮਾਂ ਵਿਚ ਆਪਣੀ ਅਭਿਨੈ-ਕਲਾ ਦੀ ਧਾਂਕ ਜਮਾਉਣ ਪਿਛੋਂ ਸ੍ਰੀ ਦੇਵੀ ਨੇ ਕਈ ਸਾਲ ਪਹਿਲਾਂ ਹਿੰਦੀ ਫਿਲਮਾਂ ਵੱਲ ਮੁਖ ਕੀਤਾ ਸੀ। ਪਰ ਉਹਦੀ ਹਿੰਦੀ ਫਿਲਮ "ਸੋਲ੍ਹਵਾਂ ਸਾਵਨ" ਟਿਕਟ-ਖਿੜਕੀ ਉਪਰ ਬੁਰੀ ਤਰ੍ਹਾਂ ਮਾਰ ਖਾ ਗਈ ਸੀ। ਇਸ ਉਪਰੰਤ ਉਹ ਮਦਰਾਸ ਨੂੰ ਪਰਤ ਗਈ ਸੀ। ਪਰ ਕੁਝ ਅਰਸੇ ਪਿਛੋਂ ਫੇਰ ਹਿੰਮਤ ਕਰਕੇ ਆਈ। "ਹਿੰਮਤਵਾਲਾ" ਫਿਲਮ ਨਾਲ ਤਹਿਲਕਾ ਮੱਚ ਗਿਆ। ਉਹਦੀ ਨ੍ਰਿਤ-ਕਲਾ ਤੇ ਉਹਦੇ ਸੁਡੌਲ ਜਿਸਮ ਨੇ ਪ੍ਰੋਡਿਊਸਰਾਂ ਦੀ ਨੀਂਦ ਹਰਾਮ ਕਰ ਦਿਤੀ। ਜਾਨੀ ਦੋਸਤ, ਸਦਮਾ, ਜਸਟਿਸ ਚੌਧਰੀ ਆਦਿ ਫਿਲਮਾਂ ਨੇ ਸ੍ਰੀ ਦੇਵ ਨੂੰ ਪਹਿਲੀ ਕਤਾਰ ਦੀਆਂ ਅਭਿਨੇਤਰੀਆਂ ਵਿਚ ਖੜ੍ਹੀ ਕਰ ਦਿਤਾ।

ਵੱਡੇ ਬੈਨਰਾਂ ਤੇ ਵੱਡੇ ਐਕਟਰਾਂ ਨਾਲ ਸ੍ਰੀ ਦੇਵੀ ਨੇ ਕੰਮ ਕਰਨ ਦੀ ਰੀਝ ਪੂਰੀ ਕਰ ਲਈ ਹੈ ਤੇ ਕਰ ਰਹੀ ਹੈ। ਸੰਨੀ ਦਿਓਲ ਤੇ ਧਰਮਿੰਦਰ ਨਾਲ ਸ੍ਰੀ ਦੇਵੀ ਮਹਿੰਗੀ ਫਿਲਮ "ਸਲਤਨਤ" ਵਿਚ ਦਿਖਾਈ ਦੇਵੇਗੀ। "ਜਾਗ ਉਠਾ ਇਨਸਾਨ" 'ਚ ਉਹ ਮਿਥੁਨ ਚਕਰਵਰਤੀ ਨਾਲ, ਮਾਸਟਰ ਜੀ ਵਿਚ ਰਾਜੇਸ਼ ਖੰਨਾ ਨਾਲ "ਸਦਮਾ" 'ਚ ਕਮਲ ਹਾਸਨ ਨਾਲ ਅਤੇ "ਕਲਾਕਾਰ ਵਿਚ ਕੁਨਾਲ ਗੋਸਵਾਮੀ ਨਾਲ ਆਈ। "ਤੋਹਫਾ" ਤੇ "ਮਵਾਲੀ" ਸ੍ਰੀ ਦੇਵੀ ਦੇ ਫਿਲਮ ਜੀਵਨ ਵਿਚ ਖਾਸ ਸਥਾਨ ਰਖਦੀਆਂ ਹਨ।

ਉਹਦੀ ਧੁਰ ਇੱਛਾ ਹੈ ਕਿ ਆਰਟ ਫਿਲਮਾਂ ਵਿਚ ਕੰਮ ਕਰਾਂ ਤੇ ਸਿੱਧ ਕਰਕੇ ਵਿਖਾਵਾਂ ਕਿ ਸ੍ਰੀ ਦੇਵੀ ਮਹਿਜ਼ ਨ੍ਰਿਤ ਅਤੇ ਅੰਗ — ਪਰਦਰਸ਼ਨ ਨਾਲ ਨਹੀਂ ਚੱਲ ਰਹੀ ਬਲਕਿ ਸਚਮੁੱਚ ਦੀ ਅਭਿਨੇਤਰੀ ਹੈ। ਸ੍ਰੀ ਦੇਵੀ ਦਾ ਵਿਸ਼ਵਾਸ਼ ਹੈ ਕਿ



ਸ੍ਰੀ ਦੇਵੀ।

ਆਰਟ ਫਿਲਮਾਂ 'ਚ ਉਸ ਨੂੰ ਦੇਖਣ ਉਪਰੰਤ ਹਰ ਕੋਈ ਸਮਿਤਾ ਪਾਟਿਲ ਤੇ ਸ਼ਬਾਨਾ ਆਜ਼ਮੀ ਨਾਲ ਉਹਦੀ ਅਭਿਨੈ - ਕਲਾ ਦਾ ਮੁਕਾਬਲਾ ਕਰੇਗਾ। "ਸੋਲ੍ਹਵਾਂ ਸਾਵਨ" ਭਾਵੇਂ ਫੇਲ੍ਹ ਫਿਲਮ ਸੀ ਪਰ ਸ੍ਰੀ ਦੇਵੀ ਉਸ ਵਿਚਲੇ ਆਪਣੇ ਰੋਲ ਤੋਂ ਸੰਤੁਸ਼ਟ ਹੈ। ਇਸੇ ਤਰ੍ਹਾਂ "ਸਦਮਾ" ਤੇ "ਜਾਗ ਉਠਾ ਇਨਸਾਨ" ਫਿਲਮਾਂ 'ਚ ਸ੍ਰੀ ਦੇਵੀ ਦਾ ਆਖਣਾ ਹੈ ਕਿ ਉਸ ਦੀ ਆਤਮਾ ਵੀ ਸੀ। ਸ੍ਰੀ ਦੇਵੀ ਨੂੰ ਗਿਲਾ ਹੈ ਕਿ ਫਿਲਮੀ ਦੁਨੀਆਂ ਵਿਚ ਹਰ ਕਲਾਕਾਰ ਬਾਰੇ ਇਹ ਪੁੱਛਿਆ ਜਾਂਦਾ ਹੈ ਕਿ ਉਸ ਨੇ ਕਿਤਨੀਆਂ "ਹਿੱਟ ਫਿਲਮਾਂ" ਦਿਤੀਆਂ ਜਦ ਕਿ ਇਹ ਨਹੀਂ ਦੇਖਿਆ ਜਾਂਦਾ ਕਿ ਫਲਾਂ ਕਲਾਕਾਰਾਂ ਨੇ ਕਿਤਨੀਆਂ "ਚੰਗੀਆਂ ਫਿਲਮਾਂ" ਦਿਤੀਆਂ।

"ਇਕ ਹੀਰੋਇਨ ਜਦੋਂ ਕਮਰਸ਼ੀਅਲ ਫਿਲਮ ਵਿਚ ਅੰਗ-ਪਰਦਰਸ਼ਨ ਕਰਦੀ ਹੈ ਤਾਂ ਉਸ ਨੂੰ "ਬੇਸ਼ਰਮ" ਕਹਿ ਦਿਤਾ ਜਾਂਦਾ ਹੈ ਤੇ ਉਹੀਓ ਹੀਰੋਇਨ ਜਦੋਂ ਆਰਟ ਫਿਲਮ ਵਿਚ ਅੰਗਾਂ ਦੀ ਨੁਮਾਇਸ਼ ਲਾਉਂਦੀ ਹੈ ਤਾਂ ਉਸ ਨੂੰ "ਦਲੇਰ" "ਯਥਾਰਥਕ" ਆਖ ਦਿਤਾ ਜਾਂਦਾ ਹੈ।" ਸ੍ਰੀ ਦੇਵੀ ਇਸ ਫਰਕ ਨੂੰ ਮਿਟਾਉਣ ਦੀ ਇੱਛਕ ਹੈ।

ਪਹਿਲਾਂ ਸ੍ਰੀ ਦੇਵੀ ਨੂੰ ਹਿੰਦੀ ਬੋਲਣ 'ਚ ਬੜੀ ਮੁਸ਼ਕਲ ਪੇਸ਼ ਆਉਂਦੀ ਸੀ। ਹੁਣ ਉਹ ਹਿੰਦੀ ਦਾ ਸ਼ੁਧ ਉਚਾਰਨ ਕਰਨ ਦੇ ਸਮਰੱਥ ਹੋ ਗਈ ਹੈ। ਕੁਦਰਤੀ - ਕਲਾ ਤੋਂ ਇਲਾਵਾ ਸ੍ਰੀ ਦੇਵੀ ਮਿਹਨਤੀ ਹੈ। ਡਾਇਰੈਕਟਰ ਨੂੰ ਉਸ ਦੇ ਨਾਲ ਵਾਧੂ ਮਗਜ਼ ਨਹੀਂ ਖਪਾਉਣਾ ਪੈਂਦਾ। ਸਮੇਂ ਦੀ ਪਾਬੰਦ ਹੋਣ ਕਰਕੇ ਤੇ ਹਰੇਕ ਨੂੰ ਖਿੜੇ - ਮੱਥੇ ਮਿਲਣ ਕਾਰਨ ਫਿਲਮੀ ਹਲਕਿਆਂ ਵਿਚ ਸ੍ਰੀ ਦੇਵੀ ਦਾ ਚੰਗਾ ਇਮੇਜ ਬਣਿਆ ਹੋਇਆ ਹੈ। ਪ੍ਰੋਡਿਊਸਰਾਂ ਅੱਗੇ ਬੇਵਜ੍ਹਾ ਨਖਰੇ ਕਰਨਾ ਤੇ ਸਮੇਂ ਸਿਰ ਸ਼ੂਟਿੰਗ 'ਤੇ ਨਾ ਪੁਜਣਾ ਉਸ ਦੇ ਸੁਭਾਅ ਵਿਚ ਸ਼ਾਮਲ ਨਹੀਂ।

ਰੁਮਾਂਸ ਦੀ ਚਰਚਾ ਤੋਂ ਬਹੁਤੀਆਂ ਅਭਿਨੇਤਰੀਆਂ ਵਾਂਗ, ਸ੍ਰੀ ਦੇਵੀ ਵੀ ਨਹੀਂ ਬਚ ਸਕੀ। ਕਦੇ ਉਹ ਦੇ ਕਮਲ ਹਾਸਨ ਨਾਲ ਰੁਮਾਂਸ ਦੀ ਚਰਚਾ ਸੀ, ਕਦੇ ਜਤਿੰਦਰ ਨਾਲ, ਕਦੇ ਰਾਜੇਸ਼ ਖੰਨਾ ਨਾਲ ਤੇ ਅੱਜ ਕੱਲ੍ਹ ਮਿਥੁਨ ਚਕਰਵਰਤੀ ਨਾਲ।

ਜਯਾ ਪ੍ਰਦਾ

ਉਸ ਨੇ ਵੀ ਦੱਖਣ ਦੀਆਂ ਫਿਲਮਾਂ 'ਚ ਬੱਲੇ ਬੱਲੇ ਕਰਾਉਣ ਉਪਰੰਤ ਹਿੰਦੀ ਫਿਲਮਾਂ ਵੱਲ ਚਾਲੇ ਪਾਏ। "ਸਰਗਮ" ਫਿਲਮ ਨਾਲ ਜਯਾ ਪ੍ਰਦਾ ਨੇ ਬੰਬਈ ਵਿਚ ਆਪਣੇ ਨਾਂ ਨੂੰ ਚਮਕਾਇਆ। ਉਹ ਦੇ ਤਿੱਖੇ ਨੈਣ - ਨਕਸ਼ਾਂ, ਚੁਲਬੁਲੇਪਣ ਅਤੇ ਅਭਿਨੈ ਨੇ ਸਭ ਨਵੇਂ ਪੁਰਾਣੇ ਐਕਟਰਾਂ ਵਿਚ ਦੌੜ ਲੁਆ ਦਿਤੀ ਕਿ ਜਯਾ ਪ੍ਰਦਾ ਦੇ ਆਪੋਜ਼ਿਟ ਫਿਲਮਾਂ ਸਾਈਨ ਕੀਤੀਆਂ ਜਾਣ। ਪ੍ਰਕਾਸ਼ ਮਹਿਰਾ ਵਰਗੇ ਸਿਰਮੌਰ ਡਾਇਰੈਕਟਰਾਂ ਨੇ "ਸ਼ਰਾਬੀ" ਵਿਚ ਅਮਿਤਾਭ ਬਚਨ ਦੇ ਨਾਲ ਜਯਾ ਪ੍ਰਦਾ ਨੂੰ ਲਿਆ। ਰਾਮਾਨੰਦ ਸਾਗਰ, ਸ਼ਕਤੀ ਸਾਮੰਤ, ਸੋਹਨ ਲਾਲ ਕੰਵਰ ਤੇ ਪ੍ਰਾਣ ਨਾਲ ਮਹਿਤਾ ਵਰਗੇ ਡਾਇਰੈਕਟਰਾਂ ਅਤੇ ਰਾਜੇਸ਼ ਖੰਨਾ, ਸੰਨੀ ਦਿਓਲ, ਸ਼ਤਰੂਘਨ ਸਿਨਹਾ, ਗਿਰੀਸ਼ ਕਰਨਾਡ, ਸੰਜੇ ਦੱਤ ਵਰਗੇ ਐਕਟਰਾਂ ਨਾਲ ਜਯਾ ਪ੍ਰਦਾ ਨੇ ਫਿਲਮਾਂ ਸਾਈਨ ਕਰਕੇ ਪਹਿਲੀ ਕਤਾਰ ਦੀਆਂ ਅਭਿਨੇਤਰੀਆਂ ਵਿਚ ਆਪਣੀ ਥਾਂ ਕਾਇਮ ਕੀਤੀ। "ਸਰਗਮ" ਤੋਂ ਬਾਅਦ "ਕਾਮਚੋਰ" ਫਿਲਮ ਨੇ ਵੀ ਜਯਾ ਪ੍ਰਦਾ ਦੀ ਨ੍ਰਿਤ-ਕਲਾ ਤੇ ਅਭਿਨੈ ਕਲਾ ਦਾ ਸਿੱਕਾ ਮੰਨਵਾਇਆ।

ਰੁਮਾਂਸ ਦੀ ਚਰਚਾ ਚਾਹਿਆਂ ਜਾਂ ਅਣਚਾਹਿਆਂ ਜਯਾ ਪ੍ਰਦਾ ਦੀ ਝੋਲੀ ਵਿਚ ਵੀ ਆਣ ਪਈ। ਜਤਿੰਦਰ ਨਾਲ ਉਹ ਦੀ ਨੇੜਤਾ ਦਾ ਹਰ ਕਿਸੇ ਦੇ ਬੁਲ੍ਹਾਂ 'ਤੇ ਚਰਚਾ ਸੀ। ਰਾਜੇਸ਼ ਖੰਨਾ ਤੇ ਰਾਕੇਸ਼ ਰੌਸ਼ਨ ਨਾਲ ਵੀ ਉਹ ਦੇ ਰੁਮਾਂਟਿਕ ਕਿੱਸੇ ਪੈਦਾ ਹੋਏ। ਪਰ ਦੱਖਣੀ ਫਿਲਮ ਨਿਰਮਾਤਾ ਸੁੰਦਰ ਨਾਲ ਨਾਹਟਾ ਦੇ ਮੁੰਡੇ ਸ੍ਰੀ ਕਾਂਤ

(ਬਾਕੀ ਪੰਨਾ 19 ਤੇ)

(ਪੰਨਾ 18 ਦੀ ਬਾਕੀ)

ਨਾਹਟਾ ਨਾਲ ਜਯਾ ਪ੍ਰਦਾ ਤੇ "ਸੱਚੇ ਪਿਆਰ" ਦੀ ਕਹਾਣੀ ਕਾਫੀ ਜ਼ੋਰ ਫੜ ਗਈ ਹੈ। ਹਕੀਕਤ ਕੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਸਕਰੀਨ ਉਪਰ ਜਿਸਮ ਦੇ ਖੁਲ੍ਹੇ ਪ੍ਰਦਰਸ਼ਨ ਤੋਂ ਜਯਾ ਪ੍ਰਦਾ ਪਰਹੇਜ਼ ਕਰਦੀ ਹੈ, ਤੇ ਉਸਦਾ ਆਖਣਾ ਹੈ ਕਿ ਦਰਸ਼ਕਾਂ ਨੂੰ ਲੰਮੇ ਅਰਸੇ ਤੱਕ ਉਹੀਓ ਅਭਿਨੇਤਰੀਆਂ ਚੇਤੇ ਰਹਿੰਦੀਆਂ ਹਨ ਜਿਨ੍ਹਾਂ ਕੋਲ ਸਹੀ ਅਰਥਾਂ 'ਚ ਅਭਿਨੈ ਹੁੰਦਾ ਹੈ। ਤਦੇ ਉਹ, ਆਰਟ ਫਿਲਮਾਂ 'ਚ ਕੰਮ ਕਰਨ ਲਈ ਤੀਬਰ ਇੱਛਾ ਰੱਖਦੀ ਹੈ।

ਜਯਾ ਪ੍ਰਦਾ ਹਿੰਦੀ ਫਿਲਮਾਂ ਦੇ ਨਾਲ ਨਾਲ ਤਾਮਿਲ ਤੇ ਤੈਲਗੂ ਫਿਲਮਾਂ 'ਚ ਪੂਰੀ ਤਰ੍ਹਾਂ ਰੁਝੀ ਹੋਈ ਹੈ। ਉਹ ਦੋ ਦੋ ਹਫਤੇ ਬੰਬਈ ਬੀਤਦੇ ਹਨ ਤੇ ਦੋ ਹਫਤੇ ਮਦਰਾਸ ਵਿਚ। ਮਵਾਲੀ, ਹੈਸੀਅਤ, ਜ਼ਬਰਦਸਤ, ਮੇਰਾ ਫੈਸਲਾ, ਸੁਰ ਸੰਗਮ ਆਦਿ ਲੰਮੀ ਸੂਚੀ ਹੈ ਜਯਾ ਪ੍ਰਦਾ ਦੀਆਂ ਫਿਲਮਾਂ ਦੀ।

ਜਯਾ ਪ੍ਰਦਾ ਕਿਸੇ ਨੂੰ ਆਪਣਾ ਗਾਡ ਫਾਦਰ ਮੰਨਣ ਨੂੰ ਤਿਆਰ ਨਹੀਂ ਪਰ ਜਿਨ੍ਹਾਂ ਸ਼ਖਸਾਂ ਦੀ ਧੰਨਵਾਦੀ ਹੈ ਉਨ੍ਹਾਂ ਵਿਚੋਂ ਕੇ. ਵਿਸ਼ਵਾ ਨਾਥ ਦਾ ਨਾਂ ਆਉਂਦਾ ਹੈ।

ਹੁਸਨ, ਅਭਿਨੈ - ਕਲਾ ਅਤੇ ਨ੍ਰਿਤ-ਕਲਾ ਦੇ ਮਾਮਲੇ ਵਿਚ ਜਯਾ ਪ੍ਰਦਾ ਅਤੇ ਸ੍ਰੀ ਦੇਵੀ ਨੂੰ ਐਨ ਬਰਾਬਰ ਰੱਖਿਆ ਜਾਂਦਾ ਹੈ। ਫਿਰ ਵੀ ਜੇਕਰ ਉਨ੍ਹਾਂ ਦੋਹਾਂ ਨੂੰ ਅਗਾਂਹ-ਪਿਛਾਂਹ ਰੱਖਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਜਯਾ ਪ੍ਰਦਾ ਉੱਨੀ ਹੈ ਤੇ ਸ੍ਰੀ ਦੇਵੀ ਇੱਕੀ ਹੈ।

ਦੁੰਮ-ਛੱਲਾ

ਸ੍ਰੀ ਦੇਵੀ ਨੂੰ ਕਿਸੇ ਨੇ ਪੁੱਛਿਆ ਕਿ ਤੁਹਾਡੀ ਉਮਰ ਕਿੰਨੀ ਹੈ?

ਜਵਾਬ ਮਿਲਿਆ, "ਜਯਾ ਪ੍ਰਦਾ ਦੀ ਉਮਰ ਨਾਲੋਂ ਪੰਜ ਸਾਲ ਘੱਟ।"

ਇਹੋ ਸਵਾਲ ਕਿਸੇ ਨੇ ਜਯਾ ਪ੍ਰਦਾ ਨੂੰ ਕੀਤਾ, "ਤੁਹਾਡੀ ਉਮਰ ਕਿੰਨੀ ਹੈ

ਜਵਾਬ ਮਿਲਿਆ, "ਸ੍ਰੀ ਦੇਵੀ ਦੀ ਉਮਰ ਨਾਲੋਂ ਪੰਜ ਸਾਲ ਘੱਟ।"



ਜਯਾ ਪ੍ਰਦਾ।

ਨਿਸ਼ਸਤਰੀਕਰਨ : ਲੋਕ ਰਾਏ ਉਭਾਰਨ ਦੀ ਲੋੜ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਨਿਸ਼ਾਸ਼ਤਰੀਕਰਨ ਅਤੇ ਅਮਨ ਦੀ ਲੋੜ, ਸਾਂਝੇ ਹਿਤਾਂ 'ਤੇ ਅਧਾਰਤ ਹੈ ਤੇ ਅਜੋਕੇ ਸਮੇਂ ਵਿਚ ਇਸ ਦੀ ਬੜੀ ਮਹੱਤਤਾ ਹੈ। ਵਿਸ਼ਵ ਨਿਜ਼ਾਮ ਬਾਰੇ ਸੰਸਦ ਮੈਂਬਰਾਂ ਦੇ ਇਕ ਸਮਾਗਮ ਦੇ ਉਦਘਾਟਨ ਸਮੇਂ ਪੜ੍ਹੇ ਗਏ ਇਕ ਸੰਦੇਸ਼ ਵਿਚ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਅਜਿਹੇ ਆਦੇਸ਼ਾਂ ਦੀ ਪੂਰਤੀ ਲਈ ਹੋਰਨਾਂ ਕੌਮਾਂ ਨੂੰ ਸਹਿਮਤ ਕਰਾਉਣ ਸਬੰਧੀ ਭਾਰਤ ਵਲੋਂ ਯਤਨ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਨਿਰਭਓ ਸੰਸਾਰ ਦੀ ਸਿਰਜਣਾ ਕਰਨਾ, ਸਾਡਾ ਸਭਨਾਂ ਦਾ ਮਨੁੱਖਤਾ ਪ੍ਰਤੀ ਇਕ ਨੈਤਿਕ ਫਰਜ਼ ਹੈ।

ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਬੀ. ਆਰ. ਭਗਤ ਨੇ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਕਰਨ ਬਾਰੇ ਛੇ ਦੇਸ਼ਾਂ ਵਲੋਂ ਸ਼ੁਰੂ ਕੀਤੇ ਯਤਨਾਂ ਸਬੰਧੀ ਦੂਜੀਆਂ ਕੌਮਾਂ ਨੇ ਕੋਈ ਉਸਾਰੂ ਤੇ ਵਧੀਆ ਪ੍ਰਤੀਕਰਮ ਨਹੀਂ ਦਿਖਾਇਆ। ਉਨ੍ਹਾਂ ਕਿਹਾ ਕਿ ਨਿਸ਼ਸਤਰੀਕਰਣ ਬਾਰੇ ਲੋਕ ਰਾਇ ਨੂੰ ਉਭਾਰਨ ਲਈ ਸੰਸਦ ਮੈਂਬਰਾਂ ਵਲੋਂ ਅਹਿਮ ਯੋਲ ਨਿਭਾਏ ਜਾਣ ਦੀ ਲੋੜ ਮਹਿਸੂਸ ਹੋ ਰਹੀ ਹੈ।

ਸ੍ਰੀ ਭਗਤ ਨੇ ਕਿਹਾ ਕਿ ਖੇਤਰੀ ਸਹਿਯੋਗ ਨੂੰ ਬੜਾਵਾ ਦੇਣ ਲਈ ਕੀਤੇ ਜਾ ਰਹੇ ਯਤਨਾਂ 'ਚ ਵੀ ਸੰਸਦ ਮੈਂਬਰ ਚ ਚੰਗੀ ਭੂਮਿਕਾ ਨਿਭਾਂ ਸਕਦੇ ਹਨ। ਇਸ ਸਬੰਧ 'ਚ ਉਨ੍ਹਾਂ ਨੇ ਹੁਣੇ ਜਿਹੇ ਹੋਂਦ ਵਿਚ ਆਈ ਸਾਊਥ ਏਸ਼ੀਅਨ ਐਸੋ: ਫਾਰ ਰਿਜਨਲ ਕੋਆਪਰੇਸ਼ਨ(ਸਾਰਕ) ਦਾ ਜ਼ਿਕਰ ਕੀਤਾ। ਸ੍ਰੀ ਦਿਗ ਵਿਜੈ ਸੰਸਦ ਮੈਂਬਰ ਨੂੰ 'ਦਾ ਪਾਰਲੀਮੈਂਟੇਰੀਅਨ ਫਰ ਵਰਲਡ' ਆਰਡਰ ਦੇ ਉਪ ਪ੍ਰਧਾਨ ਚੁਣਿਆ ਗਿਆ।

ਅਮਰੀਕ ਸਿੰਘ ਦਾ ਚਚੇਰਾ ਭਾਈ ਰਾਮ ਸਿੰਘ ਵੀ ਜੇਲ੍ਹ 'ਚੋਂ ਰਿਹਾਅ

ਕੋਟਕਪੂਰਾ — ਭਾਈ ਅਮਰੀਕ ਸਿੰਘ ਦੇ ਚਚੇਰੇ ਭਾਈ ਰਾਮ ਸਿੰਘ ਆਪਣੇ ਚਾਲ੍ਹੀ ਸਾਥੀਆਂ ਸਮੇਤ ਫਰੀਦਕੋਟ ਜੇਲ੍ਹ 'ਚੋਂ ਰਿਹਾਅ ਕਰ ਦਿਤੇ ਗਏ ਹਨ। ਪੰਜਾਬ ਸਰਕਾਰ ਨੇ ਉਨ੍ਹਾਂ ਵਿਰੁਧ ਕੇਸ ਵਾਪਸ ਲੈ ਲਏ ਹਨ। ਇਨ੍ਹਾਂ ਸਭਨਾਂ ਨੂੰ ਨੀਲਾ-ਤਾਰਾ ਅਪਰੇਸ਼ਨ ਸਮੇਂ ਸ੍ਰੀ ਦਰਬਾਰ ਸਾਹਿਬ, ਮੁਕਤਸਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਜੇਲ੍ਹ ਵਿਚੋਂ ਰਿਹਾਅ ਹੋਣ ਸਮੇਂ ਲੋਕ ਸਭਾ ਦੇ ਮੈਂਬਰ ਭਾਈ ਸ਼ਮਿੰਦਰ ਸਿੰਘ ਨੇ ਉਨ੍ਹਾਂ ਨੂੰ ਫੁੱਲਾਂ ਦੇ ਹਾਰ ਪਾਏ। ਇਸ ਸਮੇਂ ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਸਿੱਧੂ ਵੀ ਉਨ੍ਹਾਂ ਦੇ ਨਾਲ ਸਨ। ਭਾਈ ਸ਼ਮਿੰਦਰ ਸਿੰਘ ਨੇ ਰਿਹਾਅ ਹੋਣ ਵਾਲੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਨੌਕਰੀਆਂ ਲਈ, ਬੱਸ ਪਰਮਿਟਾਂ ਲਈ ਜਾਂ ਕਮਾਈ ਦੇ ਹੋਰ ਮਨ-ਪਸੰਦ ਸਾਧਨਾਂ ਲਈ ਅਰਜ਼ੀਆਂ ਦੇਣ ਤਾਂ ਕਿ ਪੰਜਾਬ ਸਰਕਾਰ ਵਲੋਂ ਅਰਜ਼ੀਆਂ ਦੇਣ ਦੀ ਮਿਤੀ ਵਿਚ ਕੀਤੇ ਗਏ ਵਾਧੇ ਦਾ ਲਾਭ ਉਨ੍ਹਾਂ ਨੂੰ ਮਿਲ ਸਕੇ। ਲੋਕ ਸਭਾ ਮੈਂਬਰ ਨੇ ਭਰੋਸਾ ਦੁਆਇਆ ਕਿ ਉਨ੍ਹਾਂ ਦੇ ਜਿਹੜੇ ਸਾਥੀ ਜੇਲ੍ਹ ਵਿਚ ਰਹਿ ਗਏ ਹਨ ਉਨ੍ਹਾਂ ਨੂੰ ਰਿਹਾਅ ਕਰਾਉਣ ਲਈ ਉਹ ਉਨ੍ਹਾਂ ਦੇ ਕੇਸਾਂ ਦੀ ਪੈਰਵੀ ਨਿਜੀ ਤੌਰ 'ਤੇ ਕਰਨਗੇ।

B.C. Organization To Fight Racism (B.C.O.F. R.)

December 13, 1985

Hon. Flora MacDonald,
Minister of Manpower and Immigration,
Parliament Buildings,
Ottawa,

Dear Ms. MacDonald,

Re: East Indian Refugees

You have recently orderd to send all East Indian political refugees back to India prior to any due process taking place. This action clearly violates the spirit of The Charter of Rights, particularly Section 15 which all Canadians are proud of; it prohibits discrimination on the basis of national or ethnic origin. Singling out Est Indians in this case is an example of institutional racism which appears to be away of life for most of visible minorities.

Recognising the need to take some action on long over due refugee claims, we ask a thorough investigation and genuine consideration be given to legitimate cases, including consideration on compassionate grounds.

Yours sincerely,
Charan Gill,
President.

ਕੀਮਤਾਂ ਨੂੰ ਕੰਟਰੋਲ ਕਰਨ ਲਈ ਪੰਦਰਵਾੜਾ

ਮੋਰਿੰਡਾ — ਪੰਜਾਬ ਸਰਕਾਰ ਨੇ ਪੰਜਾਬ ਭਰ ਵਿਚ ਕੀਮਤ ਕੰਟਰੋਲ ਪੰਦਰਵਾੜਾ ਮਨਾਉਣ ਦਾ ਫੈਸਲਾ ਕੀਤਾ ਹੈ, ਜੋ 31 ਦਸੰਬਰ ਤਕ ਜਾਰੀ ਰਹੇਗਾ 'ਇਹ ਪੰਦਰਵਾੜਾ ਜ਼ਰੂਰੀ ਚੀਜ਼ਾਂ ਦੀਆਂ ਵਧ ਰਹੀਆਂ ਕੀਮਤਾਂ ਨੂੰ ਸਥਿਰ ਤੇ ਕੰਟਰੋਲ ਵਿਚ ਰੱਖਣ ਲਈ ਮਨਾਇਆ ਗਿਆ। ਸਰਕਾਰ ਵਲੋਂ ਜਾਰੀ ਹਦਾਇਤਾਂ ਵਿਚ ਪੰਜਾਬ ਦੇ ਸਮੂਹ ਪਰਚੂਨ ਵਿਕ੍ਰੇਤਾਵਾਂ ਨੂੰ ਕਿਹਾ ਗਿਆ ਹੈ ਕਿ ਹਰੇਕ ਪੈਕਟ ਉਪਰ ਦੱਸੀ ਗਈ ਕੀਮਤ ਦੇ ਨਾਲ ਲਾਏ ਜਾਦੇ ਵਾਲੇ ਸਥਾਨਕ ਟੈਕਸ ਅਤੇ ਚੁੰਗੀ ਆਦਿ ਨੂੰ ਸ਼ਾਮਲ ਕਰਨ।

ਚਾਰ ਸੌ ਮੀਟਰ ਦੌੜ ਦਾ ਚੈਂਪੀਅਨ

ਸਰਵਣ ਸਿੰਘ

ਜਗਦੀਸ਼ ਸਿੰਘ ਜਿੰਨਾ ਤੇਜ਼ ਦੌੜਦਾ ਸੀ ਉਨਾ ਹੀ ਹੌਲੀ ਬੋਲਦਾ ਹੈ। ਉਹਦੀ ਆਵਾਜ਼ ਇਉਂ ਲਗਦੀ ਹੈ ਜਿਵੇਂ ਖੂਹ 'ਚੋਂ ਆ ਰਹੀ ਹੋਵੇ। ਉਹਦਾ ਰੰਗ ਗੋਰਾ, ਸਰੀਰ ਛਾਂਟਵਾਂ ਤੇ ਨੈਣ ਨਕਸ਼ ਤਿੱਖੇ ਹਨ। ਉਹ ਬਿਨਾਂ ਜਾਣ ਪਛਾਣ ਦੇ ਦੂਰੋਂ ਹੀ ਦੌੜਾਕ ਲਗਦਾ ਹੈ। ਉਹਨੇ 4x400 ਮੀਟਰ ਰਿਲੇਅ ਦੌੜ ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ 'ਚੋਂ ਭਾਰਤ ਲਈ ਸੋਨੇ ਦਾ ਤਗਮਾ ਜਿਤਿਆ ਸੀ। ਆਪਣੇ ਸਮੇਂ ਦਾ ਉਹ ਉਘਾ ਦੌੜਾਕ ਸੀ ਪਰ ਉਹ ਮਿਲਖਾ ਸਿੰਘ ਦੀ ਛਾਂ 'ਚ ਰਹਿਣ ਕਾਰਨ ਬਹੁਤਾ ਨਾ ਚਮਕ ਸਕਿਆ। ਜਦੋਂ ਉਹਦੀਆਂ ਸੰਭਾਵਨਾਵਾਂ ਸਿਖਰ ਵਲ ਚੜ੍ਹਨ ਲਗੀਆਂ ਤਾਂ ਉਹਦੇ ਗੋਡੇ ਉਤੇ ਕੈਰੀਅਰ-ਮਾਰਵੀਂ ਸੱਟ ਲਗ ਗਈ ਜਿਸ ਕਾਰਨ ਉਹ ਮੁੜ ਕੇ ਤਾਬ ਹੀ ਨਾ ਆਇਆ। ਹੁਣ ਜਦੋਂ ਉਹ ਆਪਣੇ ਦੌੜਨ ਦੇ ਸਮੇਂ ਦੀਆਂ ਗੱਲਾਂ ਕਰਦਾ ਹੈ ਤਾਂ ਰੀਝਾਂ ਅੱਧ ਵਿਚਾਲੇ ਰਹਿ ਜਾਣ ਕਾਰਨ ਉਹਦਾ ਹਉਕਾ ਨਿਕਲ ਜਾਂਦਾ ਹੈ।

ਜਗਦੀਸ਼ ਸਿੰਘ ਦਾ ਜਨਮ ਪਿੰਡ ਡਾਂਗੋਂ ਜ਼ਿਲਾ ਲੁਧਿਆਣਾ ਵਿਚ ਸ. ਮੇਵਾ ਸਿੰਘ ਦੇ ਘਰ ਹੋਇਆ ਸੀ। ਡਾਂਗੋਂ ਦੇ ਵੈਲੀਆਂ ਦਾ ਨਾਂ ਸਾਡੀਆਂ ਕੁਝ ਲੋਕ ਬੋਲੀਆਂ ਵਿਚ ਆਉਂਦਾ ਹੈ। ਪਰ ਜਗਦੀਸ਼ ਉਹਨਾਂ ਵੈਲੀਆਂ 'ਚੋਂ ਨਹੀਂ। ਉਹ ਬੇਹੱਦ ਸਾਊ ਅਥਲੀਟ ਗਿਣਿਆ ਜਾਂਦਾ ਰਿਹਾ। ਇਕ ਮੁਲਾਕਾਤ ਵਿਚ ਮੈਂ ਉਹਦੀ ਜਨਮ ਤਾਰੀਖ ਪੁੱਛੀ ਤਾਂ ਉਹਨੇ ਦੋ ਤਾਰੀਖਾਂ ਦੱਸੀਆਂ। ਇਕ ਅਸਲੀ ਤੇ ਦੂਜੀ ਕਾਗਜ਼ੀ। ਅਸਲੀ ਜਨਮ ਤਾਰੀਖ ਅਨੁਸਾਰ ਉਹ 1938 ਵਿਚ ਜੰਮਿਆ ਸੀ ਪਰ ਸਰਟੀਫਿਕੇਟ ਉਤੇ 9 ਦਸੰਬਰ 1940 ਦਰਜ ਹੈ। ਗੱਲ ਦਰ ਅਸਲ ਇਉਂ ਹੋਈ। ਜਗਦੀਸ਼ ਨੂੰ ਇਕ ਹੋਰ ਮੁੰਡੇ ਨਾਲ ਦਾਖਲ ਕਰਾਇਆ ਗਿਆ। ਉਸ ਮੁੰਡੇ ਦੀ ਜਨਮ ਤਾਰੀਖ 9-12-1940 ਲਿਖ ਕੇ ਜਦੋਂ ਮਾਸਟਰ ਨੇ ਜਗਦੀਸ਼ ਸਿੰਘ ਦੀ ਜਨਮ ਤਾਰੀਖ ਪੁੱਛੀ ਤਾਂ ਕਹਿ ਦਿਤਾ ਗਿਆ, "ਚਲੋ ਇਹਦੀ ਵੀ ਏਨੀ ਈਂ ਲਿਖ ਲਓ!"

ਉਸਨੇ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਪਿੰਡ ਪੱਖੋਵਾਲ ਅਤੇ ਮਿਡਲ ਜਮਾਤਾਂ ਦੀ ਪੜ੍ਹਾਈ ਰਾਇਕੋਟ ਦੇ ਸਕੂਲ ਤੋਂ ਕੀਤੀ। ਉਸ ਦੇ ਘਰ ਵਾਲੇ ਟਰਾਂਸਪੋਰਟ ਦਾ ਕਾਰੋਬਾਰ ਕਰਦੇ ਸਨ ਅਤੇ ਆਮ ਕਿਸਾਨੀ ਵਿਚ ਮੁਕਾਬਲਤਨ ਸੁਖਾਲੇ ਸਨ। ਘਰ ਵਿਚ ਖਾਣ ਪਹਿਨਣ ਨੂੰ ਚੰਗਾ ਸੀ ਤੇ ਉਂਝ ਵੀ ਪਰਵਾਰ ਖੇਡਾਂ ਵੱਲ ਲਗਨ ਰਖਦਾ ਸੀ। ਜਗਦੀਸ਼ ਸਿੰਘ ਦਾ ਚਚੇਰਾ ਭਰਾ ਗੁਰਚਰਨ ਸਿੰਘ ਫੁੱਟਬਾਲ ਦਾ ਤਕੜਾ ਖਿਡਾਰੀ ਸੀ ਤੇ ਨਵੀਂ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਸਮੇਂ 400 ਮੀਟਰ ਦੀ ਦੌੜ ਵਿਚੋਂ ਤਾਂਬੇ ਦਾ ਤਗਮਾ ਜਿਤ ਚੁਕਾ ਸੀ। ਅਜਿਹੇ ਮਾਹੌਲ ਵਿਚ ਜਗਦੀਸ਼ ਸਿੰਘ ਵੀ ਫੁਟਬਾਲ ਤੇ ਦੌੜਾਂ ਵਲ ਸਹਿ-ਸੁਭਾਅ ਹੀ ਖਿਚਿਆ ਗਿਆ।

ਪੱਖੋਵਾਲ ਦੇ ਸਕੂਲ ਦੀ ਫੁਟਬਾਲ ਟੀਮ ਵਾਹਵਾ ਹੁੰਦੀ ਸੀ। ਜਗਦੀਸ਼ ਸਿੰਘ ਨੇ ਨੌਵੀਂ ਦਸਵੀਂ ਪੱਖੋਵਾਲ ਤੋਂ ਕੀਤੀ ਤੇ ਉਥੇ ਹੀ ਉਸ ਨੂੰ ਫੁਟਬਾਲ ਖੇਡਣ ਦੀ ਚੇਟਕ ਲੱਗੀ। 1957 ਵਿਚ ਮੈਟ੍ਰਿਕ ਕਰ ਕੇ ਉਹ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋ ਗਿਆ ਜਿਹੜਾ ਕਿ ਉਹਨੀਂ ਦਿਨੀਂ ਖੇਡਣ ਵਾਲੇ ਮੁੰਡਿਆਂ ਦਾ ਮੱਕਾ ਸੀ। ਉਥੇ ਜਗਦੀਸ਼ ਸਿੰਘ ਹੋਰਾਂ ਦੀ ਫੁੱਟਬਾਲ ਟੀਮ ਯੂਨੀਵਰਸਿਟੀ ਫੁੱਟਬਾਲ ਟੀਮ ਦਾ ਮੈਂਬਰ ਬਣ ਕੇ ਇੰਟਰ-ਵਰਸਿਟੀ ਖੇਡਿਆ। ਉਹ ਨਿੱਗਰ ਲੱਤਾਂ ਨਾਲ ਦੌੜਦਾ ਵੀ ਤੇਜ਼ ਸੀ ਤੇ ਕਿੱਕ ਵੀ ਜ਼ੋਰਦਾਰ ਲਾਉਂਦਾ ਸੀ। ਖਾਲਸਾ ਕਾਲਜ ਵਿਚ ਉਹ ਫੁੱਟਬਾਲ ਖੇਡਣ ਦੇ ਨਾਲ ਅਥਲੈਟਿਕਸ ਵੀ ਕਰਨ ਲਗ ਪਿਆ ਤੇ ਚਾਰ ਸੌ ਮੀਟਰ ਦੌੜ ਦਾ ਯੂਨੀਵਰਸਿਟੀ ਚੈਂਪੀਅਨ ਬਣ ਗਿਆ। ਫਿਰ ਉਸ ਨੇ ਇੰਟਰ-ਵਰਸਿਟੀ ਅਥਲੈਟਿਕ ਮੀਟ ਵਿਚ ਵੀ ਧੁੰਮਾਂ ਪਾਈਆਂ ਤੇ ਪੰਜਾਬ ਪ੍ਰਾਂਤ ਦੀ ਨੁਮਾਇੰਦਗੀ ਕਰਨ ਲੱਗਾ। ਕਾਲਜ ਪੜ੍ਹਦਿਆਂ ਉਹਨੇ ਚਾਰ ਸੌ ਮੀਟਰ ਦੌੜ ਪੰਜਾਹ ਸੰਕਿਟ ਵਿਚ ਲਾ ਕੇ ਨਵਾਂ ਰਿਕਾਰਡ ਸਥਾਪਤ ਕੀਤਾ।

1960 ਵਿਚ ਉਹਨੇ ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਕੇ ਦੌੜਨ ਲਈ ਰੇਲਵੇ ਦੀ ਨੌਕਰੀ ਕਰ ਲਈ। ਉਹਦੇ ਨਾਲ ਹੀ ਉਹਦਾ ਸਾਥੀ ਜਰਨੈਲ ਸਿੰਘ ਸੀ ਜਿਸ ਦੀ ਬਾਅਦ ਵਿਚ ਕਰਾਸ ਕੰਟਰੀ ਲਾਉਂਦਿਆਂ ਮੌਤ ਹੋਈ। ਯਾਰ ਦੇ ਵੈਰਾਗ ਵਿਚ ਉਹਨੀਂ ਦਿਨੀਂ ਜਗਦੀਸ਼ ਸਿੰਘ ਗੁਸਲਖਾਨੇ 'ਚ ਵੜ ਵੜ ਰੋਂਦਾ ਰਿਹਾ। ਰੇਲਵੇ ਵਿਚ ਉਹਨਾਂ ਦੀ ਪਹਿਲੀ ਪੋਸਟਿੰਗ ਬਠਿੰਡੇ ਵਲ ਹੋਈ ਸੀ। ਉਹ ਬਠਿੰਡੇ ਦੀਆਂ ਸੁੰਨੀਆਂ ਸੜਕਾਂ ਤੇ ਰੇਤਲੇ ਟਿੱਬਿਆਂ ਉਤੇ ਜਿਦ ਜਿਦ ਕੇ ਦੌੜਦੇ ਅਤੇ ਬਦਾਮ ਰਗੜ ਕੇ ਪੀਂਦੇ। ਹਨ੍ਹੇਰੇ ਸਵੇਰੇ ਦੌੜਦਿਆਂ ਨੂੰ ਆਮ ਬੰਦਿਆਂ ਨੇ ਕਮਲੇ ਸਮਝਣਾ। ਕਈ ਜ਼ਨਾਨੀਆਂ ਨੇ ਉਹਨਾਂ ਨੂੰ ਚੋਰ ਸਮਝ ਬਹਿਣਾ ਪਰ ਉਹਨਾਂ ਨੇ ਸ਼ੌਕ ਦੇ ਗੇੜੇ ਦੇਈ ਜਾਣੇ।

ਆਖਰ ਉਹ ਸ਼ੌਕ ਦੇ ਗੇੜੇ ਰੰਗ ਲਿਆਏ। 1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਅਥਲੀਟਾਂ ਦੇ ਟਰਾਇਲ ਹੋਏ ਤਾਂ ਜਗਦੀਸ਼ ਸਿੰਘ ਭਾਰਤੀ ਟੀਮ ਵਿਚ ਚੁਣਿਆ ਗਿਆ। ਬੰਗਲੌਰ ਦੇ ਕੋਚਿੰਗ ਕੈਂਪ ਵਿਚ ਉਸ ਨੇ ਜਾਨ ਮਾਰ ਕੇ ਅਭਿਆਸ ਕੀਤਾ ਤੇ ਚਾਰ ਸੌ ਮੀਟਰ ਦੌੜ ਦਾ ਸਮਾਂ 48 ਸਕਿੰਟ ਤੋਂ ਥੱਲੇ ਲੈ ਆਇਆ। ਉਹ 4x400 ਮੀਟਰ ਰਿਲੇਅ ਦੌੜ ਦੀ ਟੀਮ ਦਾ ਮੈਂਬਰ ਬਣਿਆ। ਉਸ ਦੇ ਦੂਜੇ ਸਾਥੀ ਮਿਲਖਾ ਸਿੰਘ, ਮੱਖਣ ਸਿੰਘ, ਤੇ ਦਲਜੀਤ ਸਿੰਘ ਸਨ। ਜਕਾਰਤਾ 'ਚ ਇਹਨਾਂ ਚਾਰਾਂ ਨੇ 4x400 ਮੀਟਰ ਦੌੜ ਤਿੰਨ ਮਿੰਟ 10.2 ਸਕਿੰਟ ਵਿਚ ਦੌੜ ਕੇ ਸੋਨੇ ਦਾ ਤਗਮਾ ਵੀ ਜਿਤਿਆ ਤੇ ਏਸ਼ਿਆਈ ਖੇਡਾਂ ਦਾ ਨਵਾਂ ਰਿਕਾਰਡ ਵੀ ਕਾਇਮ ਕੀਤਾ।



ਜਗਦੀਸ਼ ਸਿੰਘ ਦਾ ਕੱਦ ਪੰਜ ਫੁੱਟ ਨੌਂ ਇੰਚ ਹੈ ਤੇ ਦੌੜਨ ਸਮੇਂ ਭਾਰ 65-66 ਕਿਲੋਗਰਾਮ ਹੁੰਦਾ ਸੀ। ਅਜ ਕੱਲ੍ਹ ਉਹ ਉਤਰੀ ਰੇਲਵੇ ਵਿਚ ਪਰਮਾਨੈਂਟ ਵੇ ਇਨਸਪੈਕਟਰ ਹੈ ਯਾਨੀ ਕਿ ਰੇਲ ਲਾਈਨਾਂ ਦਾ ਨਿਗਰਾਨ। ਉਸ ਦਾ ਹੈਡ ਕੁਆਟਰ ਜਲੰਧਰ ਛਾਉਣੀ ਹੈ ਤੇ ਤਕਰੀਬਨ ਸੌ ਕਿਲੋਮੀਟਰ ਤਕ ਦੀਆਂ ਰੇਲ ਲਾਈਨਾਂ ਦੀ ਉਹਨੂੰ ਨਿਗਰਾਨੀ ਰਖਣੀ ਪੈਂਦੀ ਹੈ। ਆਪਣੇ ਹਿਸੇ ਆਉਂਦੇ ਟਰੈਕ ਨੂੰ ਠੀਕ ਠੀਕ ਰਖਣ ਵਿਚ ਉਹਨੇ ਚਾਰ ਪੰਜ ਵਾਰ ਰੇਲਵੇ ਦਾ ਵਿਸ਼ੇਸ਼ ਇਨਾਮ ਵੀ ਹਾਸਲ ਕੀਤਾ ਹੈ। ਉਹ ਆਪਣੀ ਨੌਕਰੀ ਤੋਂ ਕਾਫੀ ਹੱਦ ਤੱਕ ਸੰਤੁਸ਼ਟ ਹੈ। ਉਹਦੇ ਦੋ ਤਿੰਨ ਅਟੈਚੀਕੇਸ ਸਰਟੀਫਿਕੇਟਾਂ ਤੇ ਹੋਰ ਖੇਡ ਨਿਸ਼ਾਨੀਆਂ ਨਾਲ ਭਰੇ ਪਏ ਹਨ। ਇਨਾਮੀ ਕੱਪਾਂ ਬਦਲੇ ਭਾਂਡੇ ਖਰੀਦ ਲਏ ਗਏ ਹਨ।

ਜਗਦੀਸ਼ ਸਿੰਘ ਨੂੰ ਪਹਿਲੀ ਵਾਰ ਮੈਂ ਪਿੰਡ ਕਮਾਲਪੁਰੇ ਦੇ ਟੂਰਨਾਮੈਂਟ ਵਿਚ ਦੌੜਦਿਆਂ ਵੇਖਿਆ ਸੀ। ਇਸ ਗੱਲ ਨੂੰ ਪੱਚੀ ਛੱਬੀ ਸਾਲ ਹੋ ਗਏ ਹੋਣਗੇ। ਹਾਕੀ ਦੇ ਮੈਦਾਨ ਅੰਦਰ ਮੋੜਾਂ ਉਤੇ ਬੰਦੇ ਖੜ੍ਹੇ ਦਿਤੇ ਗਏ ਸਨ ਤੇ ਦੌੜਨ ਵਾਲਿਆਂ ਨੂੰ ਕਿਹਾ ਗਿਆ ਸੀ ਕਿ ਬੰਦਿਆਂ ਦੇ ਉਪਰ ਦੀ ਗੇੜੇ ਲਾਈ ਚੱਲੋ। ਮੀਲ ਦੀ ਦੌੜ ਦਸ ਜਾਂ ਬਾਰਾਂ ਗੇੜਿਆਂ ਦੀ ਸੀ। ਇਕ ਫੌਜੀ ਮੂਹਰੇ ਦੌੜ ਰਿਹਾ ਸੀ ਤੇ ਜਗਦੀਸ਼ ਦਮ ਰੱਖੀ ਉਹਦੇ ਪਿਛੇ ਚਲ ਰਿਹਾ ਸੀ। ਖੌਰੇ ਗੇੜੇ ਗਿਣਨ ਵਾਲਿਆਂ ਨੂੰ ਭੁਲੇਖਾ ਲੱਗਾ ਜਾਂ ਜਗਦੀਸ਼ ਸਿੰਘ ਹੀ ਗਿਣਤੀ ਖੁੰਝ ਗਿਆ ਕਿ ਦੌੜ ਮੁੱਕਣ ਸਮੇਂ ਜਗਦੀਸ਼ ਸਿੰਘ ਆਖ ਰਿਹਾ ਸੀ, "ਵਨ ਰਾਊਂਡ ਮੋਰ।"

ਪਰ ਪ੍ਰਬੰਧਕਾਂ ਨੇ ਉਹਦੀ ਗੱਲ ਨਾ ਮੰਨੀ। ਜਗਦੀਸ਼ ਸਿੰਘ ਦਿਲੋਂ ਕਾਫੀ ਦੁਖੀ ਸੀ ਕਿ ਪੇਂਡੂ ਟੂਰਨਾਮੈਂਟ ਵਿਚ ਮੀਲ ਦੀ ਦੌੜ ਇਕ ਚੱਕਰ ਪਹਿਲਾਂ ਹੀ ਮੁਕਾ ਦਿਤੀ ਗਈ ਸੀ ਤੇ ਉਸ ਨੇ ਆਖਰੀ ਚੱਕਰ ਵਿਚ ਜੋ ਜ਼ੋਰ ਲਾਉਣਾ ਸੀ ਉਹ ਨਹੀਂ ਸੀ ਲਾਉਣ ਦਿਤਾ ਗਿਆ। ਇਹ ਸਹੀ ਸੀ ਕਿ ਉਹ ਦੌੜ ਜਗਦੀਸ਼ ਸਿੰਘ ਆਰਾਮ ਨਾਲ ਜਿੱਤ ਸਕਦਾ ਸੀ ਪਰ ਪ੍ਰਬੰਧਕਾਂ ਨੇ ਅਣਜਾਣਪੁਣੇ ਕਾਰਨ ਉਸ ਨੈਸ਼ਨਲ ਪੱਧਰ ਦੇ ਅਥਲੀਟ ਨੂੰ ਸਾਧਾਰਨ ਦੌੜਾਂਕ ਹੱਥੋਂ ਹਰਵਾ ਦਿਤਾ ਸੀ। ਇਸ ਪਿਛੋਂ ਉਸ ਨੇ ਅਜਿਹੇ ਟੂਰਨਾਮੈਂਟ ਵਿਚ ਦੌੜਨ ਤੋਂ ਕੰਨਾਂ ਨੂੰ ਹੱਥ ਲਾ ਲਿਆ।

1963 ਵਿਚ ਉਹ ਆਲ ਇੰਡੀਆ ਅਥਲੈਟਿਕ ਮੀਟ ਸਮੇਂ ਚਾਰ ਸੌ ਮੀਟਰ ਦੀ ਦੌੜ ਵਿਚੋਂ 47.7 ਸਕਿੰਟ ਦਾ ਸਮਾਂ ਕੱਢ ਕੇ ਪ੍ਰਥਮ ਆਇਆ ਸੀ। ਚਾਰ ਸੌ ਮੀਟਰ ਦੌੜ ਦੇ ਏਨੇ ਚੰਗੇ ਸਮੇਂ ਨਾਲ ਸੰਭਾਵਨਾ ਪੈਦਾ ਹੋ ਗਈ ਸੀ ਕਿ ਉਹ ਟੋਕੀਓ ਦੀਆਂ ਉਲੰਪਿਕ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰੇਗਾ ਤੇ ਹੋਰ ਵੀ ਚੰਗਾ ਸਮਾਂ ਕੱਢੇਗਾ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸੇ ਸਾਲ ਫੁਟਬਾਲ ਖੇਡਦਿਆਂ ਉਹਦੇ ਖੱਬੇ ਗੋਡੇ ਉਤੇ ਅਜਿਹੀ ਚੋਟ ਲੱਗੀ ਕਿ ਗੋਡੇ ਦਾ ਉਪਰੇਸ਼ਨ ਕਰਾਉਣਾ ਪਿਆ। ਪਰ ਇਲਾਜ ਦੇ ਬਾਵਜੂਦ ਵੀ ਗੋਡਾ ਪੂਰਾ ਠੀਕ ਨਾ ਹੋਇਆ ਤੇ ਜਗਦੀਸ਼ ਸਿੰਘ ਦੀਆਂ ਹੋਰ ਦੌੜਨ ਤੇ ਹੋਰ ਤਗਮੇ ਜਿਤਣ ਦੀਆਂ ਆਸਾਂ ਉਤੇ ਪਾਣੀ ਫਿਰ ਗਿਆ।

ਇਕ ਮੁਲਾਕਾਤ ਵਿਚ ਜਗਦੀਸ਼ ਸਿੰਘ ਨੇ ਦੱਸਿਆ, "ਮੈਨੂੰ ਅਥਲੀਟ ਬਣਾਉਣ ਵਿਚ ਸਭ ਤੋਂ ਵਧ ਹੱਥ ਮੇਰੀ ਮਾਂ ਦਾ ਹੈ। ਉਹਨੇ ਮੈਨੂੰ ਸਵੱਖਤੇ ਈ ਜਗਾ ਦੇਣਾ। ਬਦਾਮ ਰਗੜ ਕੇ ਸਰਕੜਾ ਬਣਾਉਣਾ ਤੇ ਆਖਣਾ ਜਾਹ ਦੌੜ ਕੇ ਆ ਤੇ ਫੇਰ ਪੀਈਂ। ਸਾਡੇ ਘਰ ਦੁੱਧ ਘਿਓ ਦੀ ਕੋਈ ਤੋਟ ਨਹੀਂ ਸੀ। ਮੈਂ ਚਾਅ ਚਾਅ ਵਿਚ ਈ ਦੌੜਦਿਆਂ ਢੇਪਈ ਦੇ ਪੁਲ ਵਲ ਨਿਕਲ ਜਾਣਾ ਤੇ ਗੁੱਜਰਵਾਲ ਵਲ ਦੀ ਗੇੜਾ ਕੱਢ ਕੇ ਪਿੰਡ ਆਉਣਾ। ਦਸ ਗਿਆਰਾਂ ਕਿਲੋਮੀਟਰ ਮੈਂ ਆਰਾਮ ਨਾਲ ਹੀ ਦੌੜ ਜਾਂਦਾ ਸੀ। ਫੇਰ ਮੈਨੂੰ ਬੱਸਾਂ ਨਾਲ ਭੱਜਣ ਦਾ ਸ਼ੌਕ ਹੋ ਗਿਆ। ਮੈਂ ਪਹਿਲਾਂ ਕਮਲਾਪੁਰੇ ਤਕ ਦੌੜ ਕੇ ਆਉਣਾ ਤੇ ਫੇਰ ਬੱਸ ਚਲਾ ਕੇ ਰਾਇਕੋਟ ਲੈ ਜਾਣੀ। ਬੱਸ ਸਾਡੀ ਘਰ ਦੀ ਹੁੰਦੀ ਸੀ।"

ਮੈਂ ਪੁਛਿਆ "ਤੁਸੀਂ ਵਧੇਰੇ ਕਰਕੇ ਖੁਰਾਕ ਕਿਹੋ ਜਿਹੀ ਖਾਂਦੇ ਰਹੇ?"

ਜਗਦੀਸ਼ ਸਿੰਘ ਆਖਣ ਲੱਗਾ, "ਮੈਂ ਵਧੇਰੇ ਕਰ ਕੇ ਬਦਾਮ ਖਾਧੇ। ਬਦਾਮਾਂ ਨਾਲ ਸਟੈਮਿਨਾ ਬਹੁਤ ਬਣਦਾ। ਮੈਂ ਤੇ ਜਰਨੈਲ ਦੋ ਦੋ ਸੌ ਬਦਾਮ ਰਗੜ ਕੇ ਪੀ ਜਾਂਦੇ ਸੀ। ਉਦੋਂ ਬਦਾਮ ਸੀ ਵੀ ਸਸਤੇ। ਹੁਣ ਤਾਂ ਕਿਸੇ ਨੇ ਸਾਡੇ ਜਿੰਨੇ ਬਦਾਮ ਖਾਣੇ ਹੋਣ ਤਾਂ ਊਂ ਈ ਦਿਵਾਲਾ ਨਿਕਲ ਜੇ। ਮੈਂ ਜੂਸ ਵੀ ਬਹੁਤ ਪੀਤਾ। ਅਸੀਂ ਦਿਹਾੜੀ 'ਚ ਸੋਲਾਂ ਸੋਲਾਂ ਰੁਪਏ ਦਾ ਜੂਸ ਪੀ ਜਾਂਦੇ ਸੀ। ਉਹਨਾਂ ਦਿਨਾਂ ਦੇ ਸੋਲਾਂ ਰੁਪਏ ਤੁਸੀਂ ਹਿਸਾਬ ਲਾ ਲਓ ਕਿੰਨੇ ਹੁੰਦੇ ਸੀ?'

"ਦੁੱਧ ਘਿਓ ਦੀ ਵਰਤੋਂ?"

"ਦੁਧ ਘਿਓ ਮੈਂ ਹਿਸਾਬ ਦਾ ਹੀ ਪੀਂਦਾ ਖਾਂਦਾ ਸੀ। ਬਹੁਤਾ ਨਹੀਂ। ਜਰਨੈਲ ਦੁਧ ਦਾ ਬਹੁਤ ਸ਼ੌਕੀਨ ਸੀ। ਉਹ ਜਰਮਨੀ ਜਾ ਕੇ ਵੀ ਦੁਧ ਈ ਮੰਗਦਾ ਰਿਹਾ। ਬਲਦੇਵ ਵੀ ਦੁਧ ਬਹੁਤ ਪੀਂਦਾ ਸੀ। ਇਕੇਰਾਂ ਉਹ ਦੁਧ ਦਾ ਡੋਲਣਾ ਪੀਣ ਪਿਛੋਂ ਭੱਜ ਕੇ ਗੱਡੀ ਚੜ੍ਹਿਆ ਤੇ ਆਪਣਾ ਗਲ ਦੋਹਾਂ ਹੱਥਾਂ ਨਾਲ ਫੜ ਕੇ ਗੱਡਧੀ 'ਚ ਬੈਠਾ ਰਿਹਾ। ਮੈਂ ਪੁਛਿਆ — ਗਲ ਕਿਉਂ ਫੜਿਆ? ਕਹਣਿ ਲੱਗਾ ਦੁਧ ਬਾਹਰ ਆਉਂਦਾ ਸੀ ਮਸਾਂ ਘੁੱਟ ਕੇ ਅੰਦਰ ਰਖਿਆ!"

ਮੈਂ ਕਿਹਾ, "ਕੋਚਿੰਗ ਕੈਂਪ ਤੁਹਾਡੇ ਕਿਹੋ ਜਿਹੇ ਹੁੰਦੇ ਸੀ।

ਜਗਦੀਸ਼ ਸਿੰਘ ਦੱਸਣ ਲੱਗਾ "ਉਦੋਂ ਕੋਚਿੰਗ ਕੋਈ ਬਹੁਤੀ ਸਾਇੰਟਿਫਿਕ ਨਹੀਂ ਸੀ। ਉਂਜ ਕੈਂਪਾਂ ਵਿਚ ਸਾਡਾ ਜੀਅ ਬੜਾ ਲਗਦਾ ਸੀ। ਮਿਹਨਤ ਵੀ ਕਰੀਦੀ ਸੀ ਤੇ ਹਾਸਾ ਖੇਡਾ ਵੀ ਚਲਦਾ ਸੀ।"

"ਹਾਸਾ ਖੇਡਾ ਭਲਾ ਕਿਹੋ ਜਿਹਾ?"

"ਏਹੋ ਬਈ ਇਕ ਦੂਜੇ ਨੂੰ ਟਿੱਚਰ ਮਖੌਲ ਕਰਨੇ ਤੇ ਇਕ ਦੂਜੇ ਦੀ ਖਾਣ ਵਾਲੀ ਚੀਜ਼ ਚੋਰੀਓਂ ਖਾ ਜਾਣੀ। ਓਦੋਂ ਕੋਈ ਗੁੱਸਾ ਨਹੀਂ ਸੀ ਕਰਦਾ। 'ਕੇਰਾਂ ਹੈਮਰ ਵਾਲਾ ਨਿਰਮਲ ਪਿੰਡੋਂ ਘਿਓ ਲਿਆਇਆ ਤੇ ਉਹਨੂੰ ਨੰਬਰਾਂ ਵਾਲੀ ਜਿੰਦੀ ਲਾ ਛੱਡੀ। ਅਸੀਂ ਇਕ ਦਿਨ ਨੰਬਰ ਘੁੰਮਾਉਂਦਿਆਂ ਨੇ ਉਹ ਜਿੰਦੀ ਖੋਲ੍ਹ ਲਈ ਤੇ ਨੰਬਰ ਨੋਟ ਕਰ ਲਿਆ। ਕੌਲੀ ਘਿਓ ਦੀ ਉਹ ਨਿੱਤ ਕੱਢ ਲਿਆ ਕਰੇ ਤੇ ਕੌਲੀ ਡੂਢ ਕੌਲੀ ਅਸੀਂ ਕੱਢ ਲਿਆ ਕਰੀਏ। ਜਿਵੇਂ ਜਿਵੇਂ ਘਿਓ ਥੱਲੇ ਨੂੰ ਤੁਰੇ ਨਿਰਮਲ ਡੌਲੇ ਕੱਢ ਕੇ ਆਖੇ-ਦੇਖੋ ਜੱਟ ਦੇ ਡੌਲੇ। ਮੱਲਾ ਘਿਓ ਖਾਈਦਾ ਥੋਡੇ ਆਂਗ ਸੁੱਕੀਆਂ ਰੋਟੀਆਂ ਨੀ ਚੱਬੀਦੀਆਂ। ਅਸੀਂ ਵੀ ਵਡਿਆ ਦੇਣਾ ਬਈ ਘਿਉ ਨਾਲ ਤਾਂ ਡੌਲੇ ਬਨਣੇ ਹੀ ਏਹੇ! ਉਹਦੀ ਪੀਪੀ ਮਹੀਨੇ ਦੀ ਥਾਂ ਦਸਾਂ ਬਾਰਾਂ ਦਿਨਾਂ ਵਿਚ ਈ ਮੁਕਗੀ ਤਾਂ ਆਖਣ ਲੱਗਾ ਯਾਰੋ ਹੱਦ ਹੋਗੀ। ਹੁਣ ਤਾਂ ਖੁਰਾਕ ਖਾਣ ਆਲਾ ਲੋਹੜਾ ਈ ਆ ਗਿਆ। ਲੈ ਪਸੇਰੀ ਘਿਉ ਮੈਂ ਦਸਾਂ ਦਿਨਾ 'ਚ ਈ ਖਾ ਗਿਆ। ਉਹਦੀਆਂ ਗੱਲਾਂ ਸੁਣ ਕੇ ਸਾਡੇ ਢਿੱਡ ਹੱਸੀ ਜਾਣ। ਇਹੋ ਜਿਹਾ ਹਾਸਾ ਖੇਡਾ ਆਮ ਚਲਦਾ ਸੀ। ਕੋਤੋਚਿੰਗ ਕੈਂਪ ਤੋਂ ਵਾਪਸ ਜਾ ਕੇ ਸਾਡਾ ਕਈ ਦਿਨ ਜੀਅ ਨਾਲਗਣਾ।"

ਮੈਂ ਪੁਛਿਆ, "ਤੁਸੀਂ ਇਹ ਦੱਸੋ ਕਿ ਨਵੇਂ ਮੁੰਡੇ ਖੇਡਾਂ 'ਚ ਕਿਵੇਂ ਤਰੱਕੀ ਕਰ ਸਕਦੇ ਆ?'

ਜਗਦੀਸ਼ ਸਿੰਘ ਨੇ ਆਖਿਆ, "ਮੈਂ ਸਮਝਦਾ ਮਿਹਨਤ ਸਭ ਤੋਂ ਜ਼ਰੂਰੀ ਆ। ਜਿਹੜਾ ਕੋਈ ਖਿਡਾਰੀ ਮਿਹਨਤ ਤੋਂ ਕੰਨੀ ਕਤਰਾਉਂਦਾ ਉਹ ਉਪਰ ਨਹੀਂ ਉਠ ਸਕਦਾ। ਮਿਲਖਾ ਸਿੰਘ ਇਕੱਲੀ ਮਿਹਨਤ ਦੇ ਸਿਰ 'ਤੇ ਈ ਏਨਾ ਚੜ੍ਹਿਆ ਸੀ। ਅਥਲੈਟਿਕਸ ਤਾਂ ਹੈ ਈ ਸੱਚੀ ਮਿਹਨਤ ਤੇ ਤਪੱਸਿਆ।"

ਮੈਂ ਆਖਰੀ ਗੱਲ ਪੁਛੀ, "ਤੁਸੀਂ ਕਿਸੇ ਗੈਬੀ ਸ਼ਕਤੀ ਵਿਚ ਵੀ ਵਿਸ਼ਵਾਸ਼ ਰਖਦੇ ਓ?"

ਜਗਦੀਸ਼ ਸਿੰਘ ਕਹਿਣ ਲੱਗਾ, "ਨਹੀਂ। ਮੇਰੇ ਕੁਛ ਦੋਸਤ ਜ਼ਰੂਰ ਇਹੋ ਜਿਹੇ ਵਹਿਮ ਰਖਦੇ ਆ ਕਿ ਫਲਾਣਾ ਕੱਛਾ ਪਾ ਕੇ ਭੱਜੀਏ ਤਾਂ ਫਸਟ ਆਈਦਾ ਜਾਂ ਫਲਾਣੀ ਬੁਨੈਣ ਹਾਰ ਦਿਖਾਉਂਦੀ ਆ। ਮੈਂ ਸਮਝਦਾ ਬੰਦੇ ਨੇ ਮਿਹਨਤ ਕੀਤੀ ਏਵੇ ਤਾਂ ਉਹਦੀ ਆਪਣੇ ਆਪ ਵਿੱਲ ਪਾਵਰ ਬਣ ਜਾਂਦੀ ਆ ਤੇ ਮਿਹਨਤ ਨੂੰ ਕੋਈ ਵੀ ਗੈਬੀ ਤਾਕਤ ਰੋਕ ਨਹੀਂ ਸਕਦੀ।"